# ਅਹਿਸਾਸ

(ਹਿੰਦੀ ਦੀਆਂ ਅਨੁਵਾਦਤ ਕਹਾਣੀਆਂ)

## ਏਸੇ ਕਲਮ ਤੋਂ

ਸੁਲਘਦੇ ਬੋਲ - 2000

ਮਾਣ-ਏ-ਫ਼ਰੀਦਕੋਟ (ਸੰਪਾਦਨਾ) - 2000

ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ - 2002

ਜਸਵੰਤ ਰਾਏ ਬੱਲ੍ਹੋ (ਜੀਵਨ ਤੇ ਸਮਾਜ ਸੇਵਾ)-(ਛਪਵਾਈ ਅਧੀਨ)

ਡਾ. ਨਿਰਮਲ ਕੌਸ਼ਿਕ (ਜੀਵਨ ਤੇ ਰਚਨਾ ਸੰਸਾਰ)-(ਛਪਵਾਈ ਅਧੀਨ)

ਫ਼ਰੀਦਕੋਟ ਦਾ ਇਤਿਹਾਸਕ ਝਰੋਖਾ (ਛਪਵਾਈ ਅਧੀਨ)

# ਅਹਿਸਾਸ

*(ਹਿੰਦੀ ਦੀਆਂ ਅਨੁਵਾਦਤ ਕਹਾਣੀਆਂ)*

ਅਨੁਵਾਦਕ

**ਸਵਰਨ ਸਿੰਘ ਟਹਿਣਾ**

**ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ**


**ਅਹਿਸਾਸ**
(ਹਿੰਦੀ ਦੀਆਂ ਅਨੁਵਾਦਤ ਕਹਾਣੀਆਂ)
**ਅਨੁਵਾਦਕ :**


***ਸਵਰਨ ਸਿੰਘ ਟਹਿਣਾ***
V.P.O. ਟਹਿਣਾ
ਜ਼ਿਲ੍ਹਾ ਤੇ ਤਹਿ. ਫਰੀਦਕੋਟ - 151203


ਪਹਿਲੀ ਵਾਰ : ਫਰਵਰੀ, 2002


© ਅਨੁਵਾਦਕ


**ਪ੍ਰਕਾਸ਼ਕ :**
***ਵਿਸ਼ਵ ਭਾਰਤੀ ਪ੍ਰਕਾਸ਼ਨ,***
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਬਰਨਾਲਾ
ਫੋਨ : 0167-3933244, 3941744
e-mail : amitter@jla.vsnl.net.in
www.thepunjabi.com

**ਛਾਪਕ : ਇੰਟੀਲੈਕਚੂਅਲ ਪ੍ਰਿੰਟਰਜ਼, ਜਲੰਧਰ।**

**ਕੀਮਤ : ਪੇਪਰ ਬੈਕ 25 ਰੁਪਏ**
**ਸਜਿਲਦ 60 ਰੁਪਏ**

## ਸਮਰਪਿਤ

ਸਾਹਿਤ ਦੇ ਉਨ੍ਹਾਂ ਸੂਝਵਾਨ
ਪਾਠਕਾਂ ਨੂੰ, ਜੋ ਸਾਹਿਤ ਦੀ
ਹਰ ਤਿਨਫ਼ ਨੂੰ ਰੱਜ ਕੇ ਪੜ੍ਹਦੇ
ਤੇ ਵਿਚਾਰਦੇ ਹਨ।



## ਸਹਿਯੋਗੀ ਸੱਜਣ

1. ਸ੍ਰੀ ਜਸਵੰਤ ਰਾਏ ਬੱਲੋਂ (ਸਮਾਜ ਸੇਵਕ, ਰਾਮਪੁਰਾ)
2. ਸ: ਇੰਦਰਜੀਤ ਸਿੰਘ ਸੇਖੋਂ (ਸੀਨੀ: ਐਡਵੋਕੇਟ)
3. ਮਾ: ਜਸਵੰਤ ਸਿੰਘ (ਗਰੀਨ ਐਵੀਨਿਊ ਫ਼ਰੀਦਕੋਟ)
4. ਭਾਈ ਰਣਜੀਤ ਸਿੰਘ ਚੰਦਨ (ਪ੍ਰਸਿੱਧ ਕੀਰਤਨੀਏ)
5. ਹਰਿੰਦਰ ਸੰਧੂ (ਲੋਕ ਗਾਇਕ)
6. ਜਸਬੀਰ ਜੱਸੀ (ਮੰਚ ਸੰਚਾਲਕ)
7. ਭਿੰਦੇ ਸ਼ਾਹ (ਗੀਤਕਾਰ)
8. ਲਛਮਣ ਭਾਣਾ, ਅਰਮਜੀਤ ਸੇਖੋਂ (ਫ਼ਿਲਮੀ, ਟੀ.ਵੀ ਕਲਾਕਾਰ)
9. ਸੈਮ ਬਰਾੜ (ਲੰਡਨ, ਯੂ. ਕੇ.)

# ਕੁੱਝ ਸ਼ਬਦ ਅਨੁਵਾਦ ਤੇ ਅਨੁਵਾਦਕ ਬਾਰੇ

ਪੰਜਾਬੀ ਲੇਖਣੀ ਦੇ ਖੇਤਰ ਦਾ ਘੇਰਾ ਪਹਿਲਾਂ ਨਾਲੋਂ ਕਾਫੀ ਵਿਕਾਸ ਹੋਇਆ ਨਜ਼ਰੀਂ ਪੈਂਦਾ ਹੈ। ਹੋਰਨਾਂ ਕਈ ਕਾਰਨਾਂ ਦੇ ਨਾਲ-ਨਾਲ ਇਸਦਾ ਇੱਕ ਕਾਰਨ ਇਹ ਵੀ ਹੈ ਕਿ ਅਜੋਕੇ ਲੇਖਕਾਂ, ਚਿੰਤਕਾਂ ਅਤੇ ਅਲੋਚਕਾਂ ਨੇ ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਪੰਜਾਬੀ ਲੇਖਣੀ ਦੇ ਡਿੱਗਦੇ ਗ੍ਰਾਫ਼ ਨੂੰ ਸੰਭਾਲਣ ਲਈ ਕਾਫੀ ਵਿਕਾਸਸ਼ੀਲ ਪੁਲਾਘਾਂ ਪੁੱਟੀਆਂ ਹਨ ਤਾਂ ਜੋ ਪੰਜਾਬੀ ਮਾਂ ਬੋਲੀ ਵਿੱਚ ਰਚੀਆਂ ਸਾਹਿਤਕ ਕਿਰਤਾਂ ਯੁੱਗਾਂ-ਯੁੱਗਾਂ ਤੱਕ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਸਿੱਧ ਹੋ ਸਕਣ। ਆਪਣੀ ਉਮਰ ਦੇ ਤਕਾਜ਼ੇ ਮੁਤਾਬਿਕ ਹੰਢੇ-ਵਰਤੇ ਲੇਖਕ ਅਤੇ ਬੁੱਧੀਜੀਵੀ ਜਿੱਥੇ ਪੰਜਾਬੀ ਲੇਖਣੀ ਦੁਆਰਾ ਇਸ ਸੰਸਾਰਿਕ ਰਵੱਈਏ ਵਿੱਚ ਆ ਰਹੀ ਗਿਰਾਵਟ ਨੂੰ ਸੁਧਾਰਨ ਲਈ ਯਤਨਸ਼ੀਲ ਹਨ, ਉੱਥੇ ਅਜੋਕੇ ਨੌਜਵਾਨ ਲੇਖਕਾਂ ਦੁਆਰਾ ਪੂਰੇ ਤਨ, ਮਨ ਨਾਲ ਪੰਜਾਬੀ ਲੇਖਣੀ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਨੂੰ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ ਤੇ ਉਨ੍ਹਾਂ ਨੌਜਵਾਨ ਲੇਖਕਾਂ ਦਾ ਨਾਂ ਦਿਲੋ-ਦਿਮਾਗ਼ ਵਿੱਚ ਚਿਤਵਦਿਆਂ ਹੀ ਛੋਟੀ ਜਿਹੀ ਉਮਰ ਦੇ ਨੌਜਵਾਨ ਲੇਖਕ ਸਵਰਨ ਸਿੰਘ ਟਹਿਣਾ ਦਾ ਨਾਂ ਆਪ ਮੁਹਾਰੇ ਜ਼ੁਬਾਨ 'ਤੇ ਆ ਜਾਂਦਾ ਹੈ।

ਦੇਖਣ ਵਿੱਚ ਭੋਲਾ-ਭਾਲਾ ਜਿਹਾ ਦਿਸਣ ਵਾਲਾ ਸਵਰਨ ਪਿਛਲੇ ਚਾਰ-ਪੰਜ ਵਰ੍ਹਿਆਂ ਤੋਂ ਆਪਣੀ ਲੇਖਣੀ ਦੇ ਖੇਤਰ ਪ੍ਰਤੀ ਖਾਸਾ ਚੁਸਤ ਹੈ। ਨਿੱਤ ਦਿਨ ਪੰਜਾਬੀ ਦੇ ਨਾਮਵਰ ਅਖ਼ਬਾਰਾਂ/ਰਸਾਲਿਆਂ 'ਚ ਉਸਦੇ ਭਾਂਤ-ਸੁਭਾਂਤੇ ਵਿਸ਼ਿਆਂ 'ਤੇ ਛਪਦੇ ਲੇਖਾਂ ਨੇ ਸਿੱਧ ਕਰ ਦਿੱਤਾ ਹੈ ਕਿ ਉਮਰ ਦੇ ਮੁਕਾਬਲਤਨ ਉਸਦੀ ਸੋਚ ਦਾ ਦਾਇਰਾ ਖਾਸਾ ਵਿਸ਼ਾਲ ਹੈ। ਸਵਰਨ ਇਸਤੋਂ ਪਹਿਲਾਂ ਵੀ "ਸੁਲਘਦੇ ਬੋਲ" "ਮਾਣ-ਏ-ਫ਼ਰੀਦਕੋਟ" ਅਤੇ "ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ" ਕਿਤਾਬਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿੱਚ ਪਾ ਚੁੱਕਾ ਹੈ, ਜੋ ਉਸਦੀ ਲੇਖਣੀ ਪ੍ਰਤੀ ਪ੍ਰਪੱਕਤਾ ਦਰਸਾਉਣ ਵਿੱਚ ਸਹਾਈ ਸਿੱਧ ਹੋਈਆਂ ਹਨ।

ਸਵਰਨ ਦੁਆਰਾ ਅਨੁਵਾਦਿਤ ਕੀਤੀਆਂ ਗਈਆਂ ਕਹਾਣੀਆਂ ਦੀ ਹਥਲੀ ਪੁਸਤਕ ਜਿੱਥੇ ਉਸਦੇ ਸਿਰੜੀ ਅਤੇ ਮਿਹਨਤੀ ਲੇਖਕ ਹੋਣ ਬਾਰੇ ਚਾਨਣਾ ਪਾਉਂਦੀ ਹੈ, ਉੱਥੇ ਉਸਦੇ ਅਨੁਵਾਦ ਕਾਰਜ ਨੂੰ ਵੀ ਬਾਖੂਬੀ ਪੇਸ਼ ਕਰਦੀ ਹੈ। ਭਾਂਤ ਸੁਭਾਂਤੇ ਵਿਸ਼ਿਆਂ 'ਤੇ ਅਧਾਰਿਤ ਇੰਨਾਂ ਅਨੁਵਾਦਿਤ ਕਹਾਣੀਆਂ ਵਿੱਚੋਂ ਸਿੱਖਿਆਦਾਇਕ, ਅਗਾਂਹ ਵਧੂ, ਰੋਚਕਮਈ ਅਤੇ ਰੋਮਾਂਟਿਕ ਪੱਖ ਰੂਪਮਾਨ ਹੁੰਦੇ ਹਨ। ਕਹਾਣੀਆਂ ਦੀ ਚੋਣ ਜਿੱਥੇ ਮਨ ਨੂੰ ਮੋਹਨ ਵਾਲੀ ਹੈ ਉੱਥੇ ਕਹਾਣੀਆਂ ਦਾ ਅਨੁਵਾਦ ਵੀ ਇਸ ਤਰੀਕੇ ਨਾਲ ਕੀਤਾ ਗਿਆ ਹੈ ਕਿ ਇੰਨ੍ਹਾਂ ਵਿੱਚੋਂ ਕਈ ਵਾਰ ਮੌਲਿਕਤਾ ਦੀ ਝਲਕ ਦਿਖਾਈ ਦੇਣ ਲੱਗਦੀ ਹੈ। ਨਿਰਸੰਦੇਹ ਸਵਰਨ ਸਿੰਘ ਟਹਿਣਾ ਦੁਆਰਾ ਅਨੁਵਾਦਿਤ ਖੇਤਰ ਵਿੱਚ ਮਾਰਿਆ ਇਹ ਮਾਰਅਕਾ ਵੀ ਸ਼ਲਾਘਾਯੋਗ ਹੈ। ਮੈਨੂੰ ਉਮੀਦ ਹੈ ਕਿ ਉਸਦੀ ਇਹ ਪੁਸਤਕ ਵੀ ਪਾਠਕ ਵਰਗ ਨੂੰ ਜ਼ਰੂਰ ਪਸੰਦ ਆਵੇਗੀ। ਮੇਰੀਆਂ ਸ਼ੁੱਭ ਕਾਮਨਾਵਾਂ ਲੇਖਕ ਦੇ ਨਾਲ ਹਨ।

**- ਮੇਘ ਰਾਜ ਮਿੱਤਰ**

*ਕੱਚਾ ਕਾਲਜ ਰੋਡ, ਤਰਕਸ਼ੀਲ ਨਿਵਾਸ, ਬਰਨਾਲਾ।*



# ਮੇਰੀ ਕਿਤਾਬੀ ਚੇਟਕਤਾ

ਨੌਂਵੀ-ਦਸਵੀਂ ਕਲਾਸ 'ਚ ਪੜ੍ਹਦਿਆਂ ਹੀ ਮੈਨੂੰ ਸਾਹਿਤਕ ਕਿਤਾਬਾਂ ਪੜ੍ਹਨ ਦੀ ਚੇਟਕ ਜਿਹੀ ਲੱਗ ਗਈ। ਸੋ ਮੈਂ ਵੀ ਅਖ਼ਬਾਰਾਂ ਰਸਾਲਿਆਂ ਨੂੰ ਛੋਟੇ ਮੋਟੇ ਬਾਲ ਗੀਤ 'ਤੇ ਕਹਾਣੀਆਂ ਆਦਿ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਜਦ ਮੇਰੀਆਂ ਲਿਖੀਆਂ ਲਿਖਤਾਂ ਅਖ਼ਬਾਰਾਂ ਰਸਾਲਿਆਂ 'ਚ ਛਪਦੀਆਂ ਤਾਂ ਮੈਂ ਫੁੱਲਿਆ ਨਾ ਸਮਾਉਂਦਾ। ਸਕੂਲੀ ਅਧਿਆਪਕ ਤੇ ਪਿੰਡ ਵਾਲੇ ਮੈਨੂੰ ਹੌਂਸਲਾ ਦਿੰਦੇ, "ਬਈ ਕਾਕਾ, ਇਉਂ ਈ ਲਿਖੀ ਚੱਲੀਂ, ਮਿਹਨਤ ਦਾ ਪੱਲਾ ਨਾ ਛੱਡੀਂ, ਕਿਸੇ ਨਾ ਕਿਸੇ ਦਿਨ ਤੇਰੀ ਮਿਹਨਤ ਜ਼ਰੂਰ ਰੰਗ ਲਿਆਊ।" ਚਾਹੇ ਹਾਲੇ ਤੱਕ ਮੈਂ ਸੇਰ 'ਚੋਂ ਪੂਣੀ ਵੀ ਨਹੀਂ ਕੱਤੀ ਪ੍ਰੰਤੂ ਸੰਗੀ ਸਾਥੀਆਂ ਅਤੇ ਅਧਿਆਪਕਾਂ ਵੱਲੋਂ ਮਿਲੇ ਸਹਿਯੋਗ ਨੇ ਮੇਰੀ ਇਸ ਚੇਟਕਤਾ ਨੂੰ ਵਧਾਇਆ। ਸੋ ਸ਼ੁਰੂਆਤੀ ਦੌਰ ਤੋਂ ਮਿਲੇ ਸੁਚੱਜੇ ਸਹਿਯੋਗ ਦੀ ਬਦੌਲਤ ਅਖ਼ਬਾਰਾਂ-ਰਸਾਲਿਆਂ 'ਚ ਲਿਖਤਾਂ ਲਿਖਣ ਵਾਲੀ ਮੇਰੀ ਇਹੀ ਚੇਟਕਤਾ ਕਿਤਾਬੀ ਖੇਤਰ ਵੱਲ ਉਤਸੁਕ ਹੋ ਗਈ।

ਬਾਰਵੀਂ ਕਲਾਸ 'ਚ ਪੜ੍ਹਦਿਆਂ ਸਾਹਿਤਕ ਰੰਗਤ ਵਾਲੇ ਅਧਿਆਪਕਾਂ ਨਾਲ ਮੇਲ ਜੋਲ ਹੋਣ ਸਦਕਾ ਮੈਂ ਇਸ ਖੇਤਰ ਵਿੱਚ ਪਹਿਲਾਂ ਨਾਲੋਂ ਵੀ ਵਧੇਰੇ ਦਿਲਚਸਪੀ ਲੈਣ ਲੱਗਾ। ਮੇਰੇ ਹਰ ਵੇਲੇ ਕਾਪੀ-ਪੈੱਨ ਚੁੱਕ ਕੇ ਲਿਖਦੇ ਰਹਿਣ ਕਰਕੇ ਕਈ ਵਾਰ ਘਰਦਿਆਂ ਨੇ ਗੁੱਸਾ ਵੀ ਕਰ ਜਾਣਾ ਤੇ ਉਨ੍ਹਾਂ ਮੈਨੂੰ ਝਿੜਕਦਿਆਂ ਕਹਿਣਾ, "ਤੈਨੂੰ ਜਦੋਂ ਦੇਖੀਦੈ ਤੂੰ ਆਹ ਕਾਪੀ-ਪੈਨਸਲ ਜੇਹੀ ਚੁੱਕ ਕੇ ਮੱਥਾ ਮਾਰੀ ਜਾਂਦਾ ਰਹਿਨੈਂ, ਆਵਦੀ ਕਿਤਾਬ ਆਲਾ ਵੀ ਕੋਈ ਅੱਖਰ ਪੜ੍ਹ ਲਿਆ ਕਰ, ਇਉਂ ਨਾ ਹੋਵੇ ਬਈ ਇਨ੍ਹਾਂ ਕੰਮਾਂ ਜੋਗਾ ਈ ਰਹਿ ਜਾਵੇਂ ਤੇ ਬਾਰਵੀਂ 'ਚੋਂ ਤੇਰਾ ਪੱਤਾ ਈ ਕੱਟਿਆ ਜਾਵੇ।" ਪ੍ਰੰਤੂ ਹੌਲੀ-ਹੌਲੀ ਘਰਦਿਆਂ ਨੂੰ ਵੀ ਪਤਾ ਲੱਗ ਗਿਆ ਕਿ ਸਾਡਾ ਮੁੰਡਾ ਏਸ ਕੰਮ ਨੂੰ ਨਹੀਂ ਛੱਡ ਸਕਦਾ ਤੇ ਉਨ੍ਹਾਂ ਵੀ ਮੇਰੀ 'ਹਾਂ' 'ਚ 'ਹਾਂ' ਮਿਲਾਉਣੀ ਸ਼ੁਰੂ ਕਰ ਦਿੱਤੀ।

ਬੀ. ਏ. ਭਾਗ ਤੀਜਾ ਦੇ ਪੇਪਰ ਹੋਣ 'ਚ ਹਾਲੇ ਮਹੀਨਾ ਕੁ ਹੀ ਰਹਿੰਦਾ ਸੀ ਕਿ ਮੇਰੀ ਪਲੇਠੀ ਪੁਸਤਕ 'ਸੁਲਘਦੇ ਬੋਲ' ਛਪੀ। ਫਿਰ ਉਸ ਤੋਂ ਬਾਅਦ ਫ਼ਰੀਦਕੋਟ ਦੀਆਂ ਚੋਣਵੀਆਂ ਅਗਾਂਹ ਵਧੂ ਸਖਸ਼ੀਅਤਾਂ 'ਤੇ ਮੈਂ ਤੇ ਮੇਰੇ ਦੋਸਤ ਜਗਸੀਰ ਪੱਖੀ ਨੇ 'ਮਾਣ-ਏ-ਫ਼ਰੀਦਕੋਟ' ਨਾਮਕ ਪੁਸਤਕ ਦੀ ਸੰਪਾਦਨਾ ਕੀਤੀ। ਉਸ ਤੋਂ ਬਾਅਦ ਯਾਰਾਂ ਮਿੱਤਰਾਂ ਦੇ ਕਹਿਣ 'ਤੇ ਕਿ ਤੂੰ ਕਿਸੇ ਨਾ ਕਿਸੇ ਖੇਤਰ 'ਚ ਨਾਮਣਾ ਖੱਟਣ ਵਾਲੀਆਂ ਸਖਸ਼ੀਅਤਾਂ ਦੇ ਜੀਵਨ ਪੰਧ 'ਤੇ ਪੁਸਤਕਾਂ ਲਿਖਣੀਆਂ ਸ਼ੁਰੂ ਕਰ ਤਾਂ "ਪਾਲੀ ਪਾਣੀ ਖੂਹ ਤੋਂ ਭਰੇ" ਵਾਲੇ ਪ੍ਰਸਿੱਧ ਪੁਰਾਤਨ ਲੋਕ ਗੀਤ ਵਾਲੇ ਗਾਇਕ ਗੁਰਪਾਲ ਸਿੰਘ ਪਾਲ ਦੇ ਜੀਵਨ ਪੰਧ ਅਤੇ ਗਾਇਕੀ ਸਫ਼ਰ 'ਤੇ ਪੁਸਤਕ ਲਿਖੀ। ਪੁਸਤਕ ਨੂੰ ਭਰਪੂਰ ਹੁੰਗਾਰਾ ਮਿਲਿਆ ਤੇ ਅਣਗਿਣਤ ਚਿੱਠੀਆਂ ਆਈਆਂ, ਜਿੰਨਾਂ 'ਚ ਪਾਲ ਜੀ ਦੇ ਜੀਵਨ ਪੰਧ ਨੂੰ ਰੁਸ਼ਨਾਉਣ ਵਾਲੇ ਤੱਥਾਂ ਦੀ ਸਿਫ਼ਤ ਕੀਤੀ ਹੁੰਦੀ ਸੀ। ਕਈ ਸਾੜਾ ਕਰਨ ਵਾਲਿਆਂ ਨੇ ਨਘੋਚਾਂ ਵੀ ਕੀਤੀਆਂ, ਬਰਗਾੜੀ ਸਥਿਤ ਸਾਡੇ ਇੱਕ ਰਿਸ਼ਤੇਦਾਰ ਨੇ ਕਿਸੇ ਕੋਲ ਗੱਲ ਕੀਤੀ, "ਇਉਂ ਲਿਖਣ-ਲੁਖਣ ਦਾ ਕੀ ਫਾਇਦੈ, ਕੱਲ ਦਾ ਛੋਹਰੂ ਐ, ਐਂਵੇ ਸਾਰੀ ਦਿਹਾੜੀ ਨੂੰਏ ਵਾਂਗੂੰ ਟੱਪੀ ਜਾਂਦਾ ਰਹਿੰਦੈ, ਭਲਾਂ ਇਉਂ

ਹਰਲ-ਹਰਲ ਕਰਦੇ ਫਿਰਨ ਦਾ ਕੀ ਫਾਇਦੈ ?" ਪਰ ਮੈਂ ਸਮਝਿਆ ਕਿ ਵਾਕਿਆ ਈ ਕੱਟੇ ਅੱਗੇ ਬੀਨ ਵਜਾਉਣ ਦਾ ਕੋਈ ਫ਼ਾਇਦਾ ਨਹੀਂ।

ਇੱਕ ਦਿਨ ਪ੍ਰੋ: ਦਲਬੀਰ ਸਿੰਘ, ਜੋ ਫ਼ਰੀਦਕੋਟ ਦੇ ਸੱਭਿਆਚਾਰਕ ਸਮਾਗਮਾਂ ਦੇ ਮੰਨੇ ਪ੍ਰਮੰਨੇ ਹਸਤਾਖਰ ਹਨ, ਨੇ ਮੈਨੂੰ ਕਿਹਾ ਕਿ, "ਪੁੱਤਰਾਂ ਤੇਰੀਆਂ ਹੁਣ ਤੱਕ ਜਿੰਨੀਆਂ ਵੀ ਅਨੁਵਾਦਿਤ ਕਹਾਣੀਆਂ ਅਖ਼ਬਾਰਾਂ-ਰਸਾਲਿਆਂ 'ਚ ਛਪੀਆਂ ਨੇ, ਉਨ੍ਹਾਂ 'ਚੋਂ ਚੋਣਵੀਆਂ ਕਹਾਣੀਆਂ ਨੂੰ ਜੇ ਤੂੰ ਕਿਤਾਬੀ ਰੂਪ ਦੇ ਦੇਵੇਂ ਤਾਂ ਵਧੀਆ ਉਪਰਾਲਾ ਹੋਵੇਗਾ।" ਉਨ੍ਹਾਂ ਦੀ ਗੱਲ ਮੈਨੂੰ ਜਚ ਗਈ ਤੇ ਉਸੇ ਦਿਨ ਤੋਂ ਮੈਂ ਹਥਲੀ ਪੁਸਤਕ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਇਸ ਪੁਸਤਕ ਵਿਚਲੀਆਂ ਇਹ ਸਾਰੀਆਂ ਹੀ ਕਹਾਣੀਆਂ ਅਜੀਤ, ਜੱਗਬਾਣੀ, ਪੰਜਾਬੀ ਟ੍ਰਿਬਿਊਨ ਤੇ ਹੋਰਨਾਂ ਅਖ਼ਬਾਰਾਂ-ਰਸਾਲਿਆਂ 'ਚ ਛਪੀਆਂ ਹਨ। ਜਿੰਨਾਂ ਨੂੰ ਸਮੇਂ-ਸਮੇਂ ਤੇ ਪਾਠਕ ਵਰਗ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ। ਮੈਨੂੰ ਉਮੀਦ ਹੈ ਕਿ ਹਥਲੀ ਪੁਸਤਕ ਨੂੰ ਵੀ ਪਾਠਕ ਵਰਗ ਵੱਲੋਂ ਸਤਿਕਾਰਿਆ ਜਾਵੇਗਾ ਅਤੇ ਪਾਠਕ ਆਪਣੇ ਵਢਮੁੱਲੇ ਵਿਚਾਰ ਨੇ-ਚੀਜ ਨੂੰ ਭੇਜਣ ਦੀ ਖੇਚਿਲ ਕਰਨਗੇ....

**- *ਸਵਰਨ ਸਿੰਘ ਟਹਿਣਾ***
*ਪਿੰਡ ਤੇ ਡਾਕ : ਟਹਿਣਾ,*
*ਜ਼ਿਲ੍ਹਾ .ਫ਼ਰੀਦਕੋਟ-151203*



# ਤਤਕਰਾ


| | | |
|---|---|---|
| ਭੂਮਿਕਾ | | 7 |
| ਮੇਰੀ ਕਿਤਾਬੀ ਚੇਟਕਤਾ | | 8 |
| 1. ਅਲਵਿਦਾ | - ਪੁਸ਼ਪਾ ਸਕਸੈਨਾ | 11 |
| 2. ਆਪਣੇ ਹਿੱਸੇ ਦੇ ਲੋਕ | - ਸਾਧਨਾ ਰਾਕੇਸ਼ | 17 |
| 3. ਤੀਹ ਸਾਲ ਬਾਅਦ | - ਰਵਿੰਦਰ ਕਾਲੀਆ | 26 |
| 4. ਅਹਿਸਾਸ | - ਸੁਰਿੰਦਰ ਕਰਮ ਗੋਗੀ | 31 |
| 5. ਬਦਚਲਣ | - ਡਾ. ਨਿਰਮਲ ਕੌਸ਼ਿਕ | 38 |
| 6. ਸਵੇਰ ਦਾ ਭੁੱਲਿਆ | - ਡਾ. ਨਿਰਮਲ ਕੌਸ਼ਿਕ | 41 |
| 7. ਪਤਨੀ ਨੰ : ਦੋ | - ਅਸ਼ਵਨੀ ਭਟਨਾਗਰ | 45 |
| 8. ਸੋਕਾ | - ਮੋਹਨ ਵਰਮਾ 'ਮੁਕਤ' | 53 |
| 9. ਬੰਧਨ | - ਅਮਿਤ ਕੌਸ਼ਿਕ | 59 |
| 10. ਜੂੜੇ 'ਚ ਟੰਗਿਆ ਫੁੱਲ | - ਮਾਇਆ ਪ੍ਰਧਾਨ | 64 |
| 11. ਉੱਡਦਾ ਹੋਇਆ ਪਰਿੰਦਾ | - ਨੀਰ ਸ਼ਬਨਮ | 68 |
| 12. ਭਾਈ ਜੀ | - ਹਸਨ ਜਮਾਲ | 75 |
| 13. ਵਿਧਾਇਕ ਜੀ ਦੀ ਪਾਰਟੀ | - ਅਨੀਲਾਭ ਅਨਿਲ | 80 |
| 14. ਦੋ ਫੁੱਲ | - ਅਨੀਲਾਭ ਅਨਿਲ | 83 |

# ਅਲਵਿਦਾ

**- ਪੁਸ਼ਪਾ ਸਕਸੈਨਾ**

ਫੋਨ ’ਤੇ ਆ ਰਹੀ ਅਵਾਜ਼ ਨੂੰ ਸੁਣਦੇ ਹੀ ਸ਼ਿਆਮਲੀ ਦੇ ਚਿਹਰੇ ’ਤੇ ਖਿਝ ਜਿਹੀ ਆ ਗਈ। ਕਿਸੇ ਤਰ੍ਹਾਂ ਆਪਣੇ ਆਪ ’ਤੇ ਕਾਬੂ ਰੱਖ ਕੇ ਉਸ ਨੇ ਜਵਾਬ ਦਿੱਤਾ ਸੀ, ‘ਮੈਡਮ, ਅੱਜ ਤਾਂ ਪਹੁੰਚ ਸਕਣਾ ਮੁਸ਼ਕਿਲ ਹੈ, ਕਲਕੱਤੇ ਤੋਂ ਮਹਿਮਾਨ ਆ ਰਹੇ ਹਨ।’

‘ਜੀ ਹਾਂ, ਉਹ ਦੋ-ਤਿੰਨ ਦਿਨ ਤੱਕ ਰੁਕਣਗੇ, ਉਸਦੇ ਬਾਅਦ ਜ਼ਰੂਰ ਪਹੁੰਚਾਂਗੀ। ਪ੍ਰੀਆ ਦੀ ਮੈਨੂੰ ਵੀ ਚਿੰਤਾ ਰਹਿੰਦੀ ਹੈ, ਕੀ ਹਾਲ ਹੈ ਉਸਦਾ...?’

ਫੋਨ ਰੱਖ ਕੇ ਸ਼ਿਆਮਲੀ ਨੇ ਸਾੜ੍ਹੀ ਦੇ ਪੱਲੇ ਨਾਲ ਪਸੀਨਾ ਪੂੰਝਿਆ ਤਾਂ ਉਸਦੀ ਦੂਸਰੀ ਭੈਣ ਪੁੱਛ ਬੈਠੀ, ‘ਦੀਦੀ, ਆਪਣੇ ਇਥੇ ਮਹਿਮਾਨ ਆ ਰਹੇ ਹਨ ?’

‘ਹੋਰ ਕੀ ਕਹਿੰਦੀ ? ਰੋਜ਼-ਰੋਜ਼ ਉਸ ਲੜਕੀ ਕੋਲ ਬੈਠ ਕੇ ਬੋਰ ਹੋ ਗਈ ਹਾਂ। ਲਗਦਾ ਹੈ ਕਿਤੇ ਮੈਂ ਵੀ ਉਸਦੀ ਤਰ੍ਹਾਂ ਅਪੰਗ ਨਾ ਹੋ ਜਾਵਾਂ।’ ਹਾਂ, ਦੇਖ ਜੇਕਰ ਫਿਰ ਮੈਡਮ ਦਾ ਫੋਨ ਆਵੇ, ਤਾਂ ਕਹਿ ਦੇਵੀਂ ਕਿ ਮੈਂ ਮਹਿਮਾਨਾਂ ਦੇ ਨਾਲ ਕਿਤੇ ਗਈ ਹਾਂ।

‘ਪਰ ਦੀਦੀ ਪਹਿਲਾਂ ਤੂੰ ਉਥੇ ਜਾਣ ਲਈ ਹਮੇਸ਼ਾ ਉਤਾਵਲੀ ਰਹਿੰਦੀ ਸੀ। ਹੁਣ ਕੀ ਹੋਇਆ ?’

‘ਅੱਜ ਮੈਂ ਕਿਤੇ ਹੋਰ ਜਾਣਾ ਹੈ, ਇਸ ਲਈ।’

‘ਜਾਣਦੀ ਹਾਂ, ਅਵਿਨਾਸ਼ ਨਾਲ ਜਾਣਾ ਹੋਵੇਗਾ।’

‘ਦੇਖ, ਮਾਧਵੀ ਤੂੰ ਬਹੁਤ ਜ਼ਿਆਦਾ ਬੋਲਣ ਲੱਗ ਪਈ ਏਂ। ਪੜ੍ਹਾਈ ’ਚ ਮਨ ਲਗਾ ਸਮਝੀ।’ ਆਪਣੀ ਗੱਲ ਕਹਿ ਕੇ ਸ਼ਿਆਮਲੀ ਕਮਰੇ ਚੋਂ ਬਾਹਰ ਚਲੀ ਗਈ।

ਅੱਜ ਸਵੇਰੇ ਹੀ ਅਵਿਨਾਸ਼ ਦਾ ਫੋਨ ਆਇਆ ਸੀ। ਵੈਲਫੇਅਰ ਥੀਏਟਰ ਵਿੱਚ ‘ਯੈਸ ਬਾਸ’ ਦੇਖਣ ਦਾ ਪ੍ਰੋਗਰਾਮ ਬਣਾਇਆ ਸੀ। ਕੁਝ ਹੀ ਦੇਰ ਬਾਅਦ ਅਵਿਨਾਸ਼ ਉਸ ਨੂੰ ਲੈਣ ਆਉਣ ਵਾਲਾ ਸੀ। ਵਾਲ ਸਵਾਰਦੀ ਸ਼ਿਆਮਲੀ ਦੇ ਮਨ ਵਿੱਚ ਭਾਵੁਕਤਾ ਜਿਹੀ ਆ ਗਈ, ‘ਕਿਤੇ ਮਾਧਵੀ ਦੀ ਗੱਲ ਵਿੱਚ ਸੱਚਾਈ ਤਾਂ ਨਹੀਂ ?’

ਮਿਸਜ਼ ਜਾਨਸਨ ਨਾਲ ਸ਼ਿਆਮਲੀ ਦੀ ਮੁਲਾਕਾਤ ਅਚਾਨਕ ਹੋਈ ਸੀ। ਕਲੱਬ ਦੁਆਰਾ ਜ਼ਰੂਰਤਮੰਦਾਂ ਦੀ ਸਹਾਇਤਾ ਦੇ ਲਈ ਆਯੋਜਿਤ ਮੇਲੇ ਵਿੱਚ ਮਿਸਜ਼ ਜਾਨਸਨ ਆਪਣੀ ਬੇਟੀ ਨਾਲ ਉਥੇ ਪਹੁੰਚੀ ਸੀ। ਮੇਲੇ ਵਿੱਚ ਕਾਲਜ ਦੀਆਂ ਲੜਕੀਆਂ ਨੂੰ ਵਲੰਟੀਅਰ ਬਣਾਇਆ ਗਿਆ ਸੀ। ਸ਼ਿਆਮਲੀ ਖਾਣੇ ਦੇ ਕਾਊਂਟਰ ’ਤੇ ਸੀ। ਵੀਲ੍ਹ ਚੇਅਰ ’ਤੇ ਆਈ ਪ੍ਰੀਆ ਨੂੰ ਦੇਖ ਕੇ ਸ਼ਿਆਮਲੀ ਦੇ ਮਨ ਵਿੱਚ ਦਇਆ ਆ ਗਈ ਸੀ। ਏਨੀ ਛੋਟੀ ਉਮਰ ਵਿੱਚ ਤਾਂ ਲੜਕੀਆਂ ਖੰਭ ਲਗਾ ਕੇ ਉਡਦੀਆਂ ਹਨ ਅਤੇ ਇਹ ਵਿਚਾਰੀ...।

ਉਸਦੇ ਨਜ਼ਦੀਕ ਜਾ ਕੇ ਸ਼ਿਆਮਲੀ ਨੇ ਪੁੱਛਿਆ, ‘ਤੁਸੀਂ ਕੀ ਲਵੋਗੇ, ਚਟਪਟੀ



ਚਾਟ ਜਾਂ ਮਿੱਠਾ ਰਸਗੁੱਲਾ... ?’

ਸ਼ਿਆਮਲੀ ਵੱਲ ਵੱਡੀਆਂ-ਵੱਡੀਆਂ ਅੱਖਾਂ ਨਾਲ ਟਿਕਟਿਕੀ ਲਗਾ ਕੇ ਪ੍ਰੀਆ ਦੇਖ ਰਹੀ ਸੀ।

‘ਦੱਸੋ ਨਾ।’

ਉੱਤਰ ਦੇਣ ਦੀ ਕੋਸ਼ਿਸ਼ ’ਚ ਪ੍ਰੀਆ ਦੇ ਬੁੱਲ੍ਹਾਂ ਦੇ ਕਿਨਾਰਿਆਂ ’ਚੋਂ ਲਾਰ ਨਿਕਲ ਆਈ। ਉਸਦੇ ਅਸਪੱਸ਼ਟ ਬੋਲਾਂ ਨੂੰ ਸਮਝਣਾ ਸ਼ਿਆਮਲੀ ਨੂੰ ਥੋੜ੍ਹਾ ਜਿਹਾ ਮੁਸ਼ਕਿਲ ਲੱਗਾ। ਮੂੰਹ ’ਚੋਂ ਨਿਕਲੀ ਲਾਰ ਨੂੰ ਪਿਆਰ ਨਾਲ ਪੂੰਝ ਕੇ ਮਿਸਜ਼ ਜਾਨਸਨ ਨੇ ਸ਼ਿਆਮਲੀ ਨੂੰ ਵਿਅਕਤੀਗਤ ਲਹਿਜੇ ਨਾਲ ਕਿਹਾ, ‘ਧੰਨਵਾਦ, ਇੱਕ ਰਸਗੁੱਲਾ ਦੇਵੋਗੇ।’

ਰਸਗੁੱਲੇ ਦੀ ਪਲੇਟ ਫੜ ਕੇ ਮਿਸਜ਼ ਜਾਨਸਨ ਚਮਚ ਨਾਲ ਛੋਟੇ-ਛੋਟੇ ਟੁਕੜੇ ਪ੍ਰੀਆ ਦੇ ਮੂੰਹ ’ਚ ਪਾਉਣ ਲੱਗੀ। ਇਸ ਦ੍ਰਿਸ਼ ਨੇ ਸ਼ਿਆਮਲੀ ਨੂੰ ਦ੍ਰਵਿਤ ਕਰ ਦਿੱਤਾ ਸੀ।

‘ਮੈਡਮ, ਅਜਿਹਾ ਕਿਉਂ ?’

‘ਮਾਈ ਬੈਡ ਲੱਕ ਬੇਟੀ, ਉਪਰ ਵਾਲੇ ਨੇ ਸਾਨੂੰ ਸਜ਼ਾ ਦਿੱਤੀ ਹੈ।’

‘ਅਜਿਹਾ ਕਿਉਂ ਕਹਿੰਦੇ ਹੋ ਮੈਡਮ... ? ਸਭ ਠੀਕ ਹੋ ਜਾਵੇਗਾ।’

‘ਕਾਸ਼ ਅਜਿਹਾ ਹੋ ਸਕਦਾ, ਤੂੰ ਕੌਣ ਹੈਂ ਬੇਟੀ....?

‘ਜੀ, ਮੈਂ ਇਸੇ ਸ਼ਹਿਰ ’ਚ ਰਹਿੰਦੀ ਹਾਂ। ਮਾਤਾ-ਪਿਤਾ ਦੀ ਬੱਸ ਦੁਰਘਟਨਾ ’ਚ ਮੌਤ ਹੋ ਗਈ ਸੀ। ਹੁਣ ਅਸੀਂ ਦੋ ਭੈਣਾਂ ਹਾਂ। ਨੌਕਰੀ ਦੀ ਤਲਾਸ਼ ’ਚ ਹਾਂ।’

‘ਓਹ ਮਾਈ ਪੂਅਰ ਚਾਈਲਡ। ਜੇਕਰ ਤੈਨੂੰ ਮਨਜ਼ੂਰ ਹੈ ਤਾਂ ਪ੍ਰੀਆ ਦਾ ਮਨ ਖੁਸ਼ ਰੱਖਣ ਖਾਤਿਰ ਮੈਂ ਤੈਨੂੰ ਨੌਕਰੀ ਦੇ ਸਕਦੀ ਹਾਂ। ਤੇਰੇ ਨਾਲ ਸ਼ਾਇਦ ਮੇਰੀ ਬੇਟੀ ਦਾ ਸਮਾਂ ਚੰਗੇ ਤਰੀਕੇ ਨਾਲ ਬੀਤ ਜਾਵੇ।

‘ਇਹ ਤਾਂ ਮੇਰੀ ਖੁਸ਼ਕਿਸਮਤੀ ਹੋਵੇਗੀ ਮੈਡਮ। ਜੇਕਰ ਮੈਂ ਪ੍ਰੀਆ ਦੇ ਕਿਸੇ ਕੰਮ ਆ ਗਈ, ਤਾਂ ਸਮਝਾਂਗੀ ਮੇਰਾ ਜੀਵਨ ਸਾਰਥਿਕ ਹੈ।’

ਦੂਸਰੇ ਦਿਨ ਸ਼ਿਆਮਲੀ ਮਿਸਜ਼ ਜਾਨਸਨ ਦੇ ਘਰ ਜਾ ਪਹੁੰਚੀ। ਵੱਡਾ ਸਾਰਾ ਬੰਗਲਾ, ਚਾਰੋਂ ਪਾਸੇ ਵੱਡੇ-ਵੱਡੇ ਦਰੱਖਤ। ਸਾਹਮਣੇ ਵੱਡਾ ਸਾਰਾ ਬਗੀਚਾ ਸੀ, ਜੋ ਸਾਂਭ-ਸੰਭਾਲ ਤੋਂ ਬਿਨਾਂ ਦਿਖਾਈ ਦੇ ਰਿਹਾ ਸੀ। ਸਪੱਸ਼ਟ ਸੀ ਕਿ ਕਿਸੇ ਸਮੇਂ ਇਹ ਹਵੇਲੀਨੁਮਾ ਬੰਗਲਾ ਬਹੁਤ ਸੁੰਦਰ ਰਿਹਾ ਹੋਵੇਗਾ। ਨਾਮ ਸੁਣਦੇ ਹੀ ਮਿਸਜ਼ ਜਾਨਸਨ ਬਾਹਰ ਆ ਗਈ ਸੀ, ‘ਆਓ ਸ਼ਿਆਮਲੀ, ਮੈਂ ਤਾਂ ਸੋਚਿਆ ਸੀ ਕਿ ਸ਼ਾਇਦ ਤੂੰ ਨਹੀਂ ਆਏਂਗੀ।’

‘ਤੁਸੀਂ ਅਜਿਹਾ ਕਿਉਂ ਸੋਚਿਆ ਮੈਡਮ ?’

‘ਇੱਕ ਜ਼ਿੰਦਾ ਲਾਸ਼ ਨਾਲ ਸਮਾਂ ਬਤੀਤ ਕਰਨਾ ਬਹੁਤ ਮੁਸ਼ਕਿਲ ਹੈ ਨਾ ?’

‘ਇਹ ਕੀ ਕਹਿ ਰਹੇ ਹੋ, ਮੈਡਮ ? ਪ੍ਰੀਆ ਨੂੰ ਕੀ ਹੋਇਆ ਹੈ ?’ ਸ਼ਿਆਮਲੀ ਨੇ ਕਿਹਾ।

‘ਡੁਸ਼ੇਨ ਮਸਕੂਲਰ ਡਿਸਟ੍ਰਾਪੀ’ ਕਹਿੰਦੇ ਹਨ ਇਸ ਨੂੰ। ਸਰੀਰ ਦਾ ਇੱਕ ਹਿੱਸਾ ਹੌਲੀ-ਹੌਲੀ ਮਰਦਾ ਜਾ ਰਿਹਾ ਹੈ ਅਤੇ ਮੇਰੀ ਪਿਆਰੀ ਬੇਟੀ ਮੌਤ ਦੇ ਸ਼ਿਕੰਜੇ ਵਿੱਚ

ਜਕੜੀ ਜਾ ਰਹੀ ਹੈ। ਥੈਂਕ ਗਾਡ, ਉਸਦਾ ਪਾਪਾ ਇਹ ਸਭ ਕੁੱਝ ਦੇਖਣ ਤੋਂ ਪਹਿਲਾਂ ਹੀ ਚਲਾ ਗਿਆ।

'ਹੇ ਭਗਵਾਨ। ਇਸ ਛੋਟੀ ਜਿਹੀ ਬੱਚੀ ਨੂੰ ਏਨੀ ਵੱਡੀ ਸਜ਼ਾ ?'

'ਜਾਣਦੀ ਹੈਂ ਤੂੰ ਸ਼ਿਆਮਲੀ, ਜਿਸ ਦਿਨ ਪ੍ਰੀਆ ਦੀਆਂ ਲੱਤਾਂ ਖਰਾਬ ਹੋਈਆਂ ਸਨ, ਮੈਂ ਬਹੁਤ ਰੋਈ ਸੀ। ਤਦ ਪ੍ਰੀਆ ਨੇ ਮੈਨੂੰ ਬੱਚਿਆਂ ਵਾਂਗ ਸਹਾਰਾ ਦਿੱਤਾ ਸੀ ਕਿ ਮੰਮੀ ਮੈਂ ਆਪਣੇ ਹੱਥਾਂ ਦਾ ਇਸਤੇਮਾਲ ਤਾਂ ਕਰ ਸਕਦੀ ਹਾਂ ਨਾ ? ਦੇਖਿਓ ਮੈਂ ਪੇਂਟਿੰਗਾਂ ਬਣਾਵਾਂਗੀ, ਕਵਿਤਾਵਾਂ ਲਿਖਾਂਗੀ। ਮੇਰਾ ਟਾਈਮ ਤਾਂ ਫੁਰਰ ਕਰਕੇ ਉੱਡ ਜਾਵੇਗਾ।' ਪਰ ਹੁਣ ਪਿਛਲੇ ਇੱਕ ਸਾਲ ਤੋਂ ਇਸਦੇ ਹੱਥ ਵੀ ਬੇਕਾਰ ਹੋ ਚੁੱਕੇ ਹਨ। ਮੂੰਹ ਨਾਲ ਠੀਕ ਤਰ੍ਹਾਂ ਗੱਲ ਵੀ ਨਹੀਂ ਕਰ ਸਕਦੀ। ਮੈਥੋਂ ਜ਼ਿਆਦਾ ਬਰਦਾਸ਼ਤ ਨਹੀਂ ਹੁੰਦਾ।

ਰੁਮਾਲ ਅੱਖਾਂ 'ਤੇ ਰੱਖ ਕੇ ਮਿਸਜ਼ ਜਾਨਸਨ ਸਿਸਕ ਪਈ। ਉਸ ਸਮੇਂ ਢੇਰ ਸਾਰੀ ਮਮਤਾ ਉਸ ਲੜਕੀ ਲਈ ਸ਼ਿਆਮਲੀ ਦੇ ਮਨ ਵਿੱਚ ਉਪਜੀ ਸੀ। ਮਿਸਜ਼ ਜਾਨਸਨ ਦੀ ਪਿੱਠ 'ਤੇ ਹੱਥ ਰੱਖ ਕੇ ਉਸਨੇ ਮਨ 'ਚ ਨਿਸ਼ਚਾ ਕੀਤਾ ਕਿ ਜਦ ਤੱਕ ਸੰਭਵ ਹੋ ਸਕੇਗਾ ਉਹ ਪਲ-ਪਲ ਮੌਤ ਦੇ ਮੂੰਹ ਵਿੱਚ ਜਾ ਰਹੀ ਲੜਕੀ ਦਾ ਜੀਵਨ ਸੁਖਦਾਈ ਬਣਾਉਣ ਲਈ ਭਰਪੂਰ ਯਤਨ ਕਰੇਗੀ।

ਸ਼ੁਰੂ-ਸ਼ੁਰੂ ਵਿੱਚ ਪ੍ਰੀਆ ਦੀ ਗੱਲ ਸਮਝਣੀ ਸ਼ਿਆਮਲੀ ਨੂੰ ਕਾਫੀ ਮੁਸ਼ਕਿਲ ਲੱਗੀ। ਬਾਅਦ ਵਿੱਚ ਉਹ ਉਸਦੀ ਅਸਪੱਸ਼ਟ ਭਾਸ਼ਾ ਸਮਝਣ ਲੱਗੀ। ਪ੍ਰੀਆ ਦੇ ਹੱਥ ਆਪਣੀ ਸਮਰੱਥਾ ਗੁਆ ਚੁੱਕੇ ਸਨ। ਪਰ ਉਂਗਲੀਆਂ ਵਿੱਚ ਹਾਲੇ ਜਾਨ ਬਾਕੀ ਸੀ। ਉਹ ਪ੍ਰੀਆ ਦੇ ਹੱਥ ਚੁੱਕ ਕੇ ਮੇਜ਼ 'ਤੇ ਰੱਖਣ ਤੋਂ ਬਾਅਦ ਉਂਗਲੀਆਂ 'ਚ ਰੰਗੀਨ ਪੈਨਸਲ ਅਟਕਾ ਕੇ, ਸਫੈਦ ਕਾਗਜ਼ 'ਤੇ ਟੇਢੀਆਂ-ਮੇਢੀਆਂ ਲਾਈਨਾਂ ਖਿੱਚਣ ਵਿੱਚ ਸਹਾਇਤਾ ਕਰਦੀ। ਸ਼ਿਆਮਲੀ ਖੁਦ ਚਿੱਤਰਕਾਰੀ ਸਿੱਖਣ ਲੱਗੀ ਸੀ। ਹੌਲੀ-ਹੌਲੀ ਅਭਿਆਸ ਨਾਲ ਪ੍ਰੀਆ ਦੀਆਂ ਲਾਈਨਾਂ ਵਿੱਚੋਂ ਕੁੱਝ ਚਿੱਤਰ ਉਭਰਨ ਲੱਗੇ। ਵੱਡੇ-ਵੱਡੇ ਝਾੜੀਨੁਮਾ ਦਰੱਖਤ, ਜਿਥੇ ਚਾਰੋਂ ਪਾਸੇ ਸੰਨਾਟਾ ਜਿਹਾ ਛਾਇਆ ਹੁੰਦਾ, ਉਸਦੇ ਪਿੱਛੇ ਡੁੱਬਦੇ ਸੂਰਜ 'ਤੇ ਬੜੀ ਮੁਸ਼ਕਿਲ ਨਾਲ 'ਮੌਤ' ਲਿਖਿਆ ਸੀ ਪ੍ਰੀਆ ਨੇ। ਨਹੀਂ, ਪ੍ਰੀਆ ਨੂੰ ਅਜਿਹੀ ਮੌਤ ਨਹੀਂ ਚਾਹੀਦੀ, ਉਸ ਦਿਨ ਤੋਂ ਸ਼ਿਆਮਲੀ ਨੇ ਚੰਗੀਆਂ-ਚੰਗੀਆਂ ਕਹਾਣੀਆਂ ਤੇ ਕਵਿਤਾਵਾਂ ਪੜ੍ਹ ਕੇ ਪ੍ਰੀਆ ਨੂੰ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਪ੍ਰੀਆ ਦੇ ਚਿਹਰੇ 'ਤੇ ਇੱਕ ਤਰ੍ਹਾਂ ਨਾਲ ਰੰਗ-ਬਰੰਗੀ ਆਸ਼ਾ ਜਿਹੀ ਖਿੱਲਰ ਜਾਂਦੀ ਸੀ।

ਸ਼ਿਆਮਲੀ ਦਾ ਵਧੇਰੇ ਸਮਾਂ ਪ੍ਰੀਆ ਦੇ ਕੋਲ ਗੁਜ਼ਰਦਾ। ਉਸਦੇ ਯਤਨਾਂ ਨੇ ਮਿਸਜ਼ ਜਾਨਸਨ ਨੂੰ ਨਵਾਂ ਜੀਵਨ ਦਿੱਤਾ। ਆਪਣੇ ਘਰ ਵਿੱਚ ਸ਼ਿਆਮਲੀ ਦੀ ਸੁਖ-ਸੁਵਿਧਾ ਲਈ ਮਿਸਜ਼ ਜਾਨਸਨ ਵਿਸ਼ੇਸ਼ ਰੂਪ ਵਿੱਚ ਉਤਾਵਲੀ ਰਹਿੰਦੀ ਸੀ। ਚੰਗੇ ਤੋਂ ਚੰਗੇ ਭੋਜਨ, ਤੋਹਫਿਆਂ ਤੋਂ ਇਲਾਵਾ ਹਰ ਮਹੀਨੇ 3,500 ਰੁਪਏ ਦਾ ਪੈਕਟ ਦੇ ਕੇ ਵੀ ਉਸ ਨੂੰ ਸੰਤੋਸ਼ ਨਾ ਮਿਲਦਾ। ਗੱਲਾਂ-ਗੱਲਾਂ ਵਿੱਚ ਸ਼ਿਆਮਲੀ ਜਾਣ ਚੁੱਕੀ ਸੀ ਕਿ ਸ਼ਹਿਰ ਦੇ ਨਾਮੀਂ ਵਕੀਲ ਦੀ ਲੜਕੀ ਮਿਸਜ਼ ਜਾਨਸਨ ਲਈ ਸ਼ਾਦੀ ਦੇ ਅਨੇਕਾਂ ਸੱਦੇ ਆਏ ਸਨ। ਪਰ ਰਾਬਰਟ ਜਾਨਸਨ ਨੇ ਹੀ ਉਸ ਨੂੰ ਮੰਤਰ-ਮੁਗਧ ਕੀਤਾ ਸੀ।



ਮਿਸਜ਼ ਜਾਨਸਨ ਦਾ ਬਚਪਨ ਜਿੰਨਾ ਸੁਖੀ ਸੀ, ਵਿਆਹਕ ਜੀਵਨ ਉਸ ਤੋਂ ਵੀ ਵਧੇਰੇ ਸੁਖੀ ਸੀ। ਰਾਬਰਟ ਉਸ ਦੀ ਖਾਤਿਰ ਜਾਨ ਦੀ ਬਾਜ਼ੀ ਲਗਾਉਣ ਲਈ ਵੀ ਤਿਆਰ ਰਹਿੰਦੇ ਸਨ। ਪ੍ਰੀਆ ਦਾ ਜਨਮ ਉਨ੍ਹਾਂ ਦੇ ਜੀਵਨ ਦੀ ਸਭ ਤੋਂ ਵੱਡੀ ਖੁਸ਼ੀ ਸੀ। ਰਾਬਰਟ ਉਸ ਨੂੰ ਆਪਣੇ ਸੁਪਨਿਆਂ ਦਾ ਸਾਕਾਰ ਰੂਪ ਕਿਹਾ ਕਰਦੇ ਸਨ। ਬੇਟੀ ਤੋਂ ਇਲਾਵਾ ਰਾਬਰਟ ਦਾ ਦੂਸਰਾ ਸ਼ੌਕ ਕਾਰ ਰੇਸਿੰਗ ਸੀ। ਹਮੇਸ਼ਾ ਰੇਸ ਵਿੱਚ ਅੱਗੇ ਰਹਿਣ ਵਾਲੇ ਰਾਬਰਟ ਇੱਕ ਦਿਨ ਕਾਰ ਦੁਰਘਟਨਾ ਵਿੱਚ ਸਭ ਨੂੰ ਇਕੱਲਿਆਂ ਛੱਡ ਕੇ ਤੁਰ ਗਏ ਸਨ। ਰੁਪਏ-ਪੈਸਿਆਂ ਦੀ ਕਮੀ ਮਿਸਜ਼ ਜਾਨਸਨ ਨੂੰ ਕਦੀ ਮਹਿਸੂਸ ਨਹੀਂ ਹੋਈ, ਪ੍ਰੰਤੂ ਪਤੀ ਦੇ ਵਿਛੋੜੇ ਨੇ ਉਸ ਨੂੰ ਅੰਦਰੋ-ਅੰਦਰ ਤੋੜ ਦਿੱਤਾ।

ਕਿਸੇ ਤਰ੍ਹਾਂ ਆਪਣੇ ਆਪ 'ਤੇ ਕਾਬੂ ਰੱਖ ਕੇ ਉਸ ਨੇ ਆਪਣਾ ਸਾਰਾ ਧਿਆਨ ਬੇਟੀ ਦੇ ਪਾਲਣ-ਪੋਸ਼ਣ ਵਿੱਚ ਲਗਾ ਦਿੱਤਾ। ਕਹਿਰ ਤਾਂ ਤਦ ਵਰ੍ਹਿਆ ਜਦ ਸਕੂਲ ਦੀ ਦੌੜ ਵਿੱਚ ਸਭ ਤੋਂ ਅੱਗੇ ਰਹਿਣ ਵਾਲੀ ਪ੍ਰੀਆ ਦੇ ਪੈਰਾਂ ਵਿੱਚ ਹਲਕਾ-ਹਲਕਾ ਦਰਦ ਹੋਣ ਲੱਗਾ। ਮਾਲਿਸ਼ ਤੋਂ ਲੈ ਕੇ ਡਾਕਟਰੀ ਦਵਾਈ ਤੱਕ ਨਾਲ ਕੋਈ ਫ਼ਰਕ ਨਾ ਪਿਆ ਤਾਂ ਪ੍ਰੀਆ ਨੂੰ ਸਪੈਸ਼ਲਿਸਟ ਕੋਲ ਦਿਖਾਇਆ ਗਿਆ। ਬਿਮਾਰੀ ਨੂੰ ਸੁਣ ਕੇ ਮਿਸਜ਼ ਜਾਨਸਨ ਹੱਕੀ-ਬੱਕੀ ਰਹਿ ਗਈ। ਪ੍ਰਾਣਾਂ ਤੋਂ ਪਿਆਰੀ ਬੇਟੀ ਨੂੰ ਕਿਸ ਤਰ੍ਹਾਂ ਦੱਸੇ ਕਿ ਤਿਲ-ਤਿਲ ਕਰਕੇ ਮਰਨਾ ਹੀ ਉਸਦੇ ਭਾਗਾਂ ਵਿੱਚ ਲਿਖਿਆ ਹੈ। ਇਸ ਗੱਲ ਤੋਂ ਉਹ ਝਿਝਕ ਗਈ ਸੀ, ਤਦ ਦਸਵੀਂ ਕਲਾਸ ਵਿੱਚ ਪੜ੍ਹਦੀ ਪ੍ਰੀਆ ਨੇ ਹੀ ਉਸ ਨੂੰ ਸੰਭਾਲਿਆ ਸੀ, ਮਾਂ ਦੀ ਨੀਮ ਬੇਹੋਸ਼ੀ ਵਿੱਚ ਉਸਨੇ ਆਪਣੀ ਬਿਮਾਰੀ ਜਾਣ ਲਈ ਸੀ।

ਪ੍ਰੀਆ ਦੇ ਮਨੋਬਲ 'ਤੇ ਮਿਸਜ ਜਾਨਸਨ ਦੰਗ ਰਹਿ ਗਈ ਸੀ। ਬੇਟੀ ਦੇ ਸਾਹਮਣੇ ਉਹ ਫਿਰ ਕਦੀ ਨਹੀਂ ਰੋਈ ਸੀ। ਬੇਟੀ ਵੀ ਅਜਿਹੀ, ਖੁਦ ਆਪਣੀ ਬਿਮਾਰੀ 'ਤੇ ਢੇਰਾਂ ਕਿਤਾਬਾਂ ਪੜ੍ਹ ਦਿੱਤੀਆਂ ਸਨ। ਜੇਕਰ ਉਹ ਮਨ੍ਹਾਂ ਕਰਦੀ ਤਾਂ ਹੱਸ ਕੇ ਕਹਿ ਦਿੰਦੀ, 'ਮੰਮੀ ਜੋ ਸੱਚ ਹੈ ਉਸ ਨੂੰ ਨਕਾਰਿਆ ਤਾਂ ਨਹੀਂ ਜਾ ਸਕਦਾ। ਉਸ ਨੂੰ ਸਵੀਕਾਰ ਕਰਕੇ ਹੌਂਸਲੇ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਮੈਂ ਮੌਤ ਤੋਂ ਨਹੀਂ ਡਰਦੀ। ਇਹ ਦੇਖੋ ਕੱਲ੍ਹ ਮੈਂ ਇੱਕ ਕਵਿਤਾ ਲਿਖੀ ਹੈ :-

'ਐ ਮੌਤ, ਮੈਂ ਤੇਰੀ ਗੋਦ ਵਿੱਚ ਸੌਣ ਵਾਲੀ ਹਾਂ,<br>
ਤੈਨੂੰ ਦੇਖਿਆ ਨਹੀਂ, ਪਹਿਚਾਣਿਆ ਨਹੀਂ।<br>
ਪਰ ਮੰਮੀ ਦੀਆਂ ਅੱਖਾਂ ਵਿੱਚ ਦੇਖਿਆ ਹੈ,<br>
ਕਦ ਸਾਹਮਣੇ ਆ ਕੇ ਬਾਹਾਂ ਵਿੱਚ ਲਵੇਂਗੀ।<br>
ਨਹੀਂ ਜਾਣਦੀ, ਬੱਸ ਕੁੱਝ ਦਿਨ ਹੋਰ ਜਿਉਣ ਦੀ ਮੋਹਲਤ ਦੇ ਦੇ।<br>
ਮੰਮੀ ਬਹੁਤ ਇਕੱਲੀ ਹੋ ਜਾਵੇਗੀ।<br>
ਉਸਨੂੰ ਛੱਡ ਕੇ ਇਉਂ ਜਾਣਾ,<br>
ਚੰਗਾ ਨਹੀਂ ਲਗਦਾ।'

ਸ਼ਿਆਮਲੀ ਦੀਆਂ ਅੱਖਾਂ ਭਰ ਆਈਆਂ। ਸਭ ਦੇ ਸਾਹਮਣੇ ਹਿੰਮਤੀ ਦਿਸਣ ਵਾਲੀ ਪ੍ਰੀਆ ਰਾਤਾਂ ਨੂੰ ਖੁੱਲ੍ਹੀਆਂ ਅੱਖਾਂ ਨਾਲ ਪਤਾ ਨਹੀਂ ਕਿੰਨੀ ਦੇਰ ਜਾਗਦੀ ਰਹਿੰਦੀ ਸੀ। ਇਹ ਸ਼ਾਇਦ ਮਿਸਜ਼ ਜਾਨਸਨ ਵੀ ਨਹੀਂ ਜਾਣਦੀ ਸੀ।

ਮਿਸਜ਼ ਜਾਨਸਨ ਦੀ ਮਦਦ ਨਾਲ ਸ਼ਿਆਮਲੀ ਨੂੰ ਇੱਕ ਫੈਕਟਰੀ ਵਿੱਚ ਰਿਸੈਪਸ਼ਨਿਸਟ ਦੀ ਜਗ੍ਹਾ ਮਿਲ ਗਈ। ਉਨ੍ਹਾਂ ਦੇ ਇਸ ਉਪਕਾਰ ਲਈ ਉਹ ਉਨ੍ਹਾਂ ਦੀ ਹੋਰ ਵੀ ਆਭਾਰੀ ਹੋ ਗਈ। ਸਵੇਰੇ ਅੱਠ ਵਜੇ ਤੋਂ ਇੱਕ ਵਜੇ ਤੱਕ ਡਿਊਟੀ ਤੋਂ ਬਾਅਦ ਉਹ ਸਿੱਧੀ ਪ੍ਰੀਆ ਕੋਲ ਪਹੁੰਚ ਜਾਂਦੀ। ਪ੍ਰੀਆ ਉਸ ਨੂੰ ਦੇਖ ਕੇ ਖਿੜ ਉੱਠਦੀ।

ਇਧਰ ਪਿਛਲੇ ਦੋ ਮਹੀਨਿਆਂ ਤੋਂ ਸ਼ਿਆਮਲੀ ਦੀ ਜਾਣ-ਪਛਾਣ ਅਵਿਨਾਸ਼ ਨਾਲ ਹੋਈ ਸੀ। ਅਵਿਨਾਸ਼ ਉਸਦੀ ਫੈਕਟਰੀ ਵਿੱਚ ਇੰਜੀਨੀਅਰ ਸੀ। ਅਵਿਨਾਸ਼ ਦਾ ਸਾਥ ਸ਼ਿਆਮਲੀ ਦੀਆਂ ਅੱਖਾਂ ਵਿੱਚ ਢੇਰਾਂ ਸੁਪਨੇ ਲੈ ਕੇ ਆਇਆ। ਹੁਣ ਕਦੀ-ਕਦੀ ਸ਼ਿਆਮਲੀ ਬਹਾਨਾ ਕਰਕੇ ਪ੍ਰੀਆ ਕੋਲ ਜਾਣ ਤੋਂ ਟਲ ਜਾਂਦੀ ਸੀ। ਮਿਸਜ਼ ਜਾਨਸਨ ਇਸ ਗੱਲ ਦਾ ਬੁਰਾ ਨਹੀਂ ਮੰਨਦੀ ਸੀ। ਅਕਸਰ ਆਪਣੇ ਰੁਝੇਵਿਆਂ ਤੋਂ ਬਾਅਦ ਜਦ ਸ਼ਿਆਮਲੀ ਪ੍ਰੀਆ ਕੋਲ ਪਹੁੰਚਦੀ ਤਾਂ ਉਸਦੀਆਂ ਅੱਖਾਂ ਵਿੱਚ ਵਧ ਰਹੀ ਉਦਾਸੀ ਨੂੰ ਦੇਖ ਕੇ ਅਣਦੇਖਿਆ ਕਰ ਦਿੰਦੀ। ਜਲਦੀ-ਜਲਦੀ ਕੋਈ ਕਵਿਤਾ ਜਾਂ ਕਹਾਣੀ ਸੁਣਾ ਕੇ ਉਹ ਥੱਕ ਜਾਣ ਦਾ ਬਹਾਨਾ ਕਰਕੇ ਘਰ ਵਾਪਸ ਜਾਣ ਨੂੰ ਉਤਾਵਲੀ ਰਹਿੰਦੀ।

ਅੱਜ ਸਵੇਰੇ ਉਹੀ ਹੋਇਆ। ਦੋ ਦਿਨਾਂ ਤੋਂ ਸ਼ਿਆਮਲੀ ਪ੍ਰੀਆ ਕੋਲ ਨਹੀਂ ਆਈ ਸੀ। ਫੋਨ ’ਤੇ ਮਿਸਜ਼ ਜਾਨਸਨ ਨੇ ਉਸ ਨੂੰ ਬੁਲਾਇਆ ਸੀ, ‘ਪਤਾ ਨਹੀਂ ਕਿਉਂ ਪ੍ਰੀਆ ਅੱਜ ਠੀਕ ਨਹੀਂ ਲਗਦੀ। ਤੂੰ ਆ ਜਾਂਦੀ ਤਾਂ ਸ਼ਾਇਦ ਉਸ ਨੂੰ ਸਭ ਕੁੱਝ ਠੀਕ ਲੱਗਣ ਲੱਗ ਜਾਂਦਾ।

ਪਿਛਲੇ ਕੁੱਝ ਦਿਨਾਂ ਤੋਂ ਮਾਧਵੀ ਵੀ ਉਸ ਨੂੰ ਵਾਰ-ਵਾਰ ਟੋਕਦੀ ਕਹਿ ਰਹੀ ਸੀ, ‘ਦੀਦੀ ਤੁਹਾਨੂੰ ਤਾਂ ਮਿਸਜ਼ ਜਾਨਸਨ ਦਾ ਅਹਿਸਾਨ ਮੰਨਣਾ ਚਾਹੀਦਾ ਹੈ। ਉਸ ਨੇ ਕੀ ਨਹੀਂ ਕੀਤਾ ਤੁਹਾਡੇ ਲਈ ?’

‘ਕੀ ਉਸਦਾ ਅਹਿਸਾਨ ਚੁਕਾਉਣ ਲਈ ਮੈਂ ਆਪਣੇ-ਆਪ ਨੂੰ ਮੌਤ ਦੇ ਹਵਾਲੇ ਕਰ ਦੇਵਾਂ। ਮੈਂ ਉਸ ਲਈ ਜੋ ਕੁੱਝ ਕੀਤਾ, ਘੱਟ ਲੋਕ ਹੀ ਕਰ ਸਕਦੇ ਹਨ। ਤੂੰ ਹੀ ਦੱਸ, ਮੈਥੋਂ ਇਲਾਵਾ ਕੋਈ ਹੋਰ ਪਹਿਲਾਂ ਕਦੇ ਏਨੇ ਦਿਨ ਉਥੇ ਟਿਕਿਆ ?’ ਸ਼ਿਆਮਲੀ ਚਿੜ ਕੇ ਬੋਲੀ।

ਮਾਧਵੀ ਨੂੰ ਚੁੱਪ ਕਰਾ ਕੇ ਸ਼ਿਆਮਲੀ ਤਿਆਰ ਹੋਣ ਲੱਗ ਗਈ। ਆਖਿਰ ਸ਼ਿਆਮਲੀ ਦੀ ਆਪਣੀ ਜ਼ਿੰਦਗੀ ਹੈ। ਉਸ ਨੂੰ ਉਹ ਇੱਕ ਮਰਨ ਵਾਲੀ ਲੜਕੀ ਦੇ ਨਾਂਅ ਵੀ ਤਾਂ ਨਹੀਂ ਕਰ ਸਕਦੀ। ਕਲਕੱਤਾ ਤੋਂ ਆ ਰਹੇ ਮਹਿਮਾਨਾਂ ਦਾ ਬਹਾਨਾ ਕਰਕੇ ਸ਼ਿਆਮਲੀ ਅਵਿਨਾਸ਼ ਦੇ ਨਾਲ ਦੋ ਦਿਨਾਂ ਲਈ ਬਾਹਰ ਘੁੰਮਣ ਚਲੀ ਗਈ।

ਦੋ ਦਿਨਾਂ ਬਾਅਦ ਖਿੜੇ ਚਿਹਰੇ ਨਾਲ ਘਰ ਵਿੱਚ ਕਦਮ ਰੱਖਦੀ ਸ਼ਿਆਮਲੀ ਨੂੰ ਗੰਭੀਰ ਰੂਪ ਵਿੱਚ ਉਦਾਸ ਮਾਧਵੀ ਨੇ ਕਿਹਾ, ‘ਵਧਾਈ ਦੀਦੀ ਜੀ, ਹੁਣ ਤੁਸੀਂ ਹਮੇਸ਼ਾ ਲਈ ਆਜ਼ਾਦ ਹੋ।’

‘ਕੀ ਮਤਲਬ ?’ ਸ਼ਿਆਮਲੀ ਚੌਂਕ ਗਈ।

‘ਪਰਸੋਂ ਪ੍ਰੀਆ ਮਰ ਗਈ।’

‘ਕੀ ?’ ਸ਼ਿਆਮਲੀ ਦੀਆਂ ਅੱਖਾਂ ਵਿੱਚ ਹੈਰਾਨੀ ਸੀ।

‘ਅੰਤਲੇ ਸਮੇਂ ਮਿਸਜ਼ ਜਾਨਸਨ ਤੁਹਾਨੂੰ ਹੀ ਲੱਭ ਰਹੀ ਸੀ। ਉਸ ਦਿਨ ਵੀ



ਤੁਹਾਨੂੰ ਬੁਲਾਇਆ ਸੀ ਨਾ ਦੀਦੀ, ਜਦ ਤੂੰ ਆਪਣੀ ਮੌਜ-ਮਸਤੀ ਲਈ ਉਥੇ ਨਹੀਂ ਜਾ ਸਕੀ ਸੀ। ਮਾਧਵੀ ਦੇ ਇਨ੍ਹਾਂ ਬੋਲਾਂ ਵਿਚਲੇ ਭਾਰੇਪਣ ਨੂੰ ਸਹਿ ਸਕਣਾ ਸ਼ਿਆਮਲੀ ਲਈ ਅਸੰਭਵ ਸੀ।

ਬੜੀ ਮੁਸ਼ਕਿਲ ਨਾਲ ਖੁਦ ਨੂੰ ਸੰਭਾਲ ਕੇ ਸ਼ਿਆਮਲੀ ਮਿਸਜ਼ ਜਾਨਸਨ ਦੇ ਘਰ ਪੁੱਜੀ। ਪ੍ਰੀਆ ਦੇ ਕਮਰੇ ਵਿੱਚ ਕਾਲੇ ਕੱਪੜੇ ਪਹਿਨੀ ਮਿਸਜ਼ ਜਾਨਸਨ ਨੂੰ ਪਹਿਚਾਣਨਾ ਬਹੁਤ ਮੁਸ਼ਕਿਲ ਲੱਗ ਰਿਹਾ ਸੀ। ਦੋ ਦਿਨਾਂ ਵਿੱਚ ਉਹ ਉਮਰ ਦੇ ਦਸ ਸਾਲ ਲੰਘ ਚੁੱਕੀ ਸੀ। ਸ਼ਿਆਮਲੀ ਦੇ ਚਿਹਰੇ ਵੱਲ ਅੱਖਾਂ ਚੁੱਕ ਕੇ ਦੇਖਣ ਨਾਲ ਮਿਸਜ਼ ਜਾਨਸਨ ਦੇ ਚਿਹਰੇ ਦਾ ਸ਼ੋਕ ਹੋਰ ਵੀ ਵਧ ਗਿਆ ਸੀ। ਹੌਲੀ ਦੇਣੇ ਉਸਦੇ ਮੋਢੇ ’ਤੇ ਹੱਥ ਰੱਖ ਕੇ ਸ਼ਿਆਮਲੀ ਚੁੱਪ ਖੜ੍ਹੀ ਰਹੀ। ਇੱਕ ਸ਼ਬਦ ਵੀ ਬੋਲਣਾ ਉਸ ਨੂੰ ਪਹਾੜ ਜਿਹਾ ਪ੍ਰਤੀਤ ਹੋ ਰਿਹਾ ਸੀ। ਮਿਸਜ਼ ਜਾਨਸਨ ਹੀ ਬੋਲੀ ਸੀ, ‘ਉਸਦੇ ਆਖਰੀ ਸਮੇਂ ’ਤੇ ਤੂੰ ਹਾਜ਼ਰ ਨਹੀਂ ਸੀ, ਬਹੁਤ ਇਕੱਲਾਪਣ ਮਹਿਸੂਸ ਕੀਤਾ ਉਸ ਨੇ।

‘ਆਈ ਐਮ ਸੌਰੀ ਮੈਡਮ, ਮੈਂ ਨਹੀਂ ਜਾਣਦੀ ਸੀ।’

‘ਆਈ ਨੋ ਬੇਟੀ, ਇਸ ਵਿੱਚ ਤੇਰਾ ਕੋਈ ਕਸੂਰ ਨਹੀਂ। ਤੂੰ ਉਸ ਨੂੰ ਬਹੁਤ ਚੰਗੀ ਸੰਗਤ ਦਿੱਤੀ। ਆਈ ਐਮ ਗ੍ਰੇਟਫੁਲ ਟੂ ਯੂ। ਪ੍ਰੀਆ ਵੀ ਤੈਨੂੰ ਬਹੁਤ ਪਿਆਰ ਕਰਦੀ ਸੀ। ਜਾਂਦੇ ਵਕਤ ਤੇਰੇ ਲਈ ਬਰਥ ਡੇ ਕਾਰਡ ਬਣਾ ਰਹੀ ਸੀ।’

ਆਪਣੀ ਜਗ੍ਹਾ ਤੋਂ ਉਠ ਕੇ ਮਿਸਜ਼ ਜਾਨਸਨ ਨੇ ਪ੍ਰੀਆ ਦੀ ਮੇਜ਼ ਤੋਂ ਕਾਰਡ ਅਤੇ ਇੱਕ ਨੀਲਾ ਕਾਗਜ਼ ਚੁੱਕ ਕੇ ਸ਼ਿਆਮਲੀ ਨੂੰ ਫੜਾ ਦਿੱਤਾ। ਨੀਲੇ ਕਾਗਜ਼ ’ਤੇ ਬੜੀ ਮੁਸ਼ਕਿਲ ਨਾਲ ਅਸਪੱਸ਼ਟ ਸ਼ਬਦ ਲਿਖੇ ਸਨ :-

‘ਮੇਰੇ ਮਰਨ ਤੋਂ ਬਾਅਦ,
ਫੁੱਲਾਂ ਦੇ ਗੁਲਦਸਤੇ ਨਾ ਲਿਆਉਣੇ।
ਕਿਉਂਕਿ,
ਹੱਸਦੇ ਫੁੱਲਾਂ ਨੂੰ ਰੁਆਉਣਾ।
ਮੈਨੂੰ ਚੰਗਾ ਨਹੀਂ ਲਗਦਾ।’

ਅੱਖਾਂ ’ਚੋਂ ਵਗ ਰਹੇ ਹੰਝੂਆਂ ਦੇ ਨਾਲ ਸ਼ਿਆਮਲੀ ਨੇ ਬਰਥ ਡੇ ਕਾਰਡ ਪੜ੍ਹਿਆ।

ਵਿਸ਼ ਯੂ ਆਲ ਦਾ ਬੈਸਟ ਸ਼ਿਆਮਲੀ ਜੀ......।

# ਆਪਣੇ ਹਿੱਸੇ ਦੇ ਲੋਕ

**- ਸਾਧਨਾ ਰਾਕੇਸ਼**

ਹੋਲੀ ਵਿੱਚ ਸਿਰਫ 4 ਦਿਨ ਬਾਕੀ ਸਨ, ਜਦ ਵੀਰੂ ਨੇ ਘਰ ਆ ਕੇ ਘੋਸ਼ਣਾ ਕਰ ਦਿੱਤੀ ਕਿ ਇਸ ਵਾਰ ਸ਼ੀਲੂ ਹੋਲੀ ਨਹੀਂ ਖੇਡੇਗੀ। ਵੀਰੂ ਨੇ ਦੱਸਿਆ ਕਿ ਹੋਲੀ ਤੋਂ ਠੀਕ ਦੂਸਰੇ ਦਿਨ ਲੜਕੇ ਵਾਲੇ ਸ਼ੀਲੂ ਨੂੰ ਦੇਖਣ ਆ ਰਹੇ ਹਨ। ਲੜਕਾ ਲੱਖਾਂ ਦੇ ਕਾਰੋਬਾਰ ਦਾ ਇਕੱਲਾ ਮਾਲਕ ਹੈ। ਉਸ ਦੇ ਚਾਚਾ ਜੀ ਦੇ ਵੀ ਕੋਈ ਸੰਤਾਨ ਨਹੀਂ ਹੈ, ਮਤਲਬ ਦੋਹਾਂ ਭਰਾਵਾਂ ਦੀ ਸਾਰੀ ਜਾਇਦਾਦ ਲੜਕੇ ਨੂੰ ਹੀ ਮਿਲੇਗੀ।

ਇਸ ਗੱਲ 'ਤੇ ਸ਼ੀਲੂ ਨੇ ਨਰਾਜ਼ਗੀ ਦਿਖਾਈ ਕਿਉਂਕਿ ਹੋਲੀ ਦਾ ਤਿਉਹਾਰ ਉਸ ਨੂੰ ਸਭ ਤੋਂ ਚੰਗਾ ਲਗਦਾ ਸੀ ਪ੍ਰੰਤੂ ਭਰਾ ਦੀ ਇਸ ਦਲੀਲ ਨਾਲ ਮਾਂ ਵੀ ਸਹਿਮਤ ਸੀ। ਸਾਰਿਆਂ ਨੇ ਇੱਕ ਸੁਰ ਵਿੱਚ ਕਹਿ ਦਿੱਤਾ ਕਿ ਵੀਰੂ ਦਾ ਕਹਿਣਾ ਸਹੀ ਹੈ, ਸ਼ੀਲੂ ਹੋਲੀ ਨਹੀਂ ਖੇਡੇਗੀ।

ਸ਼ੀਲੂ ਉਦਾਸ ਹੋ ਕੇ ਆਪਣੇ ਕਮਰੇ ਵਿੱਚ ਆ ਗਈ। ਬਾਬੂ ਜੀ ਹੱਸ ਕੇ ਅਖ਼ਬਾਰ ਪੜ੍ਹਨ ਲੱਗੇ ਅਤੇ ਅੰਮਾ ਨੇ ਆਪਣਾ ਸਵੈਟਰ ਬੁਣਨਾ ਸ਼ੁਰੂ ਕਰ ਦਿੱਤਾ।

ਸ਼ੀਲੂ ਆਪਣੇ ਮਾਤਾ ਪਿਤਾ ਦੀ ਇਕੱਲੀ ਬੇਟੀ ਸੀ। ਵੀਰੂ ਉਸ ਤੋਂ 10 ਸਾਲ ਵੱਡਾ ਸੀ। ਸ਼ੀਲੂ ਦਾ ਘਰ ਵਿੱਚ ਬੜਾ ਆਦਰ ਸਤਿਕਾਰ ਸੀ। ਇਸੇ ਕਰਕੇ ਹੀ ਉਹ ਘੁਮੰਡੀ ਹੋ ਗਈ ਸੀ ਅਤੇ ਆਪਣੀ ਮਰਜ਼ੀ ਦੇ ਖਿਲਾਫ਼ ਕੋਈ ਵੀ ਕੰਮ ਹੋਣ 'ਤੇ ਘਰ ਵਿੱਚ ਤੂਫਾਨ ਮਚਾ ਦਿੰਦੀ ਸੀ।

ਥੋੜ੍ਹੀ ਦੇਰ ਬਾਅਦ ਕਮਰੇ ਵਿੱਚ ਪੈਰਾਂ ਦੀ ਖੜਖੜਾਹਟ ਜਿਹੀ ਹੋਈ। ਵਰਸ਼ਾ ਭਾਬੀ ਉਸ ਕੋਲ ਆ ਕੇ ਬੈਠ ਗਈ ਅਤੇ ਪਿਆਰ ਨਾਲ ਉਸਦਾ ਸਿਰ ਪਲੋਸਦੀ ਹੋਈ ਬੋਲੀ, "ਦੇਖ, ਸ਼ਾਦੀ ਤਾਂ ਤੇਰੀ ਇੱਕ ਨਾ ਇੱਕ ਦਿਨ ਹੋਣੀ ਹੀ ਹੈ......ਤੇਰੇ ਵੀਰ ਜੀ ਕਹਿ ਰਹੇ ਹਨ ਕਿ ਲੜਕਾ ਸੁੰਦਰ ਅਤੇ ਪੈਸੇ ਵਾਲਾ ਹੈ। ਤੂੰ ਉੱਥੇ ਰਾਜ ਕਰੇਂਗੀ। ਮਾਂ-ਬਾਪ ਨੂੰ ਆਪਣੀ ਬੇਟੀ ਲਈ ਇਸ ਤੋਂ ਵੱਡਾ ਸੁੱਖ ਹੋਰ ਕੀ ਹੋਣਾ ਚਾਹੀਦਾ ਹੈ ? ਫਿਰ ਦੋ ਮਹੀਨੇ ਬਾਅਦ ਤੇਰੀ ਬੀ. ਏ. ਦੀ ਪ੍ਰੀਖਿਆ ਵੀ ਹੋ ਜਾਵੇਗੀ। ਮੇਰੀ ਮੰਨ, ਇਹ ਸ਼ਾਦੀ ਕਰ ਲੈ।"

"ਵਾਹ, ਸ਼ਾਦੀ ਕਰ ਲੈ", ਸ਼ੀਲੂ ਚਿੜ ਕੇ ਬੋਲੀ। ਉਸ ਨੇ ਮੈਨੂੰ ਨਹੀਂ ਦੇਖਿਆ, ਮੈਂ ਲੜਕੇ ਨੂੰ ਨਹੀਂ ਦੇਖਿਆ। ਇੱਕ ਦੂਜੇ ਦਾ ਸੁਭਾਅ ਅਸੀਂ ਜਾਣਦੇ ਨਹੀਂ ਤੇ ਤੁਸੀਂ ਕਹਿੰਦੇ ਹੋ ਕਿ ਸ਼ਾਦੀ ਕਰ ਲਵਾਂ।"

"ਦੇਖ ਸ਼ੀਲੂ, ਆਪਣੇ ਇਥੇ ਸੁਭਾਅ ਅਤੇ ਹੋਰ ਪ੍ਰਕਾਰ ਦੇ ਗੁਣ ਔਗੁਣ ਸ਼ਾਦੀ ਤੋਂ ਬਾਅਦ ਸਾਹਮਣੇ ਆਉਂਦੇ ਹਨ। ਇਹ ਪਤੀ ਪਤਨੀ ਦੀ ਸਿੱਖਿਆ ਅਤੇ ਸੰਸਕਾਰਾਂ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਤਰ੍ਹਾਂ ਆਪਣਾ ਘਰੇਲੂ ਜੀਵਨ ਬਤੀਤ ਕਰਦੇ ਹਨ। ਰਹੀ ਗੱਲ ਪਸੰਦ ਦੀ, ਤੂੰ ਤਾਂ ਸੁੰਦਰ ਹੈਂ ਹੀ, ਸ਼ਹਿਰ ਦੇ ਸਭ ਤੋਂ ਅਮੀਰ ਵਪਾਰੀ ਦੀ ਪੁੱਤਰੀ ਅਤੇ ਲੜਕਾ ਵੀ ਇਨਕਾਰ ਨਹੀਂ ਕਰੇਗਾ, ਬੱਸ ਤੂੰ ਹਾਂ ਕਰ ਦੇ।"



ਸ਼ੀਲੂ ਖਾਮੋਸ਼ ਰਹੀ ਤਾਂ ਭਾਬੀ ਉਠਦੀ ਹੋਈ ਬੋਲੀ, "ਹਾਂ, ਇਹ ਇੱਕ ਲਿਫ਼ਾਫ਼ਾ ਆਇਆ ਹੈ......ਮੇਰੇ ਤਾਂ ਕਿਸੇ ਕੰਮ ਦਾ ਨਹੀਂ, ਤੂੰ ਹੀ ਰੱਖ ਲੈ।"

ਸ਼ੀਲੂ ਨੇ ਘੁੰਮ ਕੇ ਲਿਫਾਫੇ ਵੱਲ ਦੇਖਿਆ। ਜਦ ਭਾਬੀ ਚਲੀ ਗਈ ਤਾਂ ਉਸ ਦੇ ਮਨ ਵਿੱਚ ਉਤਸੁਕਤਾ ਪੈਦਾ ਹੋਈ। ਉਸ ਨੇ ਲਿਫਾਫਾ ਖੋਲ੍ਹਿਆ ਤਾਂ ਉਸ ਦੇ ਅੰਦਰ ਇੱਕ ਤਸਵੀਰ ਸੀ। ਤਸਵੀਰ 'ਤੇ ਨਜ਼ਰ ਪੈਂਦਿਆਂ ਹੀ ਉਹ ਚੌਂਕ ਗਈ। ਉਹ ਇੱਕ ਖ਼ੂਬਸੂਰਤ ਨੌਜਵਾਨ ਦੀ ਤਸਵੀਰ ਸੀ। ਉਸ ਦੀਆਂ ਨਜ਼ਰਾਂ ਅਜਿਹੀਆਂ ਸਨ, ਜੋ ਸਿੱਧੀਆਂ ਦਿਲ 'ਚ ਉੱਤਰ ਜਾਂਦੀਆਂ ਸਨ। ਕੇਸਾਂ ਦੀ ਇੱਕ ਲਟ ਮੱਥੇ 'ਤੇ ਲਟਕ ਰਹੀ ਸੀ ਅਤੇ ਮੁਸਕਰਾਉਂਦੇ ਹੋਏ ਬੁੱਲ੍ਹ ਕਹਿਰ ਵਰ੍ਹਾ ਰਹੇ ਸਨ।

ਉਸ ਫੋਟੋ ਨੂੰ ਦੇਖਦੇ ਹੀ ਉਹ ਕਲਪਨਾਮਈ ਦੁਨੀਆਂ 'ਚ ਗੁਆਚ ਗਈ। "ਵੀਰ ਜੀ ਨੇ ਏਨਾ ਸੁੰਦਰ ਨੌਜਵਾਨ ਮੇਰੀ ਝੋਲੀ 'ਚ ਪਾਉਣਾ ਚਾਹਿਆ ਹੈ, ਉਨ੍ਹਾਂ ਦਾ ਇਹ ਉਪਕਾਰ ਮੈਂ ਕਦੇ ਨਹੀਂ ਭੁੱਲ ਸਕਦੀ।"

ਦੂਸਰੇ ਦਿਨ ਅੰਮਾ ਨੇ ਸ਼ੀਲੂ ਨੂੰ ਬੁਲਾ ਕੇ ਕਿਹਾ, "ਉਸ ਦਿਨ ਲਈ ਵਧੀਆ ਜਿਹੀ ਪੁਸ਼ਾਕ ਭਾਬੀ ਨੂੰ ਬਜ਼ਾਰ ਲਿਜਾ ਕੇ ਹੀ ਲੈ ਆਵੀਂ। ਨਾਲੇ ਉਸ ਦਿਨ ਤੂੰ ਖੁਦ ਨੂੰ ਇਕੱਲੀ ਮਹਿਸੂਸ ਕਰੇਂਗੀ, ਇਸ ਲਈ ਆਪਣੀ ਕਿਸੇ ਸਹੇਲੀ ਨੂੰ ਬੁਲਾ ਲਵੀਂ।"

ਸਹੇਲੀ ਦਾ ਨਾਮ ਸੁਣਦੇ ਹੀ ਅਚਾਨਕ ਉਸ ਦੇ ਦਿਮਾਗ਼ ਵਿੱਚ ਇੱਕ ਫੁਰਨਾ ਫੁਰਿਆ "ਹਾਂ ਇਹੀ ਤਸਵੀਰ ਸੀ, ਇਹੀ ਦੇਖੀ ਸੀ ਮੈਂ ਛਾਇਆ ਕੋਲ। ਏਸੇ ਕਰਕੇ ਹੀ ਤਾਂ ਇਹ ਤਸਵੀਰ ਅਣਜਾਣੀ ਜਿਹੀ ਨਹੀਂ ਲੱਗੀ। ਕੀ ਇਹ ਲੜਕਾ ਛਾਇਆ ਦਾ ਪ੍ਰੇਮੀ ਹੈ ? ਆਪਣੇ ਅਪਮਾਨ ਦਾ ਬਦਲਾ ਲੈਣ ਲਈ ਮੈਨੂੰ ਇਸ ਤੋਂ ਚੰਗਾ ਮੌਕਾ ਕਦੀ ਨਹੀਂ ਮਿਲੇਗਾ।" ਉਸ ਦੇ ਚਿਹਰੇ 'ਤੇ ਬਦਲੇ ਭਰੀ ਭਾਵਨਾ ਦੀ ਮੁਸਕਰਾਹਟ ਜਿਹੀ ਆ ਗਈ।

ਪਹਿਲਾਂ ਛਾਇਆ ਸ਼ੀਲੂ ਦੀ ਪੱਕੀ ਦੋਸਤ ਸੀ। ਜਦ ਉਹ ਸਕੂਲ ਵਿੱਚ ਪੜ੍ਹਦੀ ਸੀ ਤਾਂ ਪੜ੍ਹਾਈ 'ਚ ਛਾਇਆ ਸਾਰੇ ਸਕੂਲ 'ਚੋਂ ਪਹਿਲੇ ਨੰਬਰ 'ਤੇ ਆਉਂਦੀ ਸੀ। ਪਿਤਾ ਜੀ ਦਾ ਅਚਾਨਕ ਦੇਹਾਂਤ ਹੋ ਜਾਣ ਕਾਰਨ ਸ਼ੀਲੂ ਮਾਮਾ ਜੀ ਕੋਲ ਚਲੀ ਗਈ ਤਾਂ ਛਾਇਆ ਨੂੰ ਵੱਡੇ ਸਕੂਲ 'ਚ ਭਰਤੀ ਕਰਾ ਦਿੱਤਾ ਗਿਆ।

ਸ਼ੀਲੂ ਪੜ੍ਹਾਈ 'ਚ ਬਹੁਤ ਕਮਜ਼ੋਰ ਸੀ। ਉਹ ਅਕਸਰ ਹੀ ਛਾਇਆ ਤੋਂ ਨੋਟਿਸ ਲੈਂਦੀ ਹੁੰਦੀ ਸੀ। ਨੋਟਿਸ ਉਤਾਰਨ ਤੋਂ ਬਾਅਦ ਜਦ ਉਹ ਉਨ੍ਹਾਂ ਨੂੰ ਵਾਪਸ ਕਰਦੀ ਤਾਂ ਕਾਪੀ ਦੀ ਬਹੁਤ ਬੁਰੀ ਹਾਲਤ ਹੁੰਦੀ। ਕੋਈ ਕੋਈ ਤਾਂ ਪੰਨਾ ਹੀ ਗਾਇਬ ਹੁੰਦਾ ਸੀ। ਛਾਇਆ ਨੂੰ ਬਹੁਤ ਦੁਖ ਹੁੰਦਾ ਪ੍ਰੰਤੂ ਉਸ ਨੇ ਸ਼ੀਲੂ ਨੂੰ ਕਦੇ ਕੁੱਝ ਨਹੀਂ ਕਿਹਾ ਸੀ।

ਇੱਕ ਦਿਨ ਸ਼ੀਲੂ ਉਸ ਦੇ ਕਮਰੇ 'ਚ ਬੈਠੀ ਸੀ ਤਾਂ ਅਟੈਚੀ ਸਾਫ ਕਰਦੇ ਸਮੇਂ ਇੱਕ ਫੋਟੋ ਛਾਇਆ ਦੇ ਹੱਥੋਂ ਡਿੱਗ ਪਈ। ਸ਼ੀਲੂ ਨੇ ਝੁਕ ਕੇ ਫੋਟੋ ਨੂੰ ਚੁੱਕ ਲਿਆ। "ਕਿਸ ਦੀ ਹੈ ਇਹ ਫੋਟੋ ?" ਉਸ ਨੇ ਅੱਖਾਂ 'ਚ ਸ਼ਰਾਰਤ ਭਰ ਕੇ ਕਿਹਾ।

"ਕਿਸੇ ਦੀ ਨਹੀਂ......ਬੱਸ......ਊਂ......ਹੀ......ਤੂੰ ਏਧਰ ਫੜਾ।" ਛਾਇਆ ਨੇ ਤਸਵੀਰ ਉਸ ਤੋਂ ਲੈਣੀ ਚਾਹੀ।

"ਨਹੀਂ ਪਹਿਲਾਂ ਦੱਸ, ਫੋਟੋ ਕਿਸ ਦੀ ਹੈ ? ਹਾਏ ਕਿੰਨਾ ਜਵਾਨ ਹੈ।"

"ਚੱਲ ਹਟ, ਬੇਸ਼ਰਮ......।"

"ਚੰਗਾ, ਨਾ ਦੱਸ ?"

"ਇਹ ਤੇਰੇ ਹੋਣ ਵਾਲੇ ਜੀਜਾ ਜੀ ਹਨ।"

"ਵਾਹ," ਛਾਇਆ ਦੇ ਹੱਥ 'ਤੇ ਜ਼ੋਰ ਦੀ ਹੱਥ ਮਾਰ ਕੇ ਸ਼ੀਲੂ ਚੀਕੀ ਅਤੇ ਫਿਰ ਤਪਾਕ ਦੇ ਕੇ ਬੋਲੀ, "ਦਿਲ ਕਰਦਾ ਹੈ ਇਸ 'ਤੇ ਆਪਣਾ ਕਬਜ਼ਾ ਕਰ ਲਵਾਂ......ਵਾਹ, ਕੀ ਚੀਜ਼ ਹੈ ?"

"ਨਹੀਂ ਸ਼ੀਲੂ," ਛਾਇਆ ਸ਼ੀਲੂ ਕੋਲ ਆ ਗਈ ਅਤੇ ਉਸ ਦਾ ਹੱਥ ਫੜ ਕੇ ਬੋਲੀ, "ਅਜਿਹਾ ਕਦੀ ਨਾ ਸੋਚਣਾ, ਇਹ ਮੇਰੀ ਜ਼ਿੰਦਗੀ ਹੈ। ਅਸੀਂ ਦੋਨੋਂ ਬਚਪਨ 'ਚ ਇੱਕ ਹੀ ਘਰ 'ਚ ਖੇਡਦੇ ਰਹੇ ਹਾਂ। ਮੇਰੇ ਪਿਤਾ ਅਤੇ ਇਸ ਦੇ ਪਿਤਾ ਜੀ ਦੀ ਬਹੁਤ ਪੱਕੀ ਦੋਸਤੀ ਸੀ। ਪ੍ਰੰਤੂ ਮੇਰੇ ਪਿਤਾ ਜੀ ਦਾ ਦੇਹਾਂਤ ਹੋ ਗਿਆ ਤਾਂ ਉਹ ਸਭ ਕੁੱਝ ਖਤਮ ਹੋ ਗਿਆ।"

ਕੁੱਝ ਦੇਰ ਛਾਇਆ ਚੁੱਪ ਰਹੀ।

"ਕੀ ਹੋ ਗਿਆ ਸੀ ਛਾਇਆ, ਤੂੰ ਮੈਨੂੰ ਦੱਸ ?" ਸ਼ੀਲੂ ਨੇ ਜ਼ਿੱਦ ਕੀਤੀ।

"ਇਹ ਬਹੁਤ ਪੈਸੇ ਵਾਲੇ ਲੋਕ ਹਨ। ਕਿਸੇ ਸਮੇਂ ਅਸੀਂ ਵੀ ਬਹੁਤ ਪੈਸੇ ਵਾਲੇ ਸਾਂ ਪ੍ਰੰਤੂ ਅਚਾਨਕ ਵਪਾਰ 'ਚ ਘਾਟਾ ਪੈ ਗਿਆ ਤਾਂ ਪਿਤਾ ਜੀ ਇਸ ਸਦਮੇ ਨੂੰ ਸਹਾਰ ਨਾ ਸਕੇ ਅਤੇ ਪ੍ਰਲੋਕ ਸਿਧਾਰ ਗਏ। ਸਾਨੂੰ ਮਿਲਿਆਂ ਹੁਣ ਕਾਫੀ ਸਮਾਂ ਹੋ ਗਿਆ ਹੈ। ਸੁਣਿਆ ਹੈ, ਅਮਰੀਕਾ 'ਚ ਕੋਈ ਕੋਰਸ ਕਰ ਰਿਹਾ ਹੈ," ਕੁੱਝ ਦੇਰ ਬਾਅਦ ਹੰਝੂ ਪੂੰਝ ਕੇ ਛਾਇਆ ਬੋਲੀ, "ਅਸੀਂ ਸੰਗ ਜਿਉਣ ਮਰਨ ਦੀਆਂ ਕਸਮਾਂ ਖਾਧੀਆਂ ਹਨ। ਬੱਸ ਬੀ. ਕਾਮ. ਦੀ ਪ੍ਰੀਖਿਆ ਤੋਂ ਬਾਅਦ ਮੈਂ ਕਿਸੇ ਨੌਕਰੀ 'ਤੇ ਲੱਗ ਜਾਵਾਂ ਤਾਂ ਸ਼ਾਦੀ ਹੋ ਜਾਵੇਗੀ।"

"ਤੈਨੂੰ ਵਿਸ਼ਵਾਸ ਹੈ ਕਿ ਤੇਰਾ ਇਹ ਪ੍ਰੇਮੀ ਤੇਰੇ ਨਾਲ ਹੀ ਸ਼ਾਦੀ ਕਰੇਗਾ।" ਸ਼ੀਲੂ ਨੇ ਪ੍ਰਸ਼ਨ ਕੀਤਾ।

"ਉਹ ਮੇਰੇ ਬਚਪਨ ਦਾ ਸਾਥੀ ਹੈ, ਸ਼ੀਲੂ। ਮੈਨੂੰ ਉਸ ਉਪਰ ਪੂਰਾ ਭਰੋਸਾ ਹੈ।" ਛਾਇਆ ਦੇ ਬੋਲਾਂ 'ਚ ਦ੍ਰਿੜ ਨਿਸ਼ਚਾ ਸੀ।

"ਬਚਪਨ ਦੇ ਸਾਥੀ ਤਾਂ ਮਾਂ-ਬਾਪ ਵੀ ਹੁੰਦੇ ਹਨ ਪ੍ਰੰਤੂ ਉਨ੍ਹਾਂ ਨਾਲੋਂ ਵੀ ਰਿਸ਼ਤਾ ਟੁੱਟ ਜਾਂਦਾ ਹੈ।"

"ਨਹੀਂ......ਮੇਰਾ ਅਤੁਲ ਅਜਿਹਾ ਨਹੀਂ ਹੈ।" ਪਹਿਲੀ ਵਾਰ ਛਾਇਆ ਨੇ ਆਪਣੇ ਪ੍ਰੇਮੀ ਦਾ ਨਾਂ ਲਿਆ। "ਉਹ ਮੇਰਾ ਹੈ ਅਤੇ ਮੇਰਾ ਹੀ ਰਹੇਗਾ......ਦੂਰੀ ਪਿਆਰ ਨੂੰ ਵਧਾਉਂਦੀ ਹੈ, ਘੱਟ ਨਹੀਂ ਕਰਦੀ।"

"ਦੇਖ ਲੈ" ਸ਼ੀਲੂ ਲਾਪਰਵਾਹੀ ਨਾਲ ਬੋਲੀ। "ਵੈਸੇ ਉਹ ਪੈਸੇ ਵਾਲਾ ਹੈ, ਸੁੰਦਰ ਹੈ। ਅਜਿਹਾ ਨਾ ਹੋਵੇ, ਤੇਰਾ ਵਿਸ਼ਵਾਸ ਡਗਮਗਾ ਜਾਵੇ।" ਸ਼ੀਲੂ ਚਲੀ ਗਈ ਪਰ ਉਸ ਦੇ ਦਿਲ ਵਿੱਚ ਉਥਲ ਪੁਥਲ ਮੱਚ ਰਹੀ ਸੀ। "ਛਾਇਆ ਦਾ ਪ੍ਰੇਮੀ ਲੱਖਾਂ 'ਚੋਂ ਇੱਕ ਹੈ। ਇੱਕ ਸਧਾਰਨ ਸੂਰਤ ਵਾਲੀ ਲੜਕੀ ਇੰਨਾ ਸੁੰਦਰ ਪਤੀ ਪਾਉਣ ਦੀ ਹੱਕਦਾਰ ਨਹੀਂ ਹੋ ਸਕਦੀ। ਅਮਰੀਕਾ ਵਿੱਚ ਪੜ੍ਹ ਰਿਹਾ ਖੂਬਸੂਰਤ ਨੌਜਵਾਨ ਇਸ ਨਾਲ ਸ਼ਾਦੀ ਕਦੀ ਨਹੀਂ ਕਰ ਸਕਦਾ। ਛਾਇਆ ਜ਼ਰੂਰ ਧੋਖਾ ਖਾਵੇਗੀ।"

ਹੁਣ ਮਾਂ ਦੀ ਗੱਲ ਸੁਣ ਕੇ ਕਿ, "ਕਿਸੇ ਸਹੇਲੀ ਨੂੰ ਬੁਲਾ ਲੈਣਾ", ਤਾਂ ਉਸ



ਨੂੰ ਪਿਛਲੀ ਸਾਰੀ ਘਟਨਾ ਯਾਦ ਆ ਗਈ।

ਪ੍ਰੀਖਿਆ ਹਾਲ ਵਿੱਚ ਵਣਿਜ ਦਾ ਪੇਪਰ ਹੋ ਰਿਹਾ ਸੀ। ਸਾਰੇ ਵਿਦਿਆਰਥੀ ਪੇਪਰ ਹੱਲ ਕਰਨ ਵਿੱਚ ਮਗਨ ਸਨ। ਛਾਇਆ ਦੇ ਬਿਲਕੁਲ ਪਿੱਛੇ ਸ਼ੀਲੂ ਦੀ ਸੀਟ ਸੀ। ਉਹ ਵਾਰ-ਵਾਰ ਛਾਇਆ ਦੀ ਚੁੰਨੀ ਖਿੱਚ ਕੇ ਉਸ ਦੀ ਕਾਪੀ ਮੰਗ ਰਹੀ ਸੀ ਪਰ ਜਦ ਛਾਇਆ ਨੇ ਕੋਈ ਉੱਤਰ ਨਾ ਦਿੱਤਾ ਤਾਂ ਸ਼ੀਲੂ ਗੁੱਸੇ ਵਿੱਚ ਆ ਗਈ। ਛਾਇਆ ਤੋਂ ਗੁੱਸੇ ਹੋ ਕੇ ਉਸ ਨੇ ਆਸੇ ਪਾਸੇ ਦੇਖਿਆ ਤੇ ਫਿਰ ਪਰਸ ਵਿੱਚੋਂ ਇੱਕ ਪਰਚੀ ਕੱਢ ਕੇ ਕਾਪੀ 'ਤੇ ਉਤਾਰਨ ਲੱਗੀ।

ਤਦ ਹੀ ਛਾਇਆ ਦੀ ਨਜ਼ਰ ਉਸ 'ਤੇ ਪਈ ਅਤੇ ਬੋਲੀ, "ਇਹ ਕੀ ਹੈ ? ਇਹ ਗਲਤ ਹੈ ਸ਼ੀਲੂ। ਪੇਪਰ ਖੁਦ ਹੱਲ ਕਰ, ਨਕਲ ਤੋਂ ਨਹੀਂ।"

ਤਦ ਹੀ ਨਿਰੀਖਕ ਦੀ ਨਜ਼ਰ ਉਧਰ ਗਈ ਅਤੇ ਉਹ ਤੇਜ਼ੀ ਨਾਲ ਸ਼ੀਲੂ ਵੱਲ ਵਧੇ। ਪਰਚੀ ਹਾਲੇ ਵੀ ਸ਼ੀਲੂ ਦੇ ਹੱਥ ਵਿੱਚ ਸੀ। ਉਹ ਰੰਗੇ ਹੱਥੀਂ ਫੜੀ ਗਈ। ਉਸ ਦੀ ਕਾਪੀ ਖੋਹ ਲਈ ਗਈ ਅਤੇ ਉਸ ਨੂੰ ਸੁਪਰਡੈਂਟ ਪਾਸ ਲਿਜਾਇਆ ਗਿਆ। ਅਪਮਾਨ ਨਾਲ ਪੀੜਿਤ, ਮੂੰਹ ਛੁਪਾ ਕੇ ਉਹ ਗੁੱਸੇ ਵਿੱਚ ਤਿਲਮਿਲਾ ਉੱਠੀ। ਸਾਰੀ ਕਲਾਸ ਉਸ ਨੂੰ ਆਪਣੇ ਵੱਲ ਘੂਰ ਰਹੀ ਜਾਪਦੀ ਸੀ। ਇੰਨਾ ਅਪਮਾਨ ਉਸ ਨੂੰ ਪਹਿਲਾਂ ਕਦੀ ਮਹਿਸੂਸ ਨਹੀਂ ਹੋਇਆ ਸੀ। ਛਾਇਆ ਨੂੰ ਉਸ ਨੇ ਜਲਦੀਆਂ ਅੱਖਾਂ ਨਾਲ ਘੂਰਿਆ ਤੇ ਬਾਹਰ ਚਲੀ ਗਈ। ਪਿਤਾ ਜੀ ਦੇ ਦਬਾਅ ਨਾਲ ਉਸ ਨੇ ਬਾਕੀ ਪੇਪਰ ਤਾਂ ਦੇ ਦਿੱਤੇ ਪ੍ਰੰਤੂ ਛਾਇਆ ਪ੍ਰਤੀ ਉਸ ਦੇ ਮਨ ਵਿੱਚ ਇੱਕ ਕਠੋਰ ਭਾਵਨਾ ਅਤੇ ਘ੍ਰਿਣਾ ਨੇ ਜਨਮ ਲੈ ਲਿਆ ਸੀ। ਹੁਣ ਉਸ ਨੂੰ ਬਦਲਾ ਲੈਣ ਦਾ ਮੌਕਾ ਮਿਲਿਆ ਸੀ। ਉਸ ਦਿਨ ਦੇ ਅਪਮਾਨ ਦਾ ਬਦਲਾ ਉਹ ਛਾਇਆ ਦੇ ਜੀਵਨ ਦੀ ਸਭ ਤੋਂ ਕੀਮਤੀ ਚੀਜ਼ ਖੋਹ ਕੇ ਲਵੇਗੀ।

ਛਾਇਆ ਸ਼ੀਲੂ ਨੂੰ ਦੇਖ ਕੇ ਬਹੁਤ ਹੈਰਾਨ ਹੋਈ, "ਤੂੰ।" ਸ਼ੀਲੂ ਬਿਨਾਂ ਕਿਸੇ ਝਿਜਕ ਦੇ ਛਾਇਆ ਦੇ ਕਮਰੇ 'ਚ ਆ ਕੇ ਆਰਾਮ ਨਾਲ ਕੁਰਸੀ 'ਤੇ ਬੈਠ ਗਈ ਤੇ ਕਹਿਣ ਲੱਗੀ, "ਮੈਂ ਸੋਚਿਆ, ਚਾਰ ਦਿਨ ਦੀ ਜ਼ਿੰਦਗੀ ਵਿੱਚ ਵੈਰ ਮੁੱਲ ਲੈ ਕੇ ਕੀ ਕਰਨਾ ਹੈ? ਛੱਡ ਪੁਰਾਣੇ ਗਿਲੇ ਸ਼ਿਕਵੇ......ਅਤੇ ਆਪਾਂ ਪਹਿਲਾਂ ਵਾਂਗ ਦੋਸਤੀ ਕਾਇਮ ਕਰ ਲਈਏ।"

ਛਾਇਆ ਹੈਰਾਨੀ ਨਾਲ ਸ਼ੀਲੂ ਵੱਲ ਦੇਖਦੀ ਰਹੀ। ਉਸ ਨੂੰ ਲੱਗਾ, ਇਹ ਅਸੰਭਵ ਹੈ, ਸ਼ੀਲੂ ਇੰਨੀ ਨਰਮ ਨਹੀਂ ਹੋ ਸਕਦੀ। ਫਿਰ ਉਹ ਬੋਲੀ, "ਮੈਂ ਚਾਹ ਬਣਾਉਂਦੀ ਹਾਂ।"

"ਨਹੀਂ ਛਾਇਆ, ਮੈਂ ਜ਼ਿਆਦਾ ਦੇਰ ਨਹੀਂ ਬੈਠਾਂਗੀ......ਸ਼ਹਿਰ ਵਿੱਚ ਹੋਲੀ ਦਾ ਰੌਲਾ-ਰੱਪਾ ਪੈ ਰਿਹਾ ਹੈ। ਮੈਂ ਤੈਨੂੰ ਹੋਲੀ ਤੋਂ ਅਗਲੇ ਦਿਨ ਦਾ ਸੱਦਾ ਦੇਣ ਆਈ ਹਾਂ। ਮੇਰੀ ਸ਼ਾਦੀ ਤੈਅ ਹੋ ਰਹੀ ਹੈ। ਤੂੰ ਉਸ ਦਿਨ ਸਾਡੇ ਘਰ ਜ਼ਰੂਰ ਆਵੀਂ। ਕਿਸੇ ਸਮੇਂ ਤੂੰ ਮੇਰੀ ਸਭ ਤੋਂ ਪਿਆਰੀ ਦੋਸਤ ਸੀ, ਇਸੇ ਕਾਰਨ ਜ਼ਰੂਰ ਆਉਣਾ।"

"ਪਰ ਸ਼ੀਲੂ, ਪੇਪਰ ਨਜ਼ਦੀਕ ਹਨ।" ਛਾਇਆ ਨੇ ਅਸਮਰਥਾ ਦਿਖਾਈ।

ਪ੍ਰੀਖਿਆ ਦੇ ਨਾਂ 'ਤੇ ਸ਼ੀਲੂ ਚਿੜ ਗਈ। ਪਿਛਲੀ ਸਾਰੀ ਘਟਨਾ ਉਸ ਨੂੰ ਫਿਰ ਯਾਦ ਆ ਗਈ, ਪਰ ਗੁੱਸੇ ਨੂੰ ਦਬਾਉਂਦਿਆਂ ਮੁਸਕਰਾ ਕੇ ਉਸ ਨੇ ਕਿਹਾ, "ਤੂੰ ਜ਼ਰੂਰ

ਆਵੀਂ, ਮੈਂ ਡਰਾਈਵਰ ਭੇਜ ਦੇਵਾਂਗੀ, ਸ਼ਾਮ ਦੇ ਠੀਕ 4 ਵਜੇ।" ਛਾਇਆ ਨੂੰ ਕੁੱਝ ਕਹਿਣ ਦਾ ਮੌਕਾ ਦਿੱਤੇ ਬਿਨਾਂ ਹੀ ਸ਼ੀਲੂ ਵਾਪਸ ਚਲੀ ਗਈ।

ਹੋਲੀ ਦੇ ਦੂਸਰੇ ਦਿਨ ਸ਼ੀਲੂ ਦੀ ਖੁਸ਼ੀ ਦੁੱਗਣੀ ਹੋ ਗਈ, ਕਿਉਂਕਿ ਛਾਇਆ ਦਾ ਪ੍ਰੇਮੀ ਉਸ ਨੂੰ ਮਿਲ ਰਿਹਾ ਸੀ।

ਸ਼ਾਮ ਹੋਣ ਲੱਗੀ। ਭਾਬੀ ਅਤੇ ਮਾਂ ਜੀ ਨੌਕਰਾਂ ਨਾਲ ਖਾਣ-ਪੀਣ ਦੇ ਸਮਾਨ ਦਾ ਪ੍ਰਬੰਧ ਕਰਨ ਵਿੱਚ ਲੱਗੀਆਂ ਹੋਈਆਂ ਸਨ। ਬਾਹਰ ਪਾਰਕ ਵਿੱਚ ਪਾਣੀ ਛਿੜਕਾ ਦਿੱਤਾ ਗਿਆ ਸੀ ਅਤੇ ਝੂਲੇ ਵਿੱਚ ਫੁੱਲਾਂ ਦੀਆਂ ਲੜੀਆਂ ਸਜਾ ਦਿੱਤੀਆਂ ਗਈਆਂ ਸਨ।

ਛਾਇਆ ਸ਼ੀਲੂ ਦੇ ਘਰ ਦੇ ਸਾਹਮਣੇ ਉਤਰ ਕੇ ਝਿਜਕੀ ਕਿ ਇੰਨੇ ਵੱਡੇ ਘਰ ਵਿੱਚ ਉਹ ਕਿਸ ਤਰ੍ਹਾਂ ਜਾਵੇ? ਉਸ ਨੂੰ ਲੱਗਾ, ਕਿਤੇ ਸ਼ੀਲੂ ਨੇ ਉਸ ਨੂੰ ਅਪਮਾਨਿਤ ਕਰਨ ਲਈ ਹੀ ਨਾ ਬੁਲਾਇਆ ਹੋਵੇ। ਉਸ ਦਾ ਸੁਭਾਅ ਇੰਨੀ ਜਲਦੀ ਕਿਵੇਂ ਬਦਲ ਗਿਆ। ਤਦ ਹੀ ਇੱਕ ਛੋਟੀ ਜਿਹੀ ਬੱਚੀ ਦੌੜਦੀ ਹੋਈ ਉਸ ਕੋਲ ਆਈ ਤੇ ਕਹਿਣ ਲੱਗੀ, "ਉਪਰ ਆਓ, ਸ਼ੀਲੂ ਭੂਆ ਤੁਹਾਨੂੰ ਬੁਲਾ ਰਹੀ ਹੈ।"

ਜਦ ਛਾਇਆ ਉੱਪਰ ਪਹੁੰਚੀ ਤਾਂ ਸ਼ੀਲੂ ਪਿਆਰ ਨਾਲ ਉਸ ਨੂੰ ਕਮਰੇ ਵਿੱਚ ਲੈ ਆਈ। ਹੁਣ ਤੱਕ ਉਹ ਤਿਆਰ ਹੋ ਚੁੱਕੀ ਸੀ। ਅਸਮਾਨੀ ਜੋੜੇ ਵਿੱਚ ਉਹ ਚੰਦ ਵਾਂਗ ਨਜ਼ਰ ਆ ਰਹੀ ਸੀ।

ਥੋੜ੍ਹੀ ਦੇਰ ਬਾਅਦ ਹੀ ਰੌਲਾ ਪਿਆ, "ਮਹਿਮਾਨ ਆ ਗਏ।" ਨੌਕਰਾਂ ਨੇ ਦੱਸਿਆ ਤਾਂ ਸ਼ੀਲੂ ਦਾ ਦਿਲ ਇੱਕ ਵਾਰ ਜ਼ੋਰ ਨਾਲ ਧੜਕਿਆ ਕਿ ਕਿਤੇ ਛਾਇਆ ਅਤੁਲ ਨੂੰ ਦੇਖ ਕੇ ਕੁੱਝ ਗੜਬੜ ਹੀ ਨਾ ਕਰ ਬੈਠੇ। ਫਿਰ "ਦੇਖਿਆ ਜਾਵੇਗਾ" ਸੋਚ ਕੇ ਉਹ ਸ਼ਾਂਤ ਰਹੀ। ਛਾਇਆ ਨੇ ਸ਼ੀਲੂ ਨਾਲ ਅੰਦਰ ਜਾਣਾ ਸੀ। ਬੈਠਕ ਵਿੱਚ ਅਤੁਲ ਆਪਣੇ ਮਾਤਾ-ਪਿਤਾ ਨਾਲ ਬੈਠਾ ਸੀ, ਭਾਬੀ ਪਹਿਲਾਂ ਹੀ ਅੰਦਰ ਜਾ ਚੁੱਕੀ ਸੀ। ਸ਼ੀਲੂ ਦਾ ਹੱਥ ਫੜੀ ਛਾਇਆ ਨੇ ਜਿਉਂ ਹੀ ਪਰਦਾ ਉਠਾਇਆ ਤਾਂ ਸਾਹਮਣੇ ਬੈਠੇ ਅਤੁਲ 'ਤੇ ਉਸ ਦੀ ਨਜ਼ਰ ਪਈ। ਉਹ ਉਸ ਸਮੇਂ ਵੀਰੂ ਨਾਲ ਗੱਲਬਾਤ ਕਰ ਰਿਹਾ ਸੀ। ਅਤੁਲ ਨੂੰ ਦੇਖਦੇ ਹੀ ਉਹ ਇੱਕ ਤਰ੍ਹਾਂ ਨਾਲ ਅਸਮਾਨ ਤੋਂ ਹੇਠਾਂ ਆ ਡਿੱਗੀ। ਸ਼ੀਲੂ ਤਦ ਤੱਕ ਉਸ ਦਾ ਹੱਥ ਛੱਡ ਕੇ ਭਾਬੀ ਨਾਲ ਬੈਠ ਚੁੱਕੀ ਸੀ। ਉਸ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਸੀ। ਛਾਇਆ ਨੂੰ ਮਹਿਸੂਸ ਹੋਇਆ ਕਿ ਇਹ ਘਰ ਹੀ ਨਹੀਂ, ਸਾਰੀ ਦੁਨੀਆਂ ਘੁੰਮ ਰਹੀ ਹੈ। ਉਹ ਤੇਜ਼ੀ ਨਾਲ ਬਾਹਰ ਵੱਲ ਭੱਜੀ। ਉਸ ਦੇ ਸਾਹ ਤੇਜ਼ੀ ਨਾਲ ਚੱਲ ਰਹੇ ਸਨ। ਸਾਰਾ ਸਰੀਰ ਪਸੀਨੇ ਨਾਲ ਭਿੱਜ ਗਿਆ ਸੀ। ਉਹ ਸੋਚਣ ਲੱਗੀ, "ਕੀ ਏਸੇ ਗੱਲ ਲਈ ਸ਼ੀਲੂ ਨੇ ਉਸ ਨੂੰ ਬੁਲਾਇਆ ਸੀ ? ਉਸ ਦੀ ਬਰਬਾਦੀ ਦਾ ਨਜ਼ਾਰਾ ਉਸ ਨੂੰ ਦਿਖਾਉਣ ਲਈ ਤੇ ਅਤੁਲ......ਉਹ ਨਿਰਮੋਹੀ, ਬੇਵਫ਼ਾ......ਸਾਰੇ ਵਾਅਦੇ ਭੁੱਲ ਗਿਆ।" ਰੋਂਦੀ ਹੋਈ ਉਹ ਇੱਕ ਖੰਭੇ ਦੇ ਪਿੱਛੇ ਖੜ੍ਹ ਗਈ। ਉਸ ਨੇ ਡਰਾਈਵਰ ਨੂੰ ਬੇਨਤੀ ਕੀਤੀ, "ਮੇਰੀ ਤਬੀਅਤ ਠੀਕ ਨਹੀਂ ਹੈ, ਮੈਨੂੰ ਘਰ ਛੱਡ ਆਓ।"

ਆਪਣੇ ਕਮਰੇ ਵਿੱਚ ਆ ਕੇ ਛਾਇਆ ਪਾਗਲਾਂ ਦੀ ਤਰ੍ਹਾਂ ਛੱਤ ਵੱਲ ਵੇਖਦੀ ਰਹੀ, ਅਤੁਲ ਅਜਿਹਾ ਕਰੇਗਾ, ਉਸ ਨੂੰ ਵਿਸ਼ਵਾਸ ਨਹੀਂ ਸੀ। ਕਿੰਨਾ ਭਰੋਸਾ ਸੀ ਉਸ



ਨੂੰ ਆਪਣੇ ਪਿਆਰ 'ਤੇ ਪ੍ਰੰਤੂ ਹੁਣ ਸਭ ਕੁੱਝ ਖਤਮ ਹੋ ਗਿਆ ਸੀ। ਉਹ ਵਿਲਕ ਕੇ ਰੋ ਪਈ। ਹੰਝੂ ਵਹਾਉਂਦੇ ਹੋਏ ਉਸ ਨੂੰ ਆਪਣਾ ਅਤੀਤ ਯਾਦ ਆ ਗਿਆ ਜਦ ਉਹ 5 ਅਤੇ ਅਤੁਲ 7 ਸਾਲ ਦਾ ਸੀ।

ਦੋਹਾਂ ਘਰਾਂ ਨੇ ਤਹਿ ਕੀਤਾ ਹੋਇਆ ਸੀ ਕਿ ਉਹ ਅਤੁਲ ਅਤੇ ਛਾਇਆ ਦੀ ਸ਼ਾਦੀ ਕਰ ਦੇਣਗੇ। ਛਾਇਆ ਦੇ ਵਾਲ ਸੁੰਦਰ ਸਨ ਜੋ ਅਤੁਲ ਨੂੰ ਬਹੁਤ ਪਸੰਦ ਸਨ। ਫਿਰ ਇੱਕ ਦਿਨ ਉਨ੍ਹਾਂ 'ਤੇ ਕਹਿਰ ਆ ਵਰ੍ਹਿਆ। ਛਾਇਆ ਦੇ ਪਿਤਾ ਦਾ ਕੋਲੇ ਦਾ ਵਪਾਰ ਸੀ। ਇੱਕ ਵਾਰ ਉਹ ਠੇਕੇ ਵਿੱਚ ਧੋਖਾ ਖਾ ਗਏ। ਲੱਖਾਂ ਦਾ ਵਪਾਰ ਕੌਡੀਆਂ ਦਾ ਰਹਿ ਗਿਆ। ਇਹ ਨੁਕਸਾਨ ਉਹ ਸਹਿ ਨਾ ਸਕੇ ਅਤੇ ਗੁਜ਼ਰ ਗਏ। ਛੋਟੇ ਭਰਾ ਨੂੰ ਲੈ ਕੇ ਮਾਂ ਮਾਮਾ ਜੀ ਕੋਲ ਚਲੀ ਗਈ ਅਤੇ ਛਾਇਆ ਪੜ੍ਹਾਈ ਲਈ ਮੇਰਠ ਆ ਗਈ। ਉਨ੍ਹਾਂ ਦਿਨਾਂ 'ਚ ਅਤੁਲ ਅਮਰੀਕਾ ਵਿੱਚ ਸੀ।

ਛਾਇਆ ਨੇ ਅਤੁਲ ਦੇ ਅਮਰੀਕਾ ਦੇ ਪਤੇ 'ਤੇ ਕਈ ਪੱਤਰ ਲਿਖੇ ਜਿਨ੍ਹਾਂ ਦਾ ਅਤੁਲ ਨੇ ਬੇਹੱਦ ਸੰਖੇਪ ਉੱਤਰ ਦਿੱਤਾ ਸੀ। ਛਾਇਆ ਸੋਚਦੀ, ਖੁੱਲ੍ਹ ਕੇ ਪੱਤਰ ਲਿਖਣ ਲਈ ਅਤੁਲ ਨੂੰ ਪੜ੍ਹਾਈ 'ਚੋਂ ਸਮਾਂ ਨਹੀਂ ਮਿਲਦਾ ਹੋਵੇਗਾ। ਪਰ ਹੁਣ ਕੁਦਰਤ ਨੇ ਉਸ ਨੂੰ ਇੰਨਾ ਵੱਡਾ ਧੱਕਾ ਦਿੱਤਾ ਸੀ ਕਿ ਉਸ ਨੂੰ ਲੱਗਾ, ਉਹ ਜੀਵਨ ਭਰ ਸੰਭਲ ਨਹੀਂ ਸਕੇਗੀ।

ਰਾਤ ਨੂੰ ਉਹ ਉਠੀ ਅਤੇ ਮਾਂ ਨੂੰ ਪੱਤਰ ਲਿਖਣ ਬੈਠ ਗਈ। ਆਪਣਾ ਸਾਰਾ ਦੁੱਖ ਦਰਦ ਉਸ ਨੇ ਸ਼ਬਦਾਂ 'ਚ ਪਰੋ ਦਿੱਤਾ ਪਰ ਫਿਰ ਪੱਤਰ ਪਾੜ ਦਿੱਤਾ। ਸੋਚਿਆ, 'ਦੁਖੀ ਮਾਂ ਇਹ ਸਦਮਾ ਸਹਿ ਨਹੀਂ ਸਕੇਗੀ।' ਰੋਂਦੇ ਰੋਂਦੇ ਉਹ ਸੌਂ ਗਈ।

ਦੂਸਰੇ ਪਾਸੇ ਸ਼ੀਲੂ ਖੁਸ਼ ਸੀ। ਅਤੁਲ ਨੇ ਉਸਨੂੰ ਪਸੰਦ ਕਰ ਲਿਆ ਸੀ ਅਤੇ ਉਸ ਨੇ ਅਤੁਲ ਨੂੰ। ਛਾਇਆ 'ਤੇ ਕੀ ਬੀਤੀ ਹੋਵੇਗੀ, ਇਸ ਵੱਲ ਕਿਸੇ ਨੇ ਧਿਆਨ ਹੀ ਨਾ ਦਿੱਤਾ।

ਵਿਆਹ ਦਾ ਦਿਨ ਜਿਉਂ ਜਿਉਂ ਨੇੜੇ ਆਉਂਦਾ ਗਿਆ, ਸ਼ੀਲੂ ਦਾ ਦਿਲ ਘਬਰਾਉਂਦਾ ਰਿਹਾ ਕਿ ਕਿਤੇ ਛਾਇਆ ਦੀ ਅਮਾਨਤ ਨੂੰ ਅਪਣਾ ਕੇ ਉਹ ਗਲਤੀ ਤਾਂ ਨਹੀਂ ਕਰ ਰਹੀ। ਪਰ ਫੇਰ ਦਿਮਾਗ ਵਿੱਚ ਆਉਂਦਾ, "ਤੇਰਾ ਕੀ ਕਸੂਰ ਹੈ, ਤੂੰ ਅਤੁਲ ਕੋਲ ਨਹੀਂ ਗਈ, ਉਹ ਖੁਦ ਤੇਰੀ ਝੋਲੀ 'ਚ ਆ ਡਿੱਗਿਆ ਹੈ ?"

ਵਿਆਹ ਤੋਂ ਬਾਅਦ ਦੋਵੇਂ ਹਨੀਮੂਨ ਮਨਾਉਣ ਲਈ ਸਵਿਟਜ਼ਰਲੈਂਡ ਚਲੇ ਗਏ। ਬਰਫ਼ ਦੀਆਂ ਵਾਦੀਆਂ 'ਚ ਸ਼ੀਲੂ ਸਭ ਕੁੱਝ ਭੁੱਲ ਗਈ ਪ੍ਰੰਤੂ ਘਰ ਆ ਕੇ ਜਦ ਅਤੁਲ ਨੇ ਸਾਰਾ ਵਪਾਰ ਪੂਰੀ ਤਰ੍ਹਾਂ ਸੰਭਾਲ ਲਿਆ ਤਾਂ ਉਸ ਦਾ ਸਾਰਾ ਖੁਮਾਰ ਉੱਤਰ ਗਿਆ। ਹੁਣ ਦਿਨ ਭਰ ਅਤੁਲ ਬਾਹਰ ਰਹਿੰਦਾ! ਘਰ ਵਿੱਚ ਸੁਖ ਸਹੂਲਤਾਂ ਦੀ ਕੋਈ ਕਮੀ ਨਹੀਂ ਸੀ, ਖੁਦ ਦੀ ਦੇਖ ਭਾਲ ਲਈ ਇੱਕ ਸੇਵਕਾ ਵੀ ਸੀ, ਫਿਰ ਵੀ ਅਤੁਲ ਦੀ ਕਮੀ ਉਸ ਨੂੰ ਰੜਕਦੀ ਰਹਿੰਦੀ, ਅਕਸਰ ਐਤਵਾਰ ਨੂੰ ਅਤੁਲ ਸਮਾਂ ਨਾ ਕੱਢ ਸਕਦਾ ਤਾਂ ਸ਼ੀਲੂ ਚਿੜ ਜਾਂਦੀ। ਕਦੀ ਕਦੀ ਪਾਰਟੀ ਵਗੈਰਾ 'ਚੋਂ ਪਰਤਦਾ ਤਾਂ ਸ਼ਰਾਬ ਪੀ ਕੇ ਆਉਂਦਾ। ਆਪਣੇ ਘਰ ਵਿੱਚ ਸ਼ੀਲੂ ਨੇ ਕਦੀ ਸ਼ਰਾਬ ਦਾ ਮੂੰਹ ਵੀ ਨਹੀਂ ਦੇਖਿਆ ਸੀ ਪ੍ਰੰਤੂ ਹੁਣ ਨਜ਼ਦੀਕ ਪਏ ਪਤੀ ਦੇ ਮੂੰਹ 'ਚੋਂ ਬੋਅ ਆਉਂਦੀ ਰਹਿੰਦੀ ਸੀ ਤਾਂ ਉਹ ਉਸ ਨੂੰ ਪਰੇ ਧੱਕ ਦਿੰਦੀ। ਤਦ ਦਿਨ ਭਰ ਦਾ ਥੱਕਿਆ ਟੁੱਟਿਆ, ਨਸ਼ੇ 'ਚ ਚੂਰ ਅਤੁਲ

ਜ਼ਬਰਦਸਤੀ ਉਸ ਨੂੰ ਆਪਣੇ ਵੱਲ ਖਿੱਚ ਲੈਂਦਾ। ਉਸ ਸਮੇਂ ਸ਼ੀਲੂ ਨੂੰ ਛਾਇਆ ਆਪਣੇ ਆਸ ਪਾਸ ਖੜ੍ਹੀ ਉਸ ਦੀ ਸਥਿਤੀ ’ਤੇ ਹੱਸਦੀ ਨਜ਼ਰ ਆਉਂਦੀ। ਇੱਕ ਦਿਨ ਡਰਦੇ ਡਰਦੇ ਉਸ ਨੇ ਆਪਣੀ ਸੱਸ ਨੂੰ ਕਿਹਾ, “ਇਹ ਅੱਜ ਕੱਲ੍ਹ ਹਰ ਰੋਜ਼ ਦੇਰ ਨਾਲ ਘਰ ਪਰਤਦੇ ਹਨ.....ਸ਼ਰਾਬ ਵੀ ਪੀਣ ਲੱਗੇ ਹਨ।”

ਮਾਂ ਨੇ ਥੋੜ੍ਹੀ ਉੱਚੀ ਸੁਰ ਵਿੱਚ ਕਿਹਾ, “ਇਹ ਕਾਰੋਬਾਰ ਦੀਆਂ ਗੱਲਾਂ ਹਨ ਬਹੂ। ਪੀਵੇਗਾ ਪਿਲਾਵੇਗਾ ਨਹੀਂ ਤਾਂ ਪੈਸੇ ਕਿਥੋਂ ਬਟੋਰੇਗਾ। ਇਹ ਐਸ਼ੋ-ਆਰਾਮ, ਸੁੱਖ ਸਹੂਲਤਾਂ ਇਉਂ ਹੀ ਨਹੀਂ ਮਿਲ ਜਾਂਦੀਆਂ। ਤੇਰੇ ਸਹੁਰਾ ਜੀ ਵੀ ਕਿਸੇ ਸਮੇਂ ਇੰਨਾ ਹੀ ਬਾਹਰ ਨੂੰ ਦੌੜਦੇ ਸਨ ਤਦ ਮੈਂ ਵੀ ਇੰਤਜ਼ਾਰ ਕਰਦੀ ਰਹਿੰਦੀ ਸੀ। ਇਸ ਵਿੱਚ ਨਵਾਂ ਕੀ ਹੈ ?”

ਹੌਲੀ ਹੌਲੀ ਸਮਾਂ ਬੀਤਦਾ ਗਿਆ। ਸ਼ੀਲੂ ਦੋ ਬੱਚਿਆਂ ਦੀ ਮਾਂ ਬਣ ਗਈ। ਉਹ ਜ਼ਿੱਦੀ, ਘੁਮੰਡੀ ਅਤੇ ਗੱਲ ਗੱਲ ’ਤੇ ਨੁਕਸ ਕੱਢਣ ਵਾਲੀ ਸ਼ੀਲੂ ਹੁਣ ਇਕਦਮ ਸਿੱਧੀ ਹੋ ਗਈ ਸੀ। ਹਾਂ, ਚਿੜਚਿੜੀ ਜ਼ਰੂਰ ਹੋ ਗਈ ਸੀ, ਗੱਲ ਗੱਲ ’ਤੇ ਉਹ ਰੌਲਾ ਪਾਉਣ ਲੱਗ ਜਾਂਦੀ। ਉਹ ਸੋਚਦੀ, ਚੰਗਾ ਹੋਇਆ, ਛਾਇਆ ਇਸ ਦੀ ਜ਼ਿੰਦਗੀ ਵਿੱਚ ਨਹੀਂ ਆਈ, ਵਰਨਾ ਇਹੀ ਦੁੱਖ ਅਤੇ ਇਕੱਲਾਪਣ ਉਹ ਵੀ ਝੱਲਦੀ। ਉਸ ਦੀ ਇੱਛਾ ਹੁੰਦੀ ਕਿ ਉਹ ਅਤੁਲ ਤੋਂ ਛਾਇਆ ਦੇ ਵਿਸ਼ੇ ’ਤੇ ਕੁੱਝ ਨਾ ਕੁੱਝ ਪੁੱਛੇ ਪਰ ਫਿਰ ਇਹ ਸੋਚ ਕੇ ਚੁੱਪ ਕਰ ਜਾਂਦੀ ਕਿ ਸਬੰਧਾਂ ਵਿੱਚ ਕੋਈ ਤਰੇੜ ਨਾ ਪੈ ਜਾਵੇ।

ਇੱਕ ਦਿਨ ਸ਼ੀਲੂ ਦਾ ਰਿਹਾ ਸਿਹਾ ਵਿਸ਼ਵਾਸ ਵੀ ਟੁੱਟ ਗਿਆ। ਜਦ ਅਤੁਲ ਨੇ ਕਿਹਾ ਕਿ ਉਸ ਨੇ ਤਾਂ ਉਸ ਨੂੰ ਉਸ ਦੇ ਰੰਗ ਰੂਪ ਤੋਂ ਪ੍ਰਭਾਵਿਤ ਹੋ ਕੇ ਪਸੰਦ ਕੀਤਾ ਸੀ। ਸ਼ੀਲੂ ਨੂੰ ਗਲ ਨਾਲ ਲਾ ਕੇ ਉਹ ਕੁੱਝ ਜ਼ਿਆਦਾ ਹੀ ਭਾਵੁਕ ਹੋ ਗਿਆ। ਇਸੇ ਦੌਰਾਨ ਉਸ ਨੇ ਦੱਸਿਆ ਕਿ ਵਪਾਰ ਵਿੱਚ ਹੋਏ ਘਾਟੇ ਦੀ ਪੂਰਤੀ ਅਤੇ ਐਸ਼ੋ-ਅਰਾਮ ਨੂੰ ਕਾਇਮ ਰੱਖਣ ਲਈ ਉਸ ਨੂੰ ਅਮੀਰ ਘਰਾਣੇ ਦੀ ਲੜਕੀ ਨਾਲ ਸ਼ਾਦੀ ਕਰਨੀ ਪਈ। ਉਸ ਦੀ ਖੁਸ਼ਕਿਸਮਤੀ ਸੀ ਜਾਂ ਕੁਦਰਤ ਦੀ ਮਿਹਰਬਾਨੀ ਕਿ ਉਸ ਨੂੰ ਇੱਕ ਖੂਬਸੂਰਤ ਪਤਨੀ ਮਿਲੀ ਹੈ।

ਉਸ ਸਮੇਂ ਸ਼ੀਲੂ ਦੇ ਅਰਮਾਨ ਬਿਲਕੁਲ ਟੁੱਟ ਕੇ ਡਿੱਗ ਪਏ। ਅਤੁਲ ਦੇ ਪਿਆਰ ’ਚੋਂ ਉਸ ਨੂੰ ਦੋਗਲੇਪਣ ਦੀ ਬੋਅ ਆਉਣ ਲੱਗੀ ਸੀ। ਉਸ ਦਾ ਦਿਲ ਟੁਕੜੇ ਟੁਕੜੇ ਹੋ ਗਿਆ।

ਇੱਕ ਰਾਤ ਨੂੰ ਜਦ ਅਤੁਲ ਘਰ ਵਾਪਸ ਪਰਤਿਆ ਤਾਂ ਸਾਰੇ ਪਰਿਵਾਰਕ ਮੈਂਬਰ ਮੂੰਹ ਲਟਕਾਈ ਬੈਠੇ ਸਨ। ਅੰਮਾ ਅਤੇ ਬਾਬੂ ਜੀ ਨੇ ਆਉਂਦਿਆਂ ਹੀ ਅਤੁਲ ਨੂੰ ਘੇਰ ਲਿਆ, “ਕੀ ਹੋਇਆ ? ਸੁਣਿਆ ਹੈ ਇਨਕਮ ਟੈਕਸ ਵਾਲੀ ਉਹੀ ਲੜਕੀ ਹੈ ਛਾਇਆ।”

“ਠੀਕ ਸੁਣਿਆ ਤੁਸੀਂ”, ਟਾਈ ਦੀ ਗੰਢ ਖੋਲਦੇ ਹੋਏ ਅਤੁਲ ਉਥੇ ਹੀ ਸੋਫੇ ’ਤੇ ਲੇਟ ਗਿਆ।

“ਤਾਂ ਕੀ ਤੈਨੂੰ ਉਹ ਜਾਣਦੀ ਨਹੀਂ ? ਉਹ ਤਾਂ ਸਾਨੂੰ ਬਰਬਾਦ ਕਰ ਦੇਵੇਗੀ। ਕਿਸੇ ਸਮੇਂ ਅਸੀਂ ਉਸਨੂੰ ਬੇਟੀ ਵਾਂਗ ਮੰਨਿਆ ਸੀ” ਅੰਮਾ ਬੋਲੀ। “ਬਹੂ ਵੀ ਤਾਂ ਮੰਨਿਆ ਸੀ, ਪਰ ਬਣਾਇਆ ਨਹੀਂ, “ਫਿੱਕੀ ਜਿਹੀ ਹਾਸੀ ਹੱਸਦੇ ਹੋਏ ਅਤੁਲ ਨੇ ਕਿਹਾ। “ਉਹ



ਤਾਂ ਠੀਕ ਹੈ” ਆਪਣੀ ਝੇਪ ਮਿਟਾਉਣ ਲਈ ਬਾਬੂ ਜੀ ਕਰਵਟ ਬਦਲਣ ਲੱਗੇ, “ਤੂੰ ਇੱਕ ਵਾਰ ਉਸ ਨੂੰ ਮਿਲ ਤਾਂ ਸਹੀ......ਜੇਕਰ ਕਹੇਂ ਤਾਂ ਮੈਂ ਖੁਦ ਹੋ ਆਵਾਂ।”

ਪਿਤਾ ਜੀ ਦੀ ਗੱਲ ਸੁਣ ਕੇ ਉਸ ਨੇ ਕਿਹਾ, “ਜੋ ਲੜਕੀ ਪਿਆਰ ਵਿੱਚ ਅਸਫਲ ਹੋ ਕੇ ਸੰਘਰਸ਼ ਨਾਲ ਇਸ ਕੁਰਸੀ ’ਤੇ ਬੈਠੀ ਹੈ, ਉਹ ਕਦੀ ਬੇਈਮਾਨ ਨਹੀਂ ਹੋ ਸਕਦੀ, ਪਿਤਾ ਜੀ।”

ਸ਼ੀਲੂ ਬਿਸਤਰ ’ਤੇ ਬੈਠੀ ਉਸ ਦਾ ਇੰਤਜ਼ਾਰ ਕਰ ਰਹੀ ਸੀ। ਅਤੁਲ ਦੇ ਆਉਂਦਿਆਂ ਹੀ ਉਸ ਨੇ ਪੁੱਛਿਆ, “ਕੀ ਵਪਾਰ ਵਿੱਚ ਕੋਈ ਪ੍ਰੇਸ਼ਾਨੀ ਆਈ ਹੈ”

“ਹਾਂ, ਇਨਕਮ ਟੈਕਸ ਵਾਲਿਆਂ ਦਾ ਛਾਪਾ ਪੈ ਗਿਆ ਹੈ। ਸਭ ਕੁੱਝ ਗੜਬੜ ਹੋ ਗਿਆ।”

“ਪ੍ਰੰਤੂ ਵਪਾਰੀ ਤਾਂ ਅਧਿਕਾਰੀਆਂ ਨੂੰ ਖੁਆਉਂਦੇ ਪਿਆਉਂਦੇ ਰਹਿੰਦੇ ਹਨ। ਕੀ ਛਾਪੇ ਦਾ ਪਹਿਲਾਂ ਪਤਾ ਨਹੀਂ ਲੱਗਾ ?”

“ਨਹੀਂ, ਅਚਾਨਕ ਪਿਆ......ਕੋਈ ਨਵੀਂ ਔਰਤ ਆਈ ਹੈ।”

“ਕੀ ਨਾਮ ਹੈ ਉਸਦਾ?” ਸ਼ੀਲੂ ਨੇ ਪੁੱਛਿਆ।

“ਛਾਇਆ......।”

“ਛਾਇਆ” ਨਾਮ ਸੁਣਦੇ ਹੀ ਉਹ ਚੌਂਕ ਗਈ।

“ਹਾਂ ਕੀ ਤੂੰ ਉਸ ਨੂੰ ਜਾਣਦੀ ਹੈਂ?”

“ਚੰਗੀ ਤਰ੍ਹਾਂ ਨਾਲ......ਮੇਰੇ ਨਾਲ ਹੀ ਪੜ੍ਹੀ ਹੈ। ਪਰ ਕੀ ਤੁਸੀਂ ਉਸ ਨੂੰ ਨਹੀਂ ਜਾਣਦੇ ?” ਅਤੁਲ ਦੀਆਂ ਅੱਖਾਂ ’ਚ ਅੱਖਾਂ ਪਾ ਕੇ ਸ਼ੀਲੂ ਨੇ ਪ੍ਰਸ਼ਨ ਕੀਤਾ ਤਾਂ ਉਸ ਦਾ ਚਿਹਰਾ ਝੁਕ ਗਿਆ ਪਰ ਬੋਲਿਆ ਕੁੱਝ ਵੀ ਨਹੀਂ। ਸ਼ੀਲੂ ਉਸ ਨੂੰ ਹੋਰ ਸਤਾਉਣਾ ਵਿਅਰਥ ਸਮਝ ਕੇ ਚਲੀ ਗਈ ਪਰ ਉਸ ਦੀਆਂ ਅੱਖਾਂ ਸਾਹਮਣੇ ਛਾਇਆ ਦਾ ਚਿਹਰਾ ਘੁੰਮਦਾ ਰਿਹਾ।

ਬਿਸਤਰ ’ਤੇ ਅਤੁਲ ਅਤੇ ਸ਼ੀਲੂ ਲੇਟੇ ਤਾਂ ਦੋਹਾਂ ਦੀਆਂ ਨਜ਼ਰਾਂ ਸਾਹਮਣੇ ਛਾਇਆ ਅਲੱਗ-ਅਲੱਗ ਰੂਪਾਂ ਵਿੱਚ ਆਉਂਦੀ ਰਹੀ। ਸ਼ੀਲੂ ਨੇ ਸੋਚਿਆ, “ਉਸ ਨੇ ਤਾਂ ਉਸ ਦਾ ਪਿਆਰ ਹੀ ਖੋਹਿਆ ਸੀ ਪਰ ਛਾਇਆ ਉਸ ਦਾ ਸਭ ਕੁੱਝ ਖੋਹਣ ’ਤੇ ਉਤਾਰੂ ਹੋ ਗਈ ਸੀ।”

ਲੇਟੇ ਲੇਟੇ ਅਤੁਲ ਨੂੰ ਪਿਛਲੇ ਦਿਨਾਂ ਦੀ ਘਟਨਾ ਯਾਦ ਆਈ। ਇਨਕਮ ਟੈਕਸ ਵਾਲਿਆਂ ਦੇ ਆਉਣ ’ਤੇ ਉਸ ਨੇ ਕਲੱਬ ਵਿੱਚ ਇੱਕ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਸੀ। ‘ਛਾਇਆ’ ਨਾਮ ਸੁਣਦੇ ਹੀ ਉਹ ਠਠੰਬਰ ਗਿਆ ਸੀ ਪਰ ਉਸ ਨੂੰ ਦੇਖ ਕੇ ਤਾਂ ਰਹੀ ਸਹੀ ਕਸਰ ਵੀ ਦੂਰ ਹੋ ਗਈ ਸੀ।

ਦੂਸਰੇ ਦਿਨ ਉਹ ਛਾਇਆ ਨੂੰ ਮਿਲਣ ਗਿਆ। ਆਪਣੇ ਨਾਂ ਦਾ ਕਾਰਡ ਅੰਦਰ ਭਿਜਵਾ ਕੇ ਉਹ ਬਾਹਰ ਇੰਤਜ਼ਾਰ ਕਰਨ ਲੱਗਾ। ਜਲਦੀ ਹੀ ਉਸ ਨੂੰ ਅੰਦਰ ਬੁਲਾ ਲਿਆ ਗਿਆ। ਅੰਦਰ ਜਾ ਕੇ ਇੱਕ ਅਰਸੇ ਤੋਂ ਬਾਅਦ ਜਦ ਉਹ ਛਾਇਆ ਦੇ ਸਾਹਮਣੇ ਖੜ੍ਹਾ ਹੋਇਆ ਤਾਂ ਉਸ ਨੂੰ ਸਮਝ ਨਹੀਂ ਆਈ ਕਿ ਉਹ ਉਸ ਨੂੰ ਨਮਸਤੇ ਕਹੇ ਜਾਂ ਇਉਂ ਹੀ ਖੜ੍ਹਾ ਰਹੇ।

ਅਤੁਲ ਨੇ ਧਿਆਨ ਨਾਲ ਉਸ ਵੱਲ ਵੇਖਿਆ......ਸਾਦੀ ਕੀਮਤੀ ਸਾੜ੍ਹੀ,

ਆਤਮ ਵਿਸ਼ਵਾਸ ਨਾਲ ਭਰਿਆ ਚਿਹਰਾ ਅਤੇ ਮੱਥੇ 'ਤੇ ਸੰਧੂਰ ਦੀ ਹਲਕੀ ਜਿਹੀ ਰੇਖਾ।

ਅਤੁਲ ਵੱਲ ਦੇਖਦੇ ਹੋਏ ਇੱਕ ਪਲ ਲਈ ਛਾਇਆ ਦਾ ਦਿਲ ਜ਼ੋਰ ਨਾਲ ਧੜਕਿਆ, ਇਹ ਉਹੀ ਅਤੁਲ ਹੈ ਜਿਸ ਨੇ ਉਸ ਨੂੰ ਦਿਲ ਦੀ ਗਹਿਰਾਈ ਨਾਲ ਪਿਆਰ ਕੀਤਾ ਸੀ। ਕਿਉਂ ਉਸ ਨੂੰ ਬਰਬਾਦ ਕਰ ਰਹੀ ਹੈ ਉਹ ? ਪ੍ਰੰਤੂ ਇਹ ਤਾਂ ਇਮਤਿਹਾਨ ਹੈ। ਅੱਜ ਹੀ ਜੇਕਰ ਉਹ ਡਗਮਗਾ ਗਈ ਤਾਂ ਇੰਨਾ ਵੱਡਾ ਰਸਤਾ ਉਹ ਕਿਵੇਂ ਪਾਰ ਕਰੇਗੀ ?

ਆਪਣੇ ਆਪ ਨੂੰ ਕਾਬੂ ਵਿੱਚ ਰੱਖ ਕੇ ਉਸ ਨੇ ਕਿਹਾ, "ਮੈਂ ਤਾਂ ਆਪ ਜੀ ਦੀ ਸ਼ੁਕਰਗੁਜ਼ਾਰ ਹਾਂ, ਕਿ ਤੁਹਾਡੇ ਦਿੱਤੇ ਧੋਖੇ ਨੇ ਮੈਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਬਲ ਬਖਸ਼ਿਆ। ਤੁਹਾਡੇ ਵਰਗੇ ਧਨੀ ਵਪਾਰੀ ਦੇ ਘਰ ਆ ਕੇ ਮੈਨੂੰ ਸਭ ਕੁੱਝ ਮਿਲਦਾ ਪ੍ਰੰਤੂ ਆਪਣਾ ਆਤਮ ਵਿਸ਼ਵਾਸ ਕਦੇ ਨਾ ਮਿਲਦਾ।"

"ਛਾਇਆ......" ਅਤੁਲ ਨੇ ਕੁੱਝ ਕਹਿਣਾ ਚਾਹਿਆ, ਪਰ ਉਸ ਨੇ ਰੋਕ ਦਿੱਤਾ, "ਜਾਓ ਅਤੁਲ ਜੀ, ਜਾ ਕੇ ਆਪਣੇ ਵਹੀ ਖਾਤੇ ਠੀਕ ਕਰੋ, ਪੂਰਾ ਹਿਸਾਬ ਕਿਤਾਬ ਦੇਖੋ। ਸਿਰਫ ਅਸਮਾਨ ਦੀ ਉਚਾਈ ਨਹੀਂ, ਜ਼ਮੀਨ ਦੀ ਡੂੰਘਾਈ ਨੂੰ ਵੀ ਦੇਖੋ। ਮੈਨੂੰ ਆਪਣਾ ਕੰਮ ਕਰਨ ਦਿਓ। ਮੈਂ ਜਿਸ ਕੁਰਸੀ 'ਤੇ ਬੈਠੀ ਹਾਂ, ਇਸ 'ਤੇ ਬੈਠ ਕੇ ਮੈਂ ਸਿਰਫ ਨਿਆਂ ਹੀ ਕਰਦੀ ਹਾਂ।" ਦ੍ਰਿੜ ਨਿਸਚੇ ਨਾਲ ਛਾਇਆ ਨੇ ਕਿਹਾ ਅਤੇ ਘੰਟੀ ਦੀ ਸਵਿੱਚ ਦਬਾ ਦਿੱਤੀ, ਜਿਸ ਦਾ ਮਤਲਬ ਸੀ ਕਿ ਹੋਰ ਕੋਈ ਅੰਦਰ ਆਉਣਾ ਚਾਹੁੰਦਾ ਹੈ ਤਾਂ ਉਸ ਨੂੰ ਭੇਜ ਦਿੱਤਾ ਜਾਵੇ।



# ਤੀਹ ਸਾਲ ਬਾਅਦ

## - ਰਵਿੰਦਰ ਕਾਲੀਆ

ਕਪਿਲ ਚਾਹ ਦੀਆਂ ਚੁਸਕੀਆਂ ਲੈਂਦੇ ਹੋਏ ਅਖ਼ਬਾਰ ਪੜ੍ਹ ਰਿਹਾ ਸੀ, ਤਦ ਹੀ ਗੋਪਾਲ ਨੇ ਸੂਚਨਾ ਦਿੱਤੀ ਕਿ ਬਾਹਰ ਦੋ ਔਰਤਾਂ ਤੁਹਾਨੂੰ ਮਿਲਣ ਆਈਆਂ ਹਨ। ਕਪਿਲ ਟਾਇਲਟ ਤੋਂ ਫਾਰਗ ਹੋ ਕੇ ਹੀ ਕਿਸੇ ਵਿਅਕਤੀ ਨੂੰ ਮਿਲਣਾ ਪਸੰਦ ਕਰਦਾ ਸੀ। ਉਸ ਨੇ ਹੈਰਾਨ ਹੋ ਕੇ ਕਿਹਾ, "ਇੰਨੀ ਸੁਭਾ ?" "ਮੁਕੱਦਮੇ ਬਾਬਤ ਕੋਈ ਹੋਵੇਗਾ, ਦਫ਼ਤਰ ਵਿੱਚ ਸ੍ਰੀ ਵਾਸਤਵ ਹੋਣਗੇ, ਉਨ੍ਹਾਂ ਨਾਲ ਮਿਲਵਾ ਦਿਓ।"

"ਉਹ ਤਾਂ ਤੁਹਾਨੂੰ ਹੀ ਮਿਲਣਾ ਚਾਹੁੰਦੀਆਂ ਹਨ। ਸ਼ਾਇਦ ਬਾਹਰੋਂ ਆਈਆਂ ਹਨ।"

"ਅੱਛਾ! ਡਰਾਇੰਗ ਰੂਮ ਵਿੱਚ ਬਿਠਾਓ, ਮੈਂ ਹੁਣੇ ਆਉਂਦਾ ਹਾਂ।"

ਕਪਿਲ ਟਾਇਲਟ ਵਿੱਚ ਚਲਾ ਗਿਆ। ਅਰਾਮ ਨਾਲ ਹੱਥ ਮੂੰਹ ਧੋ ਕੇ ਜਦ ਉਹ ਨੀਚੇ ਆਇਆ ਤਾਂ ਉਸ ਨੇ ਦੇਖਿਆ ਕਿ ਸੋਫੇ 'ਤੇ ਬੈਠੀਆਂ ਦੋਨੋਂ ਔਰਤਾਂ ਚਾਹ ਪੀ ਰਹੀਆਂ ਸਨ। ਇੱਕ ਸੱਤਰ ਕੁ ਸਾਲ ਦੇ ਆਸਪਾਸ ਹੋਵੇਗੀ ਅਤੇ ਦੂਸਰੀ ਪੰਜਾਹ ਦੇ। ਇੱਕ ਦਾ ਕੋਈ ਵਾਲ ਸਫੈਦ ਨਹੀਂ ਸੀ ਤੇ ਦੂਸਰੀ ਦਾ ਕੋਈ ਕਾਲਾ ਨਹੀਂ ਸੀ ਪ੍ਰੰਤੂ ਦੋਨਾਂ ਦੇ ਐਨਕਾਂ ਲੱਗੀਆਂ ਹੋਈਆਂ ਸਨ। ਕਪਿਲ ਨੂੰ ਬਹੁਤ ਹੈਰਾਨੀ ਹੋਈ, ਦੋਨਾਂ 'ਚੋਂ ਕੋਈ ਵੀ ਔਰਤ ਉਠ ਕੇ ਉਸ ਦੇ ਸਵਾਗਤ ਲਈ ਖੜ੍ਹੀ ਨਾ ਹੋਈ। ਬਜ਼ੁਰਗ ਔਰਤ ਨੇ ਪਰਸ ਵਿੱਚੋਂ ਇੱਕ ਕਾਗਜ਼ ਕੱਢਿਆ ਅਤੇ ਕਪਿਲ ਨੂੰ ਫੜਾ ਦਿੱਤਾ।

"ਇਹ ਖ਼ਤ ਤੁਸੀਂ ਲਿਖਿਆ ਸੀ ?" ਉਸ ਨੇ ਥੋੜ੍ਹੀ ਜਿਹੀ ਸਖਤੀ ਨਾਲ ਕਿਹਾ।

ਕਪਿਲ ਨੇ ਕਾਗਜ਼ ਫੜ ਲਿਆ ਅਤੇ ਐਨਕ ਲਗਾ ਕੇ ਪੜ੍ਹਨ ਲੱਗਾ। ਭਾਵੁਕਤਾ ਅਤੇ ਸ਼ਾਇਰੋ ਸ਼ਾਇਰੀ ਨਾਲ ਭਰਿਆ ਇਹ ਖ਼ਤ ਬਚਪਨ ਦਾ ਕੋਈ ਮਜ਼ਬੂਨ ਜਾਪਦਾ ਸੀ। ਉਸ ਕਾਗਜ਼ ਨੂੰ ਪੜ੍ਹਦੇ ਹੀ ਕਪਿਲ ਦੇ ਚਿਹਰੇ 'ਤੇ ਇੱਕ ਮੁਸਕਰਾਹਟ ਜਿਹੀ ਫੈਲ ਗਈ ਅਤੇ ਬੋਲਿਆ, "ਇਹ ਤੁਹਾਨੂੰ ਕਿੱਥੋਂ ਮਿਲਿਆ, ਬਹੁਤ ਪੁਰਾਣਾ ਖ਼ਤ ਹੈ। ਤੀਹ ਸਾਲ ਪਹਿਲਾਂ ਲਿਖਿਆ ਗਿਆ ਸੀ।"

"ਪਹਿਲਾਂ ਮੇਰੀ ਇਸ ਗੱਲ ਦਾ ਜਵਾਬ ਦਿਓ ਕਿ ਇਹ ਖ਼ਤ ਤੁਸੀਂ ਹੀ ਲਿਖਿਆ ਸੀ ?" ਬਜ਼ੁਰਗ ਔਰਤ ਨੇ ਉਸੇ ਅੰਦਾਜ਼ ਵਿੱਚ ਕਿਹਾ।

"ਲਿਖਾਈ ਤਾਂ ਮੇਰੀ ਹੀ ਹੈ, ਲੱਗਦਾ ਹੈ ਮੈਂ ਹੀ ਲਿਖਿਆ ਹੋਵੇਗਾ।"

"ਅਜੀਬ ਆਦਮੀ ਹੋ ਤੁਸੀਂ ? ਕਿੰਨੀ ਲਾਪ੍ਰਵਾਹੀ ਨਾਲ ਲੈ ਰਹੇ ਹੋ ਇਸ ਗੱਲ ਨੂੰ," ਬਜ਼ੁਰਗ ਔਰਤ ਨੇ ਉਸ ਖ਼ਤ ਨੂੰ ਆਪਣੇ ਵੱਲ ਖਿੱਚਦੇ ਹੋਏ ਕਿਹਾ।

ਕਪਿਲ ਨੇ ਦੂਸਰੀ ਔਰਤ ਵੱਲ ਦੇਖਿਆ, ਜੋ ਹੁਣ ਤੱਕ ਚੁੱਪ ਬੈਠੀ ਸੀ, ਬਿਲਕੁੱਲ ਪੱਥਰ ਵਾਂਗ। ਕਪਿਲ ਨੂੰ ਇਸ ਤਰ੍ਹਾਂ ਭਾਵੁਕ ਦੇਖ ਕੇ ਉਹ ਮੁਸਕਰਾਈ। ਉਸ ਦੇ ਸਫੈਦ ਸੰਗਮਰਮਰੀ ਦੰਦ ਇੱਕ ਪਲ ਵਿੱਚ ਹੀ ਸਾਰੀ ਕਹਾਣੀ ਕਹਿ ਗਏ।

"ਓਹ...., ਸਰੋਜ ਤੂੰ" ਕਪਿਲ ਇੱਕ ਤਰ੍ਹਾਂ ਨਾਲ ਉੱਛਲ ਪਿਆ, "ਇੰਨੇ ਸਾਲ

ਕਿੱਥੇ ਸੀ ? ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਤੂੰ ਤੀਹ ਸਾਲ ਬਾਅਦ ਮੈਨੂੰ ਇਸ ਤਰ੍ਹਾਂ ਅਚਾਨਕ ਮਿਲੇਂਗੀ! ਕਿਥੇ ਗਏ ਵਿਚਕਾਰਲੇ ਸਾਰੇ ਸਾਲ ?"

"ਕੀ ਹਾਲ ਹੈ ਤੁਹਾਡਾ ?"

"ਤੂੰ ਤਾਂ ਇਸ ਤਰ੍ਹਾਂ ਕਹਿ ਰਹੀ ਹੈਂ ਜਿਵੇਂ ਸਾਲ ਨਹੀਂ ਦਿਨ ਬੀਤੇ ਹੋਣ। ਤੀਹ ਸਾਲ ਵੀ ਉਮਰ ਦਾ ਇੱਕ ਬਹੁਤ ਵੱਡਾ ਹਿੱਸਾ ਹੁੰਦਾ ਹੈ। ਮੈਂ ਤਾਂ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਤੇਰੇ ਨਾਲ ਜ਼ਿੰਦਗੀ ਵਿੱਚ ਦੁਬਾਰਾ ਮੁਲਾਕਾਤ ਹੋਵੇਗੀ।"

"ਕੀ ਤੁਸੀਂ ਅਗਲੇ ਜਨਮ ਵਿੱਚ ਮਿਲਣ ਦੀ ਸੋਚ ਰਹੇ ਸੀ ?"

"ਬੱਸ, ਇਹੀ ਸਮਝ ਲਓ।"

"ਇਸ ਕਾਗਜ਼ ਦੇ ਟੁਕੜੇ ਕਾਰਨ ਤੁਸੀਂ ਮੇਰੇ ਬਹੁਤ ਕਰੀਬ ਰਹੇ ਹੋ, ਹਮੇਸ਼ਾ! ਪ੍ਰੰਤੂ ਇਸ ਨੂੰ ਕਦੀ ਗਲਤ ਨਾ ਸਮਝਣਾ।"

ਇੰਨੇ ਨੂੰ ਕਪਿਲ ਦੀ ਪਤਨੀ ਵੀ ਨੀਚੇ ਉਤਰ ਆਈ। ਉਹ ਜਾਣਦੀ ਸੀ ਕਿ ਨਾਸ਼ਤੇ ਤੋਂ ਬਾਅਦ ਹੀ ਕਪਿਲ ਨੀਚੇ ਉਤਰਦਾ ਹੈ, ਚਾਹੇ ਕਿੰਨੇ ਵੀ ਜ਼ਰੂਰੀ ਕੰਮ ਲਈ ਕੋਈ ਮਿਲਣ ਕਿਉਂ ਨਾ ਆਇਆ ਹੋਵੇ।

"ਇਹ ਮੇਰੀ ਪਤਨੀ ਮੰਜੁਲਾ ਹੈ। ਦੇਸ਼ ਦੇ ਚੋਟੀ ਦੇ ਕਲਾਕਾਰਾਂ ਵਿੱਚ ਇਨ੍ਹਾਂ ਦਾ ਨਾਂ ਹੈ। ਹੁਣ ਤੱਕ ਅਨੇਕਾਂ ਰਿਕਾਰਡ ਆ ਚੁੱਕੇ ਹਨ।"

"ਜਾਣਦੀ ਹਾਂ," ਸਰੋਜ ਬੋਲੀ, "ਨਮਸਕਾਰ।"

"ਨਮਸਕਾਰ।" ਮੰਜੁਲਾ ਨੇ ਕਿਹਾ ਅਤੇ "ਇਕਸਕਿਊਜ਼ ਮੀ" ਕਹਿ ਕੇ ਉਹ ਦੁਬਾਰਾ ਪੌੜੀਆਂ ਚੜ੍ਹ ਗਈ। ਸ਼ਾਇਦ ਉਸ ਨੇ ਸੋਚਿਆ ਹੋਵੇਗਾ, ਕੋਈ ਨਵੇਂ ਮੁਕੱਦਮੇ ਲਈ ਮਿਲਣ ਆਈ ਹੈ। ਮੰਜੁਲਾ ਦੀ ਉਦਾਸੀਨਤਾ ਦਾ ਕੋਈ ਅਸਰ ਉਨ੍ਹਾਂ ਉੱਪਰ ਨਾ ਹੋਇਆ।

"ਬੱਚੇ ਕਿੰਨੇ ਕੁ ਵੱਡੇ ਹੋ ਗਏ ਹਨ ?" ਸਰੋਜ ਨੇ ਪੁੱਛਿਆ।

"ਉਸੇ ਉਮਰ ਦੇ ਹਨ, ਜਿਸ ਉਮਰ 'ਚ ਮੈਂ ਤੁਹਾਨੂੰ ਇਹ ਖ਼ਤ ਲਿਖਿਆ ਸੀ।"

"ਸ਼ਾਦੀ ਹੋ ਗਈ ਜਾਂ ਹਾਲੇ ਉਹ ਵੀ ਖ਼ਤ ਹੀ ਲਿਖ ਰਹੇ ਹਨ ?" ਸਰੋਜ ਨੇ ਹੱਸ ਕੇ ਪੁੱਛਿਆ।

"ਵੱਡੇ ਦੀ ਸ਼ਾਦੀ ਹੋ ਚੁੱਕੀ ਹੈ, ਦੂਸਰੇ ਲਈ ਲੜਕੀ ਦੀ ਤਲਾਸ਼ ਹੈ।"

"ਕੀ ਕਰਦੇ ਹਨ ਉਹ?" ਬਜ਼ੁਰਗ ਔਰਤ ਨੇ ਪੁੱਛਿਆ।

"ਵੱਡਾ ਬੇਟਾ ਜ਼ਿਲਾ ਅਧਿਕਾਰੀ ਹੈ ਅਤੇ ਛੋਟਾ ਮੇਰੇ ਨਾਲ ਵਕਾਲਤ ਕਰ ਰਿਹਾ ਹੈ ਪ੍ਰੰਤੂ ਉਹ ਹਾਲੇ ਕੰਪੀਟੀਸ਼ਨ ਵਿੱਚ ਬੈਠਣਾ ਚਾਹੁੰਦਾ ਹੈ।" ਸਰੋਜ ਦੇ ਮੱਥੇ 'ਚ ਸੰਧੂਰ ਦੇਖ ਕੇ ਕਪਿਲ ਨੇ ਪੁੱਛਿਆ, "ਤੁਹਾਡੇ ਕਿੰਨੇ ਬੱਚੇ ਹਨ ?"

"ਦੋ ਬੇਟੀਆਂ ਹਨ। ਇੱਕ ਡਾਕਟਰ ਹੈ ਅਤੇ ਦੂਸਰੀ ਡਾਕਟਰੀ ਪੜ੍ਹ ਰਹੀ ਹੈ।"

"ਕੀ ਤੁਹਾਡੀ ਕਿਸੇ ਡਾਕਟਰ ਨਾਲ ਸ਼ਾਦੀ ਹੋ ਗਈ ਸੀ ?" ਕਪਿਲ ਨੇ ਪੁੱਛਿਆ।

"ਬੜੇ ਹੁਸ਼ਿਆਰ ਹੋ ਤੁਸੀਂ।" ਸਰੋਜ ਨੇ ਸੰਖੇਪ ਜਿਹਾ ਉੱਤਰ ਦਿੱਤਾ।

"ਤੁਸੀਂ ਵੀ ਘੱਟ ਹੁਸ਼ਿਆਰ ਨਹੀਂ ਸੀ।" ਕਪਿਲ ਨੇ ਕਿਹਾ।

ਕਪਿਲ ਦੇ ਦਿਮਾਗ ਵਿੱਚ ਉਹ ਦ੍ਰਿਸ਼ ਆ ਗਿਆ, ਜਦ ਕਲਾਸ ਦੀ ਪਿਕਨਿਕ



ਦੌਰਾਨ ਸਰੋਜ ਨੇ ਇੱਕ ਹਿੰਦੀ ਫ਼ਿਲਮ ਦਾ ਗੀਤ ਗਾਇਆ ਸੀ, "ਤੁਮਸੇ ਆਇਆ ਨਾ ਗਿਆ, ਹਮਸੇ ਬੁਲਾਇਆ ਨਾ ਗਿਆ......।"

"ਤੁਸੀਂ ਇਨ੍ਹਾਂ ਨਾਲ ਜਾਣ ਪਛਾਣ ਨਹੀਂ ਕਰਵਾਈ।" ਕਪਿਲ ਨੇ ਬਜ਼ੁਰਗ ਔਰਤ ਵੱਲ ਇਸ਼ਾਰਾ ਕਰਦਿਆਂ ਹੋਇਆਂ ਕਿਹਾ।

"ਇਨ੍ਹਾਂ ਨੂੰ ਨਹੀਂ ਜਾਣਦੇ ? ਇਹ ਮੇਰੀ ਮਾਂ ਹੈ।"

ਕਪਿਲ ਨੇ ਹੱਥ ਜੋੜ ਕੇ ਉਨ੍ਹਾਂ ਨੂੰ ਨਮਸਕਾਰ ਕੀਤੀ।

"ਹੁਣ ਵੀ ਸਿਗਰਟ ਪੀਂਦੇ ਹੋ ?"

"ਪਹਿਲਾਂ ਦੀ ਤਰ੍ਹਾਂ ਨਹੀਂ, ਕਦੀ ਕਦੀ।"

ਸਰੋਜ ਨੇ ਵਿਦੇਸ਼ੀ ਸਿਗਰਟ ਦਾ ਪੈਕੇਟ ਅਤੇ ਇੱਕ ਲਾਈਟਰ ਕਪਿਲ ਨੂੰ ਭੇਂਟ ਕੀਤਾ, "ਤੁਹਾਡੇ ਲਈ ਖਰੀਦਿਆ ਸੀ ਇਹ ਲਾਈਟਰ, ਕੋਈ ਦਸ ਸਾਲ ਪਹਿਲਾਂ। ਇਸ ਵਾਰ ਭਾਰਤ ਆਈ ਤਾਂ ਨਾਲ ਲੈ ਆਈ।"

"ਕੀ ਵਿਦੇਸ਼ ਵਿੱਚ ਰਹਿੰਦੇ ਹੋ ?" ਕਪਿਲ ਨੇ ਲਾਈਟਰ ਨੂੰ ਉਲਟ ਪੁਲਟ ਕਰਕੇ ਦੇਖਦੇ ਹੋਏ ਪੁੱਛਿਆ।

"ਹਾਂ, ਮਾਨੀਟਰੀਅਲ ਵਿੱਚ, ਮੇਰੇ ਪਤੀ ਵੀ ਤੁਹਾਡੇ ਹੀ ਪੇਸ਼ੇ ਵਾਲੇ ਹਨ।"

"ਲੱਗਦਾ ਹੈ ਤੁਹਾਡੀ ਜ਼ਿੰਦਗੀ ਵਿੱਚ ਵਕੀਲ ਹੀ ਲਿਖਿਆ ਸੀ।" ਕਪਿਲ ਦੇ ਮੂੰਹੋਂ ਅਚਾਨਕ ਨਿਕਲ ਗਿਆ।

ਸਰੋਜ ਨੇ ਆਪਣੇ ਪਤੀ ਦੀ ਤਸਵੀਰ ਦਿਖਾਈ। ਇੱਕ ਖ਼ੂਬਸੂਰਤ ਸ਼ਖਸ ਦੀ ਤਸਵੀਰ ਸੀ। ਚਿਹਰੇ ਤੋਂ ਲਗਦਾ ਸੀ ਜਾਂ ਤਾਂ ਕੋਈ ਵਕੀਲ ਹੈ ਜਾਂ ਜੱਜ।

ਉਸ ਨੇ ਫੋਟੋ ਵਾਪਸ ਕਰਦੇ ਹੋਏ ਕਿਹਾ, "ਤੁਹਾਡੇ ਪਤੀ ਵੀ ਆਏ ਹਨ ?"

"ਨਹੀਂ ਉਨ੍ਹਾਂ ਨੂੰ ਇੰਨੀ ਵਿਹਲ ਕਿੱਥੇ ?" ਸਰੋਜ ਬੋਲੀ।

"ਵਾਲ ਦੀ ਖੱਲ ਨਾ ਉਤਾਰਨੀ ਸ਼ੁਰੂ ਕਰੋ, ਇਸ ਲਈ ਮੈਂ ਦੱਸ ਹੀ ਦਿੰਦੀ ਹਾਂ ਕਿ ਮੈਂ ਉਨ੍ਹਾਂ ਨਾਲ ਬਹੁਤ ਖੁਸ਼ ਹਾਂ। ਆਈ ਐਮ ਹੈਪੀਲੀ ਮੈਰਿਡ।"

ਤਦ ਹੀ ਕਪਿਲ ਦਾ ਪੋਤਰਾ ਅੱਖਾਂ ਮਲਦਾ ਹੋਇਆ ਸਿੱਧਾ ਉਸ ਦੀ ਗੋਦ ਵਿੱਚ ਆ ਕੇ ਬੈਠ ਗਿਆ।

"ਮੇਰਾ ਪੋਤਾ ਹੈ।" ਅੱਜ ਕੱਲ੍ਹ ਬਹੂ ਆਈ ਹੋਈ ਹੈ।" ਕਪਿਲ ਨੇ ਦੱਸਿਆ।

"ਬਹੁਤ ਪਿਆਰਾ ਬੱਚਾ ਹੈ, ਕੀ ਨਾਂ ਹੈ ?"

"ਬੰਟੂ।" ਬੰਟੂ ਨੇ ਆਪਣਾ ਨਾਂ ਦੱਸ ਕੇ ਚਿਹਰਾ ਛੁਪਾ ਲਿਆ।

"ਬੰਟੂ ਬੇਟੇ, ਮੇਰੇ ਕੋਲ ਆਓ, ਚਾਕਲੇਟ ਖਾਓਗੇ ?"

"ਖਾਊਂਗਾ।" ਉਸ ਨੇ ਕਿਹਾ ਤੇ ਚਾਕਲੇਟ ਦਾ ਪੈਕਿਟ ਮਿਲਦੇ ਹੀ ਆਪਣੀ ਮਾਂ ਨੂੰ ਦਿਖਾਉਣ ਲਈ ਦੌੜ ਗਿਆ।

"ਕਚਹਿਰੀ ਕਦ ਜਾਂਦੇ ਹੋ ?" ਉਸ ਨੇ ਪੁੱਛਿਆ।

"ਤੁਸੀਂ ਇੰਨਿਆਂ ਸਾਲਾਂ ਬਾਅਦ ਮਿਲੇ ਹੋ। ਅੱਜ ਨਹੀਂ ਜਾਵਾਂਗਾ, ਅੱਜ ਤੁਹਾਡਾ ਕੋਰਟ ਮਾਰਸ਼ਲ ਹੋਵੇਗਾ।"

"ਮੈਂ ਕੀ ਗੁਨਾਹ ਕੀਤਾ ਹੈ ?" ਸਰੋਜ ਨੇ ਕਿਹਾ, "ਗੁਨਾਹੋਂ ਕੇ ਦੇਵਤਾ" ਤਾਂ ਤੁਸੀਂ ਹੀ ਪੜ੍ਹਿਆ ਕਰਦੇ ਸੀ, ਤੁਸੀਂ ਜਾਣੋ। ਅੱਛਾ, ਇਹ ਦੱਸੋ ਜਦ ਮੇਰੀ ਦੀਦੀ ਦੀ

ਸ਼ਾਦੀ ਹੋ ਰਹੀ ਸੀ, ਤਾਂ ਤੁਸੀਂ ਦੂਰ ਖੜ੍ਹੇ ਕਿਉਂ ਰੋ ਰਹੇ ਸੀ ?"

ਕਪਿਲ ਇਹ ਗੱਲ ਦੱਸਣ ਲਈ ਤਿਆਰ ਨਹੀਂ ਸੀ, ਉਹ ਹਿਚਕਿਚਾ ਕੇ ਬੋਲਿਆ, "ਓ ਹੋ, ਕਿੱਥੋਂ ਇਕੱਠੀਆਂ ਕੀਤੀਆਂ ਤੂੰ ਇਹ ਢੇਰ ਸਾਰੀਆਂ ਸੂਚਨਾਵਾਂ ਤੇ ਉਹ ਵੀ ਐਨੇ ਸਾਲਾਂ ਬਾਅਦ।

ਤੁਹਾਡੀ ਯਾਦਦਾਸ਼ਤ ਦੀ ਦਾਦ ਦਿੰਦਾ ਹਾਂ ਮੈਂ। ਤੀਹ ਸਾਲ ਪਹਿਲਾਂ ਦੀ ਘਟਨਾ ਇਸ ਤਰ੍ਹਾਂ ਬਿਆਨ ਕਰ ਰਹੀ ਏਂ, ਜਿਵੇਂ ਕੱਲ੍ਹ ਦੀ ਗੱਲ ਹੋਵੇ।"

"ਇਹ ਯਾਦ ਕਰਕੇ ਤਾਂ ਅੱਜ ਵੀ ਗੁਦਗੁਦੀ ਛਿੜ ਜਾਂਦੀ ਹੈ, ਤੁਸੀਂ ਰੋਂਦੇ ਹੋਏ ਕਹਿ ਰਹੇ ਸੀ ਕਿ ਸਰੋਜ ਦੀ ਵੀ ਡੋਲੀ ਉੱਠ ਜਾਵੇਗੀ ਤੇ ਤੁਸੀਂ ਹੱਥ ਮਲਦੇ ਰਹਿ ਜਾਵੋਗੇ।"

"ਅੱਛਾ, ਇਹ ਦੱਸੋ, ਤੁਸੀਂ ਉਸ ਵਕਤ ਕਿੱਥੇ ਸੀ ਜਦੋਂ ਮੇਰੀ ਡੋਲੀ ਉੱਠੀ ਸੀ ?"

"ਕਮ ਆਨ ਸਰੋਜ।" ਕਪਿਲ ਸਿਰਫ ਇੰਨਾ ਹੀ ਕਹਿ ਸਕਿਆ ਪ੍ਰੰਤੂ ਇਹ ਸੱਚ ਸੀ ਕਿ ਸਰੋਜ ਦੀ ਦੀਦੀ ਦੀ ਸ਼ਾਦੀ ਵਿੱਚ ਉਹ ਬਹੁਤ ਰੋਇਆ ਸੀ।

"ਇਹ ਦੱਸੋ ਬੇਟੇ ਕਿ ਜੇਕਰ ਤੁਸੀਂ ਸਰੋਜ ਨੂੰ ਇੰਨਾ ਹੀ ਚਾਹੁੰਦੇ ਸੀ ਤਾਂ ਇਸਨੂੰ ਦੱਸਿਆ ਕਿਉਂ ਨਹੀਂ ?" ਸਰੋਜ ਦੀ ਮਾਂ ਨੇ ਚੁਟਕੀ ਮਾਰਦੇ ਹੋਏ ਕਿਹਾ।

"ਖ਼ਤ ਲਿਖਿਆ ਤਾਂ ਸੀ।" ਕਪਿਲ ਨੇ ਠਹਾਕਾ ਮਾਰਦੇ ਹੋਏ ਕਿਹਾ, "ਇਸ ਨੇ ਜਵਾਬ ਹੀ ਨਹੀਂ ਦਿੱਤਾ।"

"ਖ਼ਤ ਤਾਂ ਇਸ ਨੇ ਉਸੇ ਦਿਨ ਮੇਰੇ ਹਵਾਲੇ ਕਰ ਦਿੱਤਾ ਸੀ," ਸਰੋਜ ਦੀ ਮਾਂ ਨੇ ਕਿਹਾ, "ਜਦ ਤੱਕ ਰਿਸ਼ਤਾ ਤਹਿ ਨਹੀਂ ਹੋਇਆ ਸੀ, ਕਦੇ ਕਦੇ ਇਹ ਮੈਥੋਂ ਮੰਗ ਕੇ ਪੜ੍ਹਿਆ ਕਰਦੀ ਸੀ।"

"ਮੇਰੇ ਲਈ ਤਾਂ ਬਹੁਤ ਸਪੈਸ਼ਲ ਹੈ ਇਹ ਖ਼ਤ। ਜ਼ਿੰਦਗੀ ਦਾ ਪਹਿਲਾਂ ਤੇ ਆਖਰੀ ਪ੍ਰੇਮ ਪੱਤਰ। ਸ਼ਾਦੀ ਨੂੰ ਇੰਨੇ ਸਾਲ ਹੋ ਗਏ, ਮੇਰੇ ਪਤੀ ਨੇ ਕਦੇ ਪੱਤਰ ਤੱਕ ਨਹੀਂ ਲਿਖਿਆ, ਪ੍ਰੇਮ ਪੱਤਰ ਕੀ ਲਿਖਣਗੇ ? ਉਹ ਮੋਬਾਈਲ ਕਲਚਰ ਦੇ ਆਦਮੀ ਹਨ। ਸਾਡੇ ਘਰ ਵਿੱਚ ਸਾਰਿਆਂ ਨੇ ਪੜ੍ਹਿਆ ਹੈ ਇਹ ਪ੍ਰੇਮ ਪੱਤਰ। ਇਥੋਂ ਤੱਕ ਕੇ ਮੇਰੇ ਪਤੀ ਨੇ ਮੇਰੀਆਂ ਬੇਟੀਆਂ ਨੂੰ ਵੀ ਪੜ੍ਹ ਕੇ ਸੁਣਾਇਆ ਹੈ ਇਹ ਪ੍ਰੇਮ ਪੱਤਰ।"

"ਮੇਰੇ ਪਤੀ ਨੇ ਕਿਹਾ ਸੀ ਕਿ ਇਸ ਵਾਰ ਆਪਣੇ ਬੁਆਏ ਫ੍ਰੈਂਡ ਨੂੰ ਜ਼ਰੂਰ ਮਿਲ ਕੇ ਆਉਣਾ।"

"ਇਸ ਦਾ ਮਤਲਬ ਹੈ, ਪਿਛਲੇ ਤੀਹ ਸਾਲਾਂ ਤੋਂ ਤੁਸੀਂ ਪਰਿਵਾਰ ਸਮੇਤ ਮੇਰੀ ਮੁਹੱਬਤ ਦਾ ਮਜ਼ਾਕ ਉਡਾਉਂਦੇ ਰਹੇ ਹੋ।"

"ਜੇਕਰ ਇਹੀ ਮਤਲਬ ਹੁੰਦਾ, ਤਾਂ ਮੈਂ ਤੀਹ ਸਾਲ ਬਾਅਦ ਤੁਹਾਨੂੰ ਮਿਲਣ ਕਿਉਂ ਆਉਂਦੀ। ਅੱਛਾ, ਇੰਨ੍ਹਾਂ ਤੀਹਾਂ ਸਾਲਾਂ ਵਿੱਚ ਤੁਸੀਂ ਮੈਨੂੰ ਕਿੰਨੀ ਵਾਰ ਯਾਦ ਕੀਤਾ ?"

ਸੱਚ ਤਾਂ ਇਹ ਸੀ ਕਿ ਪਿਛਲੇ ਤੀਹਾਂ ਸਾਲਾਂ ਵਿੱਚ ਕਪਿਲ ਨੂੰ ਕਦੇ ਸਰੋਜ ਦੀ ਯਾਦ ਆਈ ਹੀ ਨਹੀਂ ਸੀ। ਆਪਣੇ ਪੱਤਰ ਦਾ ਉੱਤਰ ਨਾ ਮਿਲਣ 'ਤੇ ਕੁੱਝ ਦਿਨ ਦਾਰੂ ਦੇ ਨਸ਼ੇ ਵਿੱਚ ਚੂਰ ਆਪਣੇ ਮਿੱਤਰਾਂ ਸੰਗ ਉਹ ਗੁਣਗੁਣਾਉਂਦਾ ਰਿਹਾ



ਅਤੇ ਫਿਰ ਉਦਾਸ ਹੋ ਗਿਆ।

"ਤੁਹਾਡਾ ਸਾਮਾਨ ਕਿੱਥੇ ਹੈ ?" ਕਪਿਲ ਨੇ ਅਚਾਨਕ ਚੁੱਪ ਤੋੜਦੇ ਹੋਏ ਕਿਹਾ।

"ਬਾਹਰ ਟੈਕਸੀ ਵਿੱਚ। ਸੋਚਿਆ ਸੀ ਤੁਸੀਂ ਜੇਕਰ ਨਾ ਪਹਿਚਾਣੋਗੇ ਤਾਂ ਇਸੇ ਟੈਕਸੀ ਰਾਹੀਂ ਚੰਡੀਗੜ੍ਹ ਵਾਪਸ ਚਲੇ ਜਾਵਾਂਗੇ।"

ਅੱਜ ਦਿੱਲੀ ਵਿੱਚ ਹੀ ਰੁਕੋ। ਸ਼ਾਮ ਨੂੰ ਮੰਜੁਲਾ ਦਾ ਪ੍ਰੋਗਰਾਮ ਹੈ। ਅੱਜ ਤੁਹਾਡੇ ਬਹਾਨੇ ਮੈਂ ਵੀ ਸੁਣ ਲਵਾਂਗਾ। ਦੁਪਹਿਰ ਵੇਲੇ ਪਿਕਨਿਕ ਦਾ ਪ੍ਰੋਗਰਾਮ ਰੱਖਦੇ ਹਾਂ। ਸੂਰਜਕੁੰਡ ਚੱਲਾਂਗੇ ਅਤੇ ਬਹੂ ਨੂੰ ਵੀ ਘੁਮਾ ਲਿਆਂਵਾਂਗੇ। ਨਾਲੇ ਮੈਂ ਤੁਹਾਡੀ ਅਵਾਜ਼ ਵਿੱਚ ਉਹ ਗੀਤ ਸੁਣਨਾ ਹੈ, "ਤੁਮਸੇ ਆਇਆ ਨਾ ਗਿਆ, ਹਮਸੇ ਬੁਲਾਇਆ ਨਾ ਗਿਆ......? ਯਾਦ ਹੈ ਜਾਂ ਭੁੱਲ ਗਈ ਏਂ ?"

ਸਰੋਜ ਮੁਸਕਰਾਈ, "ਕਮਬਖਤ ਯਾਦਦਾਸ਼ਤ ਹੀ ਤਾਂ ਕਮਜ਼ੋਰ ਨਹੀਂ ਹੈ।"

ਕਪਿਲ ਨੇ ਗੋਪਾਲ ਨੂੰ ਸਰੋਜ ਦਾ ਸਮਾਨ ਹੇਠਾਂ ਵਾਲੇ ਬੈਡਰੂਮ ਵਿੱਚ ਲਿਆਉਣ ਲਈ ਕਿਹਾ। ਬਾਹਰ ਕੋਇਲ ਕੂਕ ਰਹੀ ਸੀ।

"ਕੀ ਤੂੰ ਕੋਇਲ ਵੀ ਆਪਣੇ ਨਾਲ ਹੀ ਲਿਆਈ ਹੈਂ ?"

"ਪਰ ਇਹ ਤਾਂ ਤੁਹਾਡੇ ਹੀ ਦਰੱਖਤ 'ਤੇ ਹੈ।"

"ਯਕੀਨ ਮੰਨੋ ਮੈਂ ਤੀਹਾਂ ਸਾਲਾਂ ਬਾਅਦ ਕੋਇਲ ਦੀ ਕੂਕ ਸੁਣੀ ਹੈ।" ਕਪਿਲ ਸ਼ਰਮਿੰਦਾ ਹੁੰਦਾ ਹੋਇਆਂ ਥੋੜ੍ਹਾ ਜਿਹਾ ਹੱਸਿਆ, "ਯਕੀਨ ਨਹੀਂ ਹੁੰਦਾ, ਮੈਂ ਹੀ ਉਹ ਕਪਿਲ ਹਾਂ ਜਿਸ ਨੂੰ ਤੂੰ ਮਿਲਣ ਆਈ ਹੈਂ ਤੇ ਮੁੱਦਤਾਂ ਤੋਂ ਜਾਣਦੀ ਹੈਂ, ਕੁੱਝ ਦੇਰ ਪਹਿਲਾਂ ਤੈਨੂੰ ਮਿਲ ਕੇ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਉਹ ਕੋਈ ਹੋਰ ਕਪਿਲ ਸੀ ਜਿਸ ਨੇ ਤੁਹਾਨੂੰ ਖ਼ਤ ਲਿਖਿਆ ਸੀ......?"

"ਟੇਕ ਇਟ ਇਜ਼ੀ ਮੈਨ," ਸਰੋਜ ਉੱਠਦੀ ਹੋਈ ਬੋਲੀ, "ਜ਼ਿਆਦਾ ਫਿਲਾਸਫੀ ਨਾ ਸੁਣਾਓ, ਇਹ ਦੱਸੋ ਟਾਇਲਟ ਕਿੱਧਰ ਹੈ ?"

ਏਨੇ ਨੂੰ ਕੋਇਲ ਨੇ ਅਸਮਾਨ ਸਿਰ 'ਤੇ ਚੁੱਕ ਲਿਆ।

# ਅਹਿਸਾਸ

**- ਸੁਰਿੰਦਰ ਕਰਮ ਗੋਗੀ**

ਮੇਰਾ ਬਚਪਨ ਵੈਸੇ ਤਾਂ ਹਿੰਦੋਸਤਾਨ ਵਿੱਚ ਹੀ ਗੁਜ਼ਰਿਆ ਪ੍ਰੰਤੂ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਮਾਤਾ-ਪਿਤਾ ਦੇ ਕਹਿਣ 'ਤੇ ਮੈਨੂੰ ਆਪਣਾ ਵਤਨ ਛੱਡਣਾ ਪਿਆ, ਹਾਲਾਂਕਿ ਮੈਂ ਹਿੰਦੋਸਤਾਨ ਵਿੱਚ ਹੀ ਐਮ. ਬੀ. ਬੀ. ਐਸ. ਦੀ ਡਿਗਰੀ ਕਰਨਾ ਚਾਹੁੰਦਾ ਸੀ ਪ੍ਰੰਤੂ ਮਾਤਾ-ਪਿਤਾ ਦੇ ਕਹਿਣ ਅਨੁਸਾਰ ਦੇਸੀ ਡਿਗਰੀਆਂ ਨੂੰ ਕੌਣ ਪੁੱਛਦਾ ਹੈ ? ਲੋਕ ਬਾਹਰੋਂ ਆਏ ਦਾ ਲੇਬਲ ਦੇਖਦੇ ਹਨ। ਮਾਤਾ-ਪਿਤਾ ਦੀ ਜ਼ਿੱਦ ਦੇ ਅੱਗੇ ਮੇਰੀ ਇੱਕ ਨਾ ਚੱਲੀ ਅਤੇ ਮੈਂ ਭਰਿਆ-ਭਰਾਇਆ ਸਭ ਕੁੱਝ ਛੱਡ ਕੇਵਲ ਯਾਦਾਂ ਦੀ ਮਿੱਟੀ ਮਨ ਦੇ ਆਲੇ ਵਿੱਚ ਸਮੇਟ ਕੇ ਲੰਡਨ ਆ ਗਿਆ।

ਪਹਿਲਾਂ ਪਹਿਲਾਂ ਤਾਂ ਇਥੇ ਸਭ ਕੁੱਝ ਬੜਾ ਅਜੀਬ ਜਿਹਾ ਲੱਗਾ ਪਰ ਹੌਲੀ-ਹੌਲੀ ਇਥੇ ਮਨ ਲੱਗਣ ਲੱਗਾ। ਜਿਵੇਂ ਜਿਵੇਂ ਮੇਰਾ ਸਰਕਲ ਵਧਿਆ ਤਿਵੇਂ ਤਿਵੇਂ ਮਨ ਵਿਚਲੀਆਂ ਭਾਵਨਾਵਾਂ ਜੋ ਮੈਨੂੰ ਬੇਚੈਨ ਕਰ ਦਿੰਦੀਆਂ ਸਨ, ਦਾ ਅਸਰ ਵੀ ਘੱਟ ਹੋਣ ਲੱਗਾ। ਹੌਲੀ-ਹੌਲੀ ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਇਥੋਂ ਦੇ ਮਾਹੌਲ ਦਾ ਆਦੀ ਬਣਾ ਲਿਆ। ਜ਼ਿੰਦਗੀ ਇੱਕ ਨਿਯਮਬੱਧ ਤਰੀਕੇ ਨਾਲ ਚੱਲ ਰਹੀ ਸੀ। ਕਦੀ ਕਦੀ ਥੋੜ੍ਹੀ ਜਿਹੀ ਘਬਰਾਹਟ ਮਹਿਸੂਸ ਹੁੰਦੀ ਪ੍ਰੰਤੂ ਚੰਗੇ ਭਵਿੱਖ ਦੇ ਸੁਪਨੇ ਮਨ ਨੂੰ ਬਹਿਲਾਈ ਰੱਖਦੇ।

ਸ਼ੁਰੂ-ਸ਼ੁਰੂ ਵਿੱਚ ਤਾਂ ਮੈਂ ਕਾਲਜ ਦੇ ਹੋਸਟਲ ਵਿੱਚ ਹੀ ਰਿਹਾ ਪ੍ਰੰਤੂ ਉਥੇ ਪੜ੍ਹਾਈ ਠੀਕ ਢੰਗ ਨਾਲ ਨਾ ਹੋਣ ਕਾਰਨ ਮੈਂ ਆਊਟਰ ਲੰਡਨ ਦੀ ਜੇਰੇ ਅਬਾਦ ਬਸਤੀ ਵਿੱਚ ਕਿਰਾਏ ਦਾ ਮਕਾਨ ਲੈ ਕੇ ਉਥੇ ਰਹਿਣ ਲੱਗਾ। ਮਕਾਨ ਦੇ ਮਾਲਕ ਇੱਕ ਮੁਸਲਮਾਨ ਸਲੀਮ ਪਰਵੇਜ਼ ਸਾਹਿਬ ਸਨ ਜੋ ਪੇਸ਼ੇ ਤੋਂ ਸਾਊਂਡ ਇੰਜੀਨੀਅਰ ਸਨ। ਤਕਰੀਬਨ ਵੀਹ ਸਾਲ ਪਹਿਲਾਂ ਉਹ ਇਥੇ ਆ ਕੇ ਰਹਿਣ ਲੱਗੇ ਸਨ। ਬਤੌਰ ਸਾਊਂਡ ਇੰਜੀਨੀਅਰ ਉਹ ਸੁਰਖੀਆਂ ਵਿੱਚ ਉਸ ਵਕਤ ਆਏ ਜਦ ਉਨ੍ਹਾਂ ਨੇ 'ਵਾਈਸ ਪ੍ਰਿੰਟ' (ਅਵਾਜ਼ ਤਰੰਗਾਂ) ਦੀ ਸਹਾਇਤਾ ਨਾਲ ਇੱਕ ਫਰਾਰ ਕਾਤਿਲ ਨੂੰ ਗ੍ਰਿਫਤਾਰ ਕਰਵਾਇਆ, ਜਿਸ ਨੇ ਲੰਡਨ ਪੁਲਿਸ ਦੀ ਨੀਂਦ ਹਰਾਮ ਕੀਤੀ ਹੋਈ ਸੀ। ਇਥੇ ਹੀ ਉਨ੍ਹਾਂ ਨੇ ਇੱਕ ਫਰਾਂਸੀਸੀ ਅਭਿਨੇਤਰੀ ਨਾਲ ਵਿਆਹ ਕਰਵਾਇਆ ਪ੍ਰੰਤੂ ਸੰਸਕਾਰਾਂ ਦਾ ਤਾਲਮੇਲ ਨਾ ਹੋਣ ਕਾਰਨ ਇਹ ਸਬੰਧ ਬਹੁਤ ਜਲਦੀ ਟੁੱਟ ਗਏ। ਇਸ ਤੋਂ ਬਾਅਦ ਵੀ ਉਹ ਇੱਕ ਚੰਗੇ ਦੋਸਤ ਦੀ ਤਰ੍ਹਾਂ ਆਪਸ ਵਿੱਚ ਕਦੀ-ਕਦੀ ਮਿਲਦੇ ਰਹਿੰਦੇ। ਫਿਰ ਕੁੱਝ ਦੇਰ ਲਈ ਸਲੀਮ ਸਾਹਿਬ ਇਸਲਾਮਾਬਾਦ ਚਲੇ ਗਏ ਅਤੇ ਉਥੇ ਹੀ ਵਿਆਹ ਕਰਵਾ ਕੇ ਲੰਡਨ ਆ ਗਏ। ਸਲੀਮ ਸਾਹਿਬ ਬੜੇ ਸਾਦਾ ਲਿਬਾਸ ਅਤੇ ਅੱਲਾ ਦੀ ਰਜਾ ਵਿੱਚ ਰਹਿਣ ਵਾਲੇ ਸ਼ਖਸ ਸਨ। ਇਹੀ ਵਜ੍ਹਾ ਸੀ ਕਿ ਇੱਕ ਵਾਰ ਉਨ੍ਹਾਂ ਨੂੰ ਮਿਲ ਕੇ ਕੋਈ ਜਲਦੀ ਉਨ੍ਹਾਂ ਨੂੰ ਭੁਲਾ ਨਹੀਂ ਸਕਦਾ ਸੀ। ਉਨ੍ਹਾਂ ਦੀ ਪਤਨੀ ਵੀ ਜ਼ਮਾਨੇ ਦੀ ਤੜਕ-ਫੜਕ ਤੋਂ ਕੋਹਾਂ ਦੂਰ ਫ਼ਰਜ਼ਾਂ ਦੀ ਪੂਰਤੀ ਕਰਨ ਵਾਲੀ ਔਰਤ



ਸੀ, ਜੋ ਆਪਣੇ ਪਤੀ ਨੂੰ ਹਰ ਤਰ੍ਹਾਂ ਨਾਲ ਖੁਸ਼ ਰੱਖਦੀ ਸੀ।

ਸਲੀਮ ਸਾਹਿਬ ਬਹੁਤ ਵਧੀਆ ਘੋੜ ਸਵਾਰ ਵੀ ਸਨ। ਮਹੀਨੇ ਵਿੱਚ ਕੇਵਲ ਇੱਕ ਵਾਰ ਰੇਸਕੋਰਸ ਜ਼ਰੂਰ ਜਾਂਦੇ ਅਤੇ ਉਥੇ ਹੋਰਨਾਂ ਲੋਕਾਂ ਵਾਂਗ ਦਾਅ ਨਾ ਲਗਾਉਂਦੇ ਸਗੋਂ ਜੌਕੀ ਬਣਦੇ ਅਤੇ ਇਹ ਉਨ੍ਹਾਂ ਦੀ ਖੁਸ਼ਕਿਸਮਤੀ ਸੀ ਜਾਂ ਕੋਈ ਗੈਬੀ ਸ਼ਕਤੀ ਕਿ ਜਿਸ ਘੋੜੇ ਉਪਰ ਉਹ ਸਵਾਰੀ ਕਰਦੇ ਉਹ ਘੋੜਾ ਹਮੇਸ਼ਾ ਹੀ ਜੇਤੂ ਰਹਿੰਦਾ। ਇੱਕ ਹੈਰਾਨਕੁੰਨ ਗੱਲ ਇਹ ਵੀ ਸੀ ਕਿ ਜਿੱਤੇ ਹੋਏ ਪੈਸੇ ਉਹ ਕਦੀ ਵੀ ਆਪਣੇ ਘਰੇ ਨਹੀਂ ਲਿਆਉਂਦੇ ਸਨ ਬਲਕਿ ਸਾਰੇ ਪੈਸੇ ਕਿਸੇ ਪਸ਼ੂ ਹਸਪਤਾਲ ਨੂੰ ਦਾਨ ਕਰ ਆਉਂਦੇ। ਕਦੀ ਕਦੀ ਤਾਂ ਦਾਨ ਕੀਤੀ ਗਈ ਰਕਮ ਹਜ਼ਾਰਾਂ ਡਾਲਰਾਂ ਤੱਕ ਹੁੰਦੀ ਸੀ। ਮੈਨੂੰ ਇਹ ਸਭ ਕੁੱਝ ਬੜਾ ਅਜੀਬ ਜਿਹਾ ਲਗਦਾ ਸੀ ਪ੍ਰੰਤੂ ਪਤਾ ਨਹੀਂ ਕੀ ਸੋਚ ਕੇ ਮੈਂ ਚੁੱਪ ਰਹਿ ਜਾਂਦਾ ? ਪ੍ਰੰਤੂ ਇੱਕ ਗੱਲ ਹਮੇਸ਼ਾ ਮਨ ਵਿੱਚ ਖਟਕਦੀ ਰਹਿੰਦੀ ਸੀ ਕਿ ਆਖਿਰ ਇੱਕ ਪ੍ਰਸਿੱਧੀ ਪ੍ਰਾਪਤ ਦੌਲਤਮੰਦ ਇੰਜੀਨੀਅਰ ਨੂੰ ਭਲਾਂ ਜੌਕੀ ਬਣਨ ਦੀ ਕੀ ਲੋੜ ਸੀ ? ਜਦ ਮੈਥੋਂ ਨਾ ਰਿਹਾ ਗਿਆ ਤਾਂ ਇੱਕ ਦਿਨ ਮੈਂ ਉਨ੍ਹਾਂ ਨੂੰ ਪੁੱਛ ਹੀ ਲਿਆ,

"ਸਲੀਮ ਸਾਹਿਬ, ਜੇਕਰ ਬੁਰਾ ਨਾ ਮੰਨੋ ਤਾਂ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ।"

ਸਲੀਮ ਸਾਹਿਬ ਨੇ ਸ਼ਰਾਫਤੀ ਲਹਿਜ਼ੇ ਨਾਲ ਮੁਸਕਰਾਉਂਦੇ ਹੋਏ ਕਿਹਾ,

"ਡਾਕਟਰ ਸਾਹਿਬ ਤੁਹਾਨੂੰ ਝਿਜਕਣਾ ਨਹੀਂ ਚਾਹੀਦਾ ਕਿਉਂਕਿ ਤੁਸੀਂ ਤਾਂ ਮੇਰੀ ਪਸੰਦ ਦੇ ਗਿਣੇ-ਚੁਣੇ ਲੋਕਾਂ ਵਿੱਚੋਂ ਇੱਕ ਹੋ।"

ਮੈਂ ਝਿਜਕਦੇ ਹੋਏ ਪੁੱਛਿਆ, "ਸਲੀਮ ਸਾਹਿਬ ਤੁਸੀਂ ਮਹੀਨੇ ਵਿੱਚ ਕੇਵਲ ਇੱਕ ਵਾਰ ਜੌਕੀ ਬਣਦੇ ਹੋ, ਹਰ ਵਾਰ ਜਿੱਤਦੇ ਹੋ, ਪ੍ਰੰਤੂ ਇੱਕ ਤੋਂ ਜ਼ਿਆਦਾ ਦੌੜ ਵੀ ਨਹੀਂ ਲਗਾਉਂਦੇ, ਇਸ ਦਾ ਕੋਈ ਖਾਸ ਕਾਰਨ।"

ਸਲੀਮ ਸਾਹਿਬ ਨੇ ਬੜੀਆਂ ਗਹਿਰੀਆਂ ਨਜ਼ਰਾਂ ਨਾਲ ਮੈਨੂੰ ਦੇਖਿਆ ਅਤੇ ਫਿਰ ਉਸੇ ਅੰਦਾਜ਼ ਵਿੱਚ ਬੋਲੇ, "ਡਾਕਟਰ ਸਾਹਿਬ ਦਰਅਸਲ ਮੈਂ ਰੇਸਕੋਰਸ ਵਿੱਚ ਭਾਗ ਜੂਆ ਖੇਡਣ ਦੀ ਭਾਵਨਾ ਨਾਲ ਨਹੀਂ ਬਲਕਿ ਇੱਕ ਪਵਿੱਤਰ ਕੰਮ ਦੀ ਪੂਰਤੀ ਲਈ ਲੈਂਦਾ ਹਾਂ ਅਤੇ ਇਸੇ ਕਾਰਨ ਹੀ ਜਿੱਤਦਾ ਹਾਂ।" ਮੈਨੂੰ ਇਹ ਸੁਣ ਕੇ ਬੜਾ ਅਜੀਬ ਜਿਹਾ ਲੱਗਾ ਕਿ ਲੋਕ ਰੇਸਕੋਰਸ ਪੈਸੇ ਜਿੱਤਣ, ਸ਼ੌਕ ਨਾਲ ਜਾਂ ਫਿਰ ਕੇਵਲ ਇਕਲਾਪਾ ਦੂਰ ਕਰਨ ਲਈ ਹੀ ਜਾਂਦੇ ਹਨ ਅਤੇ ਜੌਕੀ ਤਾਂ ਹਰ ਸੰਭਵ ਪੈਸਾ ਅਤੇ ਸ਼ੋਹਰਤ ਪ੍ਰਾਪਤ ਕਰਨ ਦੀ ਨੀਅਤ ਨਾਲ ਹੀ ਘੋੜਾਵਾਰੀ ਕਰਦਾ ਹੈ ਪਰ ਇਹ ਬੜੀ ਹੈਰਾਨੀਜਨਕ ਗੱਲ ਹੈ ਕਿ ਸਲੀਮ ਸਾਹਿਬ ਅਜਿਹੇ ਮਕਸਦ ਲਈ ਰੇਸਕੋਰਸ ਜਾਂਦੇ ਹਨ।

ਮੈਨੂੰ ਵਿਚਾਰਾਂ ਵਿੱਚ ਡੁੱਬਿਆਂ ਦੇਖ ਕੇ ਸਲੀਮ ਸਾਹਿਬ ਨੇ ਹੌਲੀ ਜਿਹੇ ਮੇਰੇ ਮੋਢੇ 'ਤੇ ਹੱਥ ਰੱਖਿਆ ਅਤੇ ਬੜੀ ਗਹਿਰੀ ਆਵਾਜ਼ ਵਿੱਚ ਕਹਿਣ ਲੱਗੇ, "ਡਾਕਟਰ ਸਾਹਿਬ ਇਨਸਾਨ ਤੋਂ ਅਣਜਾਣੇ ਵਿੱਚ ਕੁੱਝ ਅਜਿਹੇ ਗੁਨਾਹ ਹੋ ਜਾਂਦੇ ਹਨ ਜਿਨ੍ਹਾਂ ਦਾ ਅਹਿਸਾਸ ਮਰਦੇ ਦਮ ਤੱਕ ਉਸ ਦੇ ਮਨ ਉੱਪਰ ਛਾਇਆ ਰਹਿੰਦਾ ਹੈ ਅਤੇ ਸ਼ਾਇਦ ਮਰ ਕੇ ਵੀ ਆਤਮਾ ਨੂੰ ਸ਼ਾਂਤੀ ਨਹੀਂ ਮਿਲਦੀ। ਫਿਰ ਇੱਕ ਸਿਸਕੀ ਭਰ ਕੇ ਉਨ੍ਹਾਂ ਨੇ ਆਪਣੇ ਅਤੀਤ ਨਾਲ ਜੁੜੀ ਇੱਕ ਅਜਿਹੀ ਘਟਨਾ ਸੁਣਾਈ ਜਿਸ ਨੂੰ ਸੁਣ ਕੇ ਮੈਂ ਦੰਗ ਰਹਿ ਗਿਆ। ਸਲੀਮ ਸਾਹਿਬ ਕਹਿਣ ਲੱਗੇ, "ਮੇਰੇ ਅੱਬਾ ਹਜ਼ੂਰ ਆਪਣੇ ਸਮੇਂ

ਦੇ ਮਸ਼ਹੂਰ ਘੋੜਿਆਂ ਦੇ ਸੌਦਾਗਰ ਸਨ। ਅਰਬੀ, ਤੁਰਕੀ, ਇਰਾਨੀ ਅਤੇ ਸੈਂਕੜੇ ਹੋਰ ਵਧੀਆ ਨਸਲ ਦੇ ਘੋੜਿਆਂ ਦੀ ਹਰ ਸਾਲ ਖਰੀਦੋ-ਫ਼ਰੋਖਤ ਕਰਦੇ ਸਨ। ਵੱਡੇ ਵੱਡੇ ਰਾਜੇ, ਨਵਾਬ ਅਤੇ ਅੰਗਰੇਜ਼ ਅਫ਼ਸਰ ਉਨ੍ਹਾਂ ਦੇ ਗਾਹਕ ਸਨ। ਇਸ ਸੌਦੇਬਾਜ਼ੀ ਵਿੱਚ ਉਨ੍ਹਾਂ ਨੇ ਲੱਖਾਂ ਰੁਪਿਆ ਕਮਾਇਆ। ਲਾਹੌਰ ਵਿੱਚ ਉਨ੍ਹਾਂ ਦਾ ਚਾਲੀ ਏਕੜ ਵਿੱਚ ਫੈਲਿਆ ਇੱਕ 'ਸਟੱਡ ਫਾਰਮ' ਸੀ। 'ਸਟੱਡ ਫਾਰਮ' ਦੇ ਪੂਰਬੀ ਹਿੱਸੇ ਵਿੱਚ ਉਨ੍ਹਾਂ ਦਾ ਇੱਕ ਆਲੀਸ਼ਾਨ ਬੰਗਲਾ ਸੀ, ਜਿਥੇ ਆਏ ਦਿਨ ਅਮੀਰ ਗਾਹਕਾਂ ਦੇ ਆਉਣ 'ਤੇ ਜਸ਼ਨ ਹੁੰਦੇ ਰਹਿੰਦੇ ਸਨ। ਲਖਨਊ ਅਤੇ ਪਟਿਆਲਾ ਤੋਂ ਕਵਾਲ ਅਤੇ ਮੁਜ਼ਰਾ ਪਾਰਟੀਆਂ ਬੁਲਾਈਆਂ ਜਾਂਦੀਆਂ ਸਨ। ਘਰ ਵਿੱਚ ਈਦ ਵਾਂਗ ਮਾਹੌਲ ਬਣਿਆ ਰਹਿੰਦਾ ਸੀ। ਬਹੁਤ ਵਧੀਆ ਅਤੇ ਸ਼ਾਂਤੀਪੂਰਵਕ ਦਿਨ ਲੰਘ ਰਹੇ ਸਨ ਕਿ ਅਚਾਨਕ ਇੱਕ ਦਿਨ ਖ਼ੁਦਾ ਦਾ ਕਹਿਰ ਆ ਵਰ੍ਹਿਆ, ਮੇਰੀ ਅੰਮੀ ਜਾਨ ਦਸ ਸਾਲ ਦੀ ਨਾਬਾਲਗ ਉਮਰ ਵਿੱਚ ਹੀ ਮੈਨੂੰ ਰੋਂਦਾ ਕੁਰਲਾਉਂਦਾ ਛੱਡ ਕੇ ਅੱਲਾ ਦੀ ਦਰਗਾਹ ਵਿੱਚ ਜਾ ਬਿਰਾਜੀ। ਅੱਬਾ ਹਜ਼ੂਰ ਦਾ ਹਾਲ ਤਾਂ ਪਾਗਲਾਂ ਵਰਗਾ ਹੋ ਗਿਆ। ਨਾਤੇ ਰਿਸ਼ਤੇਦਾਰਾਂ ਦੀ ਸਲਾਹ 'ਤੇ ਮੈਨੂੰ 'ਮਰੀਹ' ਦੇ ਬੋਰਡਿੰਗ ਸਕੂਲ ਵਿੱਚ ਭੇਜ ਦਿੱਤਾ ਗਿਆ। ਹੌਲੀ-ਹੌਲੀ ਅੱਬਾ ਹਜ਼ੂਰ ਫਿਰ ਤੋਂ ਆਪਣੇ ਕਾਰੋਬਾਰ ਵਿੱਚ ਦਿਲਚਸਪੀ ਲੈਣ ਲੱਗੇ। ਕਦੀ-ਕਦੀ ਵਕਤ ਕੱਢ ਕੇ ਮੇਰੇ ਕੋਲ ਵੀ ਆ ਜਾਂਦੇ ਜਾਂ ਫਿਰ ਛੁੱਟੀਆਂ ਵਿੱਚ ਮੈਂ ਲਾਹੌਰ ਵਾਲੇ ਘਰ ਚਲਾ ਜਾਂਦਾ। ਇੱਕ ਵਾਰ ਜਦ ਮੈਂ ਘਰ ਗਿਆ ਹੋਇਆ ਸੀ ਤਾਂ ਅਰਬੀ ਨਸਲ ਦੀ ਘੋੜੀ ਨੇ ਇੱਕ ਬਹੁਤ ਖ਼ੂਬਸੂਰਤ ਮਾਦਾ ਬੱਚੇ ਨੂੰ ਜਨਮ ਦਿੱਤਾ। ਅੱਬਾ ਹਜ਼ੂਰ ਹਰ ਵਕਤ ਉਸ ਦੀ ਦੇਖ ਭਾਲ ਵਿੱਚ ਲੱਗੇ ਰਹਿੰਦੇ। ਵੈਸੇ ਤਾਂ ਹਰ ਸਾਲ ਹੀ ਫਾਰਮ ਵਿੱਚ ਕੋਈ ਨਾ ਕੋਈ ਨਵਾਂ ਬੇਜ਼ੁਬਾਨ ਮਹਿਮਾਨ ਆਇਆ ਰਹਿੰਦਾ ਸੀ ਪ੍ਰੰਤੂ ਉਸ ਵਿੱਚ ਪਤਾ ਨਹੀਂ ਕਿਹੜੀ ਖਿੱਚ ਸੀ ਕਿ ਅੱਬਾ ਹਜ਼ੂਰ ਦਿਨ ਵਿੱਚ ਕਈ ਵਾਰ ਉਸ ਨੂੰ ਦੇਖਣ ਜਾਂਦੇ। ਡਾਕਟਰਾਂ ਅਤੇ ਹੋਰਨਾਂ ਦੇਖਭਾਲ ਵਾਲਿਆਂ ਨੂੰ ਉਸ ਲਈ ਖਾਸ ਹਦਾਇਤਾਂ ਦਿੱਤੀਆਂ ਗਈਆਂ। ਅੱਬਾ ਹਜ਼ੂਰ ਨੇ ਪਿਆਰ ਨਾਲ ਉਸ ਦਾ ਨਾਮ ਜ਼ਰੀਨਾ ਰੱਖਿਆ। ਜਿਵੇਂ ਜਿਵੇਂ ਜ਼ਰੀਨਾ ਵੱਡੀ ਹੋਣ ਲੱਗੀ ਤਿਵੇਂ-ਤਿਵੇਂ ਅੱਬਾ ਹਜ਼ੂਰ ਜਦ ਤੱਕ ਉਸ ਦੇ ਸਾਹਮਣੇ ਨਾ ਹੁੰਦੇ ਉਹ ਦਾਣੇ ਪਾਣੀ ਨੂੰ ਮੂੰਹ ਵੀ ਨਾ ਲਗਾਉਂਦੀ। ਅੱਬਾ ਹਜ਼ੂਰ ਦੇ ਬਿਨਾਂ ਕਿਸੇ ਦੀ ਕੀ ਮਜ਼ਾਲ ਜੋ ਉਸ ਦੀ ਪਿੱਠ 'ਤੇ ਹੱਥ ਵੀ ਰੱਖ ਸਕੇ। ਕਿਸੇ ਦੂਸਰੇ ਆਦਮੀ ਨੂੰ ਦੇਖ ਕੇ ਤਾਂ ਉਹ ਇਸ ਤਰ੍ਹਾਂ ਉਛਲਣ ਲੱਗਦੀ ਕਿ ਦੇਖਣ ਵਾਲਾ ਇੱਕ ਦਮ ਪਿੱਛੇ ਹਟ ਜਾਂਦਾ। ਅੱਬਾ ਹਜ਼ੂਰ ਜਦ ਪਿਆਰ ਨਾਲ ਉਸ ਦਾ ਨਾਮ ਲੈਂਦੇ ਤਾਂ ਉਹ ਪਿਛਲੀਆਂ ਲੱਤਾਂ ਉੱਤੇ ਇੰਜ ਖੜ੍ਹੀ ਹੋ ਜਾਂਦੀ ਜਿਵੇਂ ਬੱਚਾ ਮਾਂ ਦੇ ਬੁਲਾਉਣ ਉਪਰੰਤ ਦੋਵੇਂ ਹੱਥ ਉਸ ਵੱਲ ਕਰਦਾ ਹੈ। ਕਈ ਅਮੀਰਜ਼ਾਦਿਆਂ ਦੀ ਨਜ਼ਰ ਜ਼ਰੀਨਾ ਉੱਪਰ ਸੀ। ਕੁੱਝ ਕੁ ਤਾਂ ਮੂੰਹ ਮੰਗੀ ਰਕਮ ਦੇਣ ਲਈ ਵੀ ਤਿਆਰ ਸਨ ਪਰ ਅੱਬਾ ਹਜ਼ੂਰ ਇਨਕਾਰ ਕਰ ਦਿੰਦੇ ਸਨ।

ਇੱਕ ਵਾਰ ਵਪਾਰ ਦੇ ਸਿਲਸਿਲੇ ਵਿੱਚ ਅੱਬਾ ਹਜ਼ੂਰ ਕਾਬੁਲ ਆ ਗਏ ਤਾਂ ਉਹ ਇੱਕ ਬੁੱਤ-ਤਰਾਸ਼ ਦੀ ਲੜਕੀ ਨੂੰ ਦਿਲ ਦੇ ਬੈਠੇ, ਕਈ ਦਿਨ ਉਹ ਵਾਪਸ ਨਾ ਆਏ। ਉਨ੍ਹਾਂ ਦੇ ਜਾਣ ਪਿੱਛੋਂ ਜ਼ਰੀਨਾ ਨੇ ਸਭ ਦੇ ਨੱਕ ਵਿੱਚ ਦਮ ਕਰ ਦਿੱਤਾ। ਉਹ ਨਾ ਕੁੱਝ ਖਾਂਦੀ, ਨਾ ਪੀਂਦੀ, ਇਥੋਂ ਤੱਕ ਕਿ ਕਿਸੇ ਨੂੰ ਆਪਣੇ ਨਜ਼ਦੀਕ ਵੀ ਨਾ



ਆਉਣ ਦਿੰਦੀ। ਕੁੱਝ ਹੀ ਦਿਨਾਂ ਵਿੱਚ ਉਹ ਸੁੱਕ ਕੇ ਤੀਲਾ ਹੋ ਗਈ। ਸਟੱਡ ਦੇ ਮੈਨੇਜਰ ਨੇ ਜਦ ਕਿਸੇ ਤਰ੍ਹਾਂ ਉਸ ਨੂੰ ਸੰਭਲਦੇ ਨਾ ਦੇਖਿਆ ਤਾਂ ਉਨ੍ਹਾਂ ਨੇ ਆਪਣੇ ਇੱਕ ਭਰੋਸੇਮੰਦ ਆਦਮੀ ਨੂੰ ਅੱਬਾ ਹਜ਼ੂਰ ਜੀ ਦੇ ਪਿੱਛੇ ਭੇਜਿਆ। ਪਤਾ ਲੱਗਣ ਉਪਰੰਤ ਅੱਬਾ ਹਜ਼ੂਰ ਫੌਰਨ ਲਾਹੌਰ ਪਹੁੰਚੇ। ਫਾਰਮ ਪਹੁੰਚ ਕੇ ਜਿਵੇਂ ਹੀ ਉਨ੍ਹਾਂ ਨੇ ਜ਼ਰੀਨਾ ਨੂੰ ਪੁਚਕਾਰਿਆ, ਇੱਕ ਪਲ ਲਈ ਤਾਂ ਜਿਵੇਂ ਸਟੱਡ ਫਾਰਮ ਵਿੱਚ ਤੂਫਾਨ ਜਿਹਾ ਆ ਗਿਆ।

ਕਿਸੇ ਨਰਤਕੀ ਦੀ ਤਰ੍ਹਾਂ ਜ਼ਰੀਨਾ ਉਛਲਣ-ਕੁੱਦਣ ਲੱਗੀ। ਫਿਰ ਅਗਲੇ ਹੀ ਪਲ ਜਿਵੇਂ ਆਪਣੀ ਨਾਰਾਜ਼ਗੀ ਦਿਖਾ ਰਹੀ ਹੋਵੇ, ਅੱਬਾ ਹਜ਼ੂਰ ਵੱਲ ਪਿੱਠ ਕਰਕੇ ਖੜ੍ਹੀ ਹੋ ਗਈ। ਉਸ ਦੀ ਹਾਲਤ ਦੇਖ ਕੇ ਅੱਬਾ ਹਜ਼ੂਰ ਨੇ ਮੈਨੇਜਰ ਤੋਂ ਲੈ ਕੇ ਵਾਟਰਮੈਨ ਤੱਕ ਸਭ ਨੂੰ ਅਜਿਹੀ ਝਾੜ ਪਾਈ ਕਿ ਸਾਰੇ ਨਰਾਜ਼ ਹੋ ਗਏ। ਅੱਬਾ ਹਜ਼ੂਰ ਨੇ ਬੜੇ ਪਿਆਰ ਨਾਲ ਜ਼ਰੀਨਾ ਦੀ ਪਿੱਠ ਅਤੇ ਮੱਥੇ ਉਪਰ ਹੱਥ ਫੇਰਿਆ। ਪ੍ਰੰਤੂ ਜ਼ਰੀਨਾ ਹੁਣ ਵੀ ਕਿਸੇ ਜ਼ਿੱਦੀ ਬੱਚੇ ਦੀ ਤਰ੍ਹਾਂ ਮੂੰਹ ਬਣਾਈ ਬੈਠੀ ਸੀ। ਆਖਿਰ ਪਿਤਾ ਜੀ ਨੇ ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਰਾਜ਼ੀ ਕਰ ਲਿਆ। ਸੁਭਾ ਸ਼ਾਮ ਫਿਰ ਉਹੀ ਕੰਮ ਸ਼ੁਰੂ ਹੋ ਗਿਆ। ਅੱਬਾ ਹਜ਼ੂਰ ਆਪਣੇ ਹੱਥਾਂ ਨਾਲ ਜ਼ਰੀਨਾ ਨੂੰ ਦਾਣਾ ਪਾਣੀ ਖੁਆਉਂਦੇ ਫਿਰ ਉਸ ਦੀ ਪਿੱਠ 'ਤੇ ਸਵਾਰ ਹੋ ਕੇ ਲੰਬੀ ਸੈਰ ਨੂੰ ਨਿਕਲ ਜਾਂਦੇ। ਕੁੱਝ ਹੀ ਦਿਨਾਂ ਵਿੱਚ ਜ਼ਰੀਨਾ ਪਹਿਲਾਂ ਦੀ ਤਰ੍ਹਾਂ ਤੰਦਰੁਸਤ ਹੋ ਗਈ। ਹੁਣ ਅੱਬਾ ਹਜ਼ੂਰ ਇੱਕ ਪਲ ਲਈ ਵੀ ਉਸ ਤੋਂ ਅਲੱਗ ਨਹੀਂ ਹੋਣਾ ਚਾਹੁੰਦੇ ਸਨ। ਪ੍ਰੰਤੂ ਵਪਾਰਕ ਸਿਲਸਿਲੇ ਵਿੱਚ ਅੱਬਾ ਹਜ਼ੂਰ ਅਕਸਰ ਹੀ ਇਧਰ ਉਧਰ ਜਾਂਦੇ ਰਹਿੰਦੇ ਸਨ। ਇੱਕ ਦਿਨ ਤਾਂ ਕਾਬੁਲ ਵਾਲੀ ਹਸੀਨਾ ਅੱਬਾ ਹਜ਼ੂਰ ਨੂੰ ਲੱਭਦੀ-ਲੱਭਦੀ ਲਾਹੌਰ ਤੱਕ ਆ ਪਹੁੰਚੀ। ਅੱਬਾ ਜੀ ਦੀ ਸ਼ਾਨੋ-ਸ਼ੌਕਤ ਦੇਖ ਕੇ ਉਹ ਦੰਗ ਰਹਿ ਗਈ। ਅੱਬਾ ਨੂੰ ਤਾਂ ਇੱਕ ਤਰ੍ਹਾਂ ਨਾਲ ਮੁਰਾਦ ਮਿਲ ਗਈ। ਕੁੱਝ ਜਾਣ ਪਛਾਣ ਵਾਲਿਆਂ ਨੂੰ ਬੁਲਾ ਕੇ ਉਨ੍ਹਾਂ ਦੀ ਹਾਜ਼ਰੀ ਵਿੱਚ ਅੱਬਾ ਹਜ਼ੂਰ ਨੇ ਉਸ ਨਾਲ ਨਿਕਾਹ ਕਰਵਾ ਲਿਆ। ਨਵੀਂ ਅੰਮੀ ਆਉਣ ਨਾਲ ਮੈਨੂੰ ਵੀ ਕੁੱਝ ਰਾਹਤ ਮਿਲੀ ਕਿ ਚਲੋ ਘੱਟੋ-ਘੱਟ ਅੱਬਾ ਜੀ ਦਾ ਖਿਆਲ ਰੱਖਣ ਵਾਲਾ ਅਤੇ ਖੁਸ਼ੀ ਗਮੀ ਵਿੱਚ ਦੁੱਖ-ਸੁੱਖ ਸਾਂਝਾ ਕਰਨ ਵਾਲਾ ਕੋਈ ਸਹਾਰਾ ਤਾਂ ਮਿਲਿਆ। ਹੁਣ ਢਲਦੀ ਉਮਰ ਵਿੱਚ ਉਨ੍ਹਾਂ ਨੂੰ ਹਰ ਵਕਤ ਆਪਣੇ ਨਜ਼ਦੀਕ ਰਹਿਣ ਵਾਲਾ ਕੋਈ ਆਪਣਾ ਵੀ ਤਾਂ ਚਾਹੀਦਾ ਸੀ। ਇਸੇ ਦੌਰਾਨ ਮੈਨੂੰ ਇੰਜੀਨੀਅਰਿੰਗ ਕਰਨ ਲਈ ਲੰਡਨ ਭੇਜ ਦਿੱਤਾ ਗਿਆ। ਲੰਡਨ ਆਉਣ ਤੋਂ ਬਾਅਦ ਆਪਣੇ ਦੋਸਤ ਰਹੀਮ ਦੁਆਰਾ ਮੈਨੂੰ ਆਪਣੇ ਘਰ ਅਤੇ ਅੱਬਾ ਜੀ ਦੀ ਖੁਸ਼ੀ-ਗਮੀ ਦਾ ਹਾਲ ਚਾਲ ਮਿਲਦਾ ਰਹਿੰਦਾ। ਕਦੀ-ਕਦੀ ਮੈਂ ਅੱਬਾ ਜੀ ਨਾਲ ਫੋਨ 'ਤੇ ਵੀ ਗੱਲ ਕਰ ਲੈਂਦਾ ਸਾਂ ਜਾਂ ਫਿਰ ਮਹੀਨੇ ਵਿੱਚ ਇੱਕ ਦੋ ਵਾਰ ਸ਼ਿਕਾਇਤਾਂ ਭਰਿਆ ਖ਼ਤ ਵੀ ਲਿਖ ਦਿੰਦਾ ਸਾਂ। ਇਸੇ ਦੌਰਾਨ ਨਵੀਂ ਅੰਮੀ ਨੇ ਮੇਰੇ ਦੋ ਭਰਾਵਾਂ ਅਤੇ ਇੱਕ ਭੈਣ ਨੂੰ ਜਨਮ ਦਿੱਤਾ। ਅੱਬਾ ਹਜ਼ੂਰ ਨੂੰ ਤਾਂ ਜਿਵੇਂ ਸਵਰਗ ਮਿਲ ਗਿਆ। ਕਦੀ-ਕਦੀ ਅੱਬਾ ਹਜ਼ੂਰ ਸਾਰੇ ਪਰਿਵਾਰ ਨਾਲ ਫਾਰਮ ਜਾਂਦੇ ਅਤੇ ਨਜ਼ਮਾ ਦੀਦੀ ਤਾਂ ਬੱਸ ਜ਼ਰੀਨਾ ਦੇ ਇਰਦ-ਗਿਰਦ ਹੀ ਉਛਲਦੀ ਕੁੱਦਦੀ ਰਹਿੰਦੀ। ਹੁਣ ਅੱਬਾ ਜੀ ਦੀ ਦਿਲਚਸਪੀ ਜ਼ਰੀਨਾ ਪ੍ਰਤੀ ਕੁੱਝ ਘੱਟ ਹੋਣ ਲੱਗੀ। ਜ਼ਰੀਨਾ ਵੀ ਆਨੇ-ਬਹਾਨੇ ਕਦੀ ਦਾਣਾ ਨਾ ਖਾ ਕੇ ਅਤੇ ਕਦੀ ਅੱਬਾ ਜੀ ਨੂੰ ਆਪਣੀ

ਪਿੱਠ ਤੋਂ ਸੁੱਟ ਕੇ ਆਪਣੀ ਨਰਾਜ਼ਗੀ ਜ਼ਾਹਿਰ ਕਰਦੀ। ਫਿਰ ਵੀ ਅੱਬਾ ਜੀ ਪਿਆਰ ਨਾਲ ਝਿੜਕ ਕੇ ਉਸ ਨੂੰ ਮਨਾ ਲੈਂਦੇ। ਪ੍ਰੰਤੂ ਇਹ ਕਹਾਣੀ ਆਪਣੇ ਅੰਜਾਮ ਤੱਕ ਉਸ ਦਿਨ ਪਹੁੰਚੀ ਜਿਸ ਦਿਨ ਨਜ਼ਮਾ ਜ਼ਰੀਨਾ ਨਾਲ ਹੱਸ ਖੇਡ ਰਹੀ ਸੀ। ਕੁੱਝ ਦੇਰ ਤਾਂ ਇਹ ਸਭ ਕੁੱਝ ਚਲਦਾ ਰਿਹਾ ਪ੍ਰੰਤੂ ਫਿਰ ਅਚਾਨਕ ਪਤਾ ਨਹੀਂ ਜ਼ਰੀਨਾ ਨੂੰ ਕੀ ਹੋਇਆ ਕਿ ਉਸ ਨੇ ਨਜ਼ਮਾ ਨੂੰ ਇੱਕ ਦੁਲੱਤੀ ਮਾਰੀ। ਨਜ਼ਮਾ ਚੀਕ ਮਾਰ ਕੇ ਦੂਰ ਜਾ ਡਿੱਗੀ। ਅੱਬਾ ਹਜ਼ੂਰ ਉਸ ਵਕਤ ਮੈਨੇਜਰ ਅਤੇ ਡਾਕਟਰਾਂ ਦੇ ਨਾਲ ਮੈਦਾਨ ਵਿੱਚ ਘੋੜਿਆਂ ਦੀ ਦੇਖਭਾਲ 'ਚ ਲੱਗੇ ਹੋਏ ਸਨ। ਨਜ਼ਮਾ ਦੀ ਚੀਕ ਸੁਣ ਕੇ ਸਭ ਉਸ ਵੱਲ ਦੌੜੇ। ਨਜ਼ਮਾ ਡਰ ਨਾਲ ਬੇਹੋਸ਼ ਹੋ ਗਈ ਸੀ। ਸਿਰ 'ਚੋਂ ਖ਼ੂਨ ਵਗ ਰਿਹਾ ਸੀ। ਫੌਰਨ ਡਾਕਟਰ ਨੂੰ ਬੁਲਾਇਆ ਗਿਆ। ਬੰਗਲੇ ਵਿੱਚ ਡਾਕਟਰ ਨੇ ਨਜ਼ਮਾ ਦੇ ਸਿਰ ਵਿੱਚ ਚਾਰ ਟਾਂਕੇ ਲਗਾਏ ਅਤੇ ਕੁੱਝ ਹਦਾਇਤਾਂ ਦੇ ਕੇ ਚਲੇ ਗਏ। ਨਵੀਂ ਅੰਮੀ ਨੇ ਤਾਂ ਜਿਵੇਂ ਸਾਰਾ ਅਸਮਾਨ ਸਿਰ 'ਤੇ ਚੁੱਕ ਲਿਆ ਸੀ। ਅੱਬਾ ਜੀ ਵੀ ਬੜੇ ਪ੍ਰੇਸ਼ਾਨ ਸਨ। ਫਿਰ ਅਚਾਨਕ ਪਤਾ ਨਹੀਂ ਕੀ ਹੋਇਆ ਕਿ ਅੱਬਾ ਹਜ਼ੂਰ ਨੇ ਚਾਬੁਕ ਨਾਲ ਜ਼ਰੀਨਾ ਨੂੰ ਕੁੱਟ-ਕੁੱਟ ਕੇ ਉਸ ਦੀ ਪਿੱਠ ਉਪਰ ਲਾਲ ਸੁਰਖ ਨਿਸ਼ਾਨ ਬਣਾ ਦਿੱਤੇ। ਜਦ ਇਸ ਤਰ੍ਹਾਂ ਵੀ ਉਨ੍ਹਾਂ ਦਾ ਗੁੱਸਾ ਠੰਢਾ ਨਾ ਹੋਇਆ ਤਾਂ ਜ਼ਰੀਨਾ ਨੂੰ ਸ਼ਿਕੰਜੇ ਵਿੱਚ ਬੰਨ੍ਹ ਕੇ ਚਲੇ ਗਏ। ਉਸ ਰਾਤ ਉਨ੍ਹਾਂ ਨੇ ਨਾ ਕੁਝ ਖਾਧਾ, ਨਾ ਪੀਤਾ ਅਤੇ ਸਾਰੀ ਰਾਤ ਬੇਚੈਨੀ ਵਿੱਚ ਕੱਟੀ।

ਅੱਬਾ ਹਜ਼ੂਰ ਸੁਭਾ ਉਠੇ ਅਤੇ ਸਿੱਧਾ ਸਟੱਡ ਫਾਰਮ ਚਲੇ ਗਏ। ਜ਼ਰੀਨਾ ਨੂੰ ਸ਼ਿਕੰਜੇ ਤੋਂ ਆਜ਼ਾਦ ਕੀਤਾ ਅਤੇ ਪਿਆਰ ਨਾਲ ਪੁਚਕਾਰਿਆ ਪਰ ਜ਼ਰੀਨਾ ਨੇ ਕੋਈ ਦਿਲਚਸਪੀ ਨਾ ਦਿਖਾਈ। ਨਾ ਚਾਹੁੰਦੇ ਹੋਏ ਵੀ ਉਸ ਨੇ ਦੌੜ ਲਗਾਈ ਅਤੇ ਪਹਿਲਾਂ ਵਾਂਗ ਕਿਸੇ ਜਜ਼ਬਾਤ ਦਾ ਇਜ਼ਹਾਰ ਨਾ ਕੀਤਾ। ਅੱਬਾ ਜੀ ਸਮਝਦੇ ਸਨ ਕਿ ਇੱਕ ਦੋ ਦਿਨਾਂ ਵਿੱਚ ਸਭ ਕੁੱਝ ਠੀਕ ਹੋ ਜਾਵੇਗਾ ਪ੍ਰੰਤੂ ਸ਼ਾਇਦ ਉਹ ਭੁੱਲ ਗਏ ਸਨ ਕਿ ਅੱਲਾ ਦੀ ਬਣਾਈ ਹਰ ਸ਼ੈਅ ਦਾ ਆਪਣਾ ਵਜੂਦ ਹੁੰਦਾ ਹੈ। ਬਰਦਾਸ਼ਤ ਦੀ ਹੱਦ ਤੋਂ ਅੱਗੇ ਇੱਕ ਕਾਲਾ ਦਾਇਰਾ ਹੁੰਦਾ ਹੈ ਜਿਥੇ ਇੱਕ ਕੰਡੇ ਦੀ ਪੀੜ ਵੀ ਮੌਤ ਦਾ ਕਾਰਨ ਬਣ ਸਕਦੀ ਹੈ। ਫਿਰ ਬੇਜ਼ੁਬਾਨ ਜ਼ਰੀਨਾ ਤਾਂ ਪਿਛਲੇ ਸੱਤ ਸਾਲਾਂ ਤੋਂ ਆਪਣੇ ਮਾਲਕ ਦੀ ਲਾਪ੍ਰਵਾਹੀ ਅਤੇ ਨਜ਼ਰਅੰਦਾਜ਼ੀ ਦਾ ਜ਼ਹਿਰ ਪੀਂਦੀ ਆ ਰਹੀ ਸੀ। ਨਵੀਂ ਅੰਮੀ ਦੇ ਆਉਣ ਤੋਂ ਲੈ ਕੇ ਨਜ਼ਮਾ ਦੇ ਪੈਦਾ ਹੋਣ ਤੱਕ ਅੱਬਾ ਹਜ਼ੂਰ ਦਾ ਪਿਆਰ ਕਿੰਨੇ ਹੀ ਹਿੱਸਿਆਂ ਵਿੱਚ ਵੰਡਿਆ ਜਾ ਚੁੱਕਾ ਸੀ ਅਤੇ ਜ਼ਰੀਨਾ ਦੇ ਹਿੱਸੇ ਵਿੱਚ ਤਾਂ ਸੁਭਾ-ਸ਼ਾਮ ਦੇ ਕੁੱਝ ਮਿੰਟ ਹੀ ਆਏ ਸਨ ਪ੍ਰੰਤੂ ਅੱਬਾ ਹਜ਼ੂਰ ਉਸ ਨੂੰ ਕੇਵਲ ਜਾਨਵਰ ਸਮਝ ਕੇ ਅਤੇ ਸਮੇਂ ਦੀ ਚਾਪਲੂਸੀ ਨੂੰ ਹੀ ਉਸ ਦਾ ਹੱਕ ਸੋਚ ਕੇ ਲਾਪ੍ਰਵਾਹ ਬਣੇ ਰਹੇ।

ਨਜ਼ਮਾ ਵਾਲੇ ਹਾਦਸੇ ਦੇ ਦੋ ਦਿਨਾਂ ਬਾਅਦ ਅੱਬਾ ਜੀ ਘੋੜਿਆਂ ਦੀ ਖਰੀਦੋ-ਫਰੋਖਤ ਦੇ ਸਿਲਸਿਲੇ ਵਿੱਚ ਬਲਖ ਚਲੇ ਗਏ। ਫਿਰ ਆਉਂਦੇ ਹੋਏ ਇੱਕ ਦੋ ਦਿਨ ਕਾਬੁਲ ਆਪਣੇ ਸਹੁਰੇ ਘਰ ਰੁਕ ਗਏ। ਉਨ੍ਹਾਂ ਦੇ ਜਾਣ ਪਿੱਛੋਂ ਜ਼ਰੀਨਾ ਨੇ ਖਾਣਾ ਪੀਣਾ ਬਿਲਕੁਲ ਛੱਡ ਦਿੱਤਾ। ਕੋਈ ਜਬਰਦਸਤੀ ਕਰਦਾ ਤਾਂ ਵੱਢਣ ਨੂੰ ਕਰਦੀ ਜਾਂ ਫਿਰ ਕੁੱਟ ਖਾਂਦੀ ਰਹਿੰਦੀ ਪ੍ਰੰਤੂ ਟੱਸ ਤੋਂ ਮੱਸ ਨਾ ਹੁੰਦੀ। ਕੁੱਝ ਹੀ ਦਿਨਾਂ ਵਿੱਚ ਉਸ ਦੀ ਹਾਲਤ ਦਮੇ ਦੇ ਮਰੀਜ਼ ਵਾਂਗ ਹੋ ਗਈ। ਉਸ ਦੀ ਕਾਲੀ ਮਖਮਲ ਵਰਗੀ ਚਮੜੀ



ਜਿਸ ਉਪਰ ਉਹ ਕਦੀ ਮੱਖੀ ਨਹੀਂ ਬੈਠਣ ਦਿੰਦੀ ਸੀ, ਸੁੱਕ ਕੇ ਬਿਮਾਰ ਮੱਝ ਵਾਂਗ ਹੋ ਗਈ ਸੀ। ਉਹ ਸ਼ਾਇਦ ਜੁੰਮੇ ਦਾ ਦਿਨ ਸੀ ਜਿਸ ਦਿਨ ਅੱਬਾ ਜੀ ਤਕਰੀਬਨ ਪੰਦਰਾਂ ਦਿਨਾਂ ਬਾਅਦ ਵਾਪਸ ਘਰ ਪਰਤੇ ਸਨ। ਉਸ ਦਿਨ ਸੁਭਾ ਤੋਂ ਹੀ ਜ਼ਰੀਨਾ ਦੀ ਹਾਲਤ ਖਰਾਬ ਸੀ। ਮੈਨੇਜਰ ਅਤੇ ਡਾਕਟਰ ਪਿਛਲੇ ਕਈ ਦਿਨਾਂ ਤੋਂ ਉਸ ਦੀ ਦੇਖ ਭਾਲ ਵਿੱਚ ਲੱਗੇ ਹੋਏ ਸਨ। ਪ੍ਰੰਤੂ ਬਿਮਾਰੀ ਉਨ੍ਹਾਂ ਦੀ ਸਮਝ ਵਿੱਚ ਨਹੀਂ ਆ ਰਹੀ ਸੀ। ਇੱਕ ਖਾਸ ਗੱਲ ਇਹ ਜੋ ਉਨ੍ਹਾਂ ਨੇ ਨੋਟ ਕੀਤੀ ਹੋਈ ਸੀ ਕਿ ਸੁਭਾ ਸ਼ਾਮ ਜਿਸ ਵਕਤ ਅੱਬਾ ਹਜ਼ੂਰ ਫਾਰਮ ਜਾ ਕੇ ਜ਼ਰੀਨਾ ਨੂੰ ਦੌੜ ਲਈ ਲੈ ਕੇ ਜਾਂਦੇ ਸਨ, ਉਸ ਵਕਤ ਆਪਣੇ ਵਾੜੇ ਦੇ ਬਾਹਰ ਕਦਮਾਂ ਦੀ ਆਵਾਜ਼ ਸੁਣ ਕੇ ਉਸ ਦੀਆਂ ਅੱਖਾਂ ਵਿੱਚ ਇੱਕ ਅਜੀਬ ਜਿਹੀ ਚਮਕ ਦਿਖਾਈ ਦਿੰਦੀ ਪ੍ਰੰਤੂ ਅੱਬਾ ਜੀ ਨੂੰ ਸਾਹਮਣੇ ਨਾ ਦੇਖ ਕੇ ਉਸ ਦੀਆਂ ਅੱਖਾਂ ਵਿੱਚ ਬਲਦੇ ਚਿਰਾਗ ਇੱਕ ਦਮ ਬੁਝ ਜਾਂਦੇ। ਵਾਪਸ ਆ ਕੇ ਅੱਬਾ ਹਜ਼ੂਰ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਦੌੜਦੇ ਦੌੜਦੇ ਸਟੱਡ ਫਾਰਮ ਪਹੁੰਚੇ। ਜਿਵੇਂ ਹੀ 'ਬਲੈਕ ਡਾਇਮੰਡ' ਹੱਟ ਦਾ ਪੋਲ ਸਰਕਾ ਕੇ ਉਹ ਅੰਦਰ ਗਏ ਤਾਂ ਜ਼ਰੀਨਾ ਪਾਗਲਾਂ ਦੇ ਅੰਦਾਜ਼ ਵਿੱਚ ਅੱਬਾ ਜੀ ਦੇ ਪੈਰ, ਛਾਤੀ ਅਤੇ ਗਲੇ ਨਾਲ ਆਪਣਾ ਮੂੰਹ ਲਗਾਉਣ ਲੱਗੀ। ਉਸ ਦੀ ਇਹ ਹਰਕਤ ਬਿਲਕੁਲ ਉਸ ਬੱਚੇ ਵਾਂਗ ਸੀ ਜੋ ਬੇਗਾਨੇ ਹੱਥਾਂ ਵਿੱਚੋਂ ਨਿਕਲ ਕੇ ਆਪਣੀ ਮਾਂ ਦੀ ਗੋਦ ਵਿੱਚ ਆ ਕੇ ਕਰਦਾ ਹੈ। ਅੱਬਾ ਹਜ਼ੂਰ ਨੇ ਬੜੇ ਪਿਆਰ ਨਾਲ ਉਸ ਦੇ ਗਲੇ ਨੂੰ ਬਾਹਾਂ ਵਿੱਚ ਲੈ ਕੇ ਉਸਨੂੰ ਪੁਚਕਾਰਨਾ ਸ਼ੁਰੂ ਕੀਤਾ। ਜ਼ਰੀਨਾ ਬੜੀ ਗਰਮ ਜੋਸ਼ੀ ਨਾਲ ਅੱਬਾ ਹਜ਼ੂਰ ਦੀ ਹਰ ਹਰਕਤ ਦਾ ਜਵਾਬ ਜਿਹਾ ਦਿੰਦੀ ਦਿਖਾਈ ਦੇ ਰਹੀ ਸੀ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਪਲੇਟਫਾਰਮ ਉੱਪਰ ਮਹਿਮਾਨ ਆਪਣੇ ਰਿਸ਼ਤੇਦਾਰ ਦਾ ਸ਼ੁਕਰੀਆ ਅਦਾ ਕਰਦਾ ਹੈ। ਮੈਨੇਜਰ, ਡਾਕਟਰ ਅਤੇ ਫਾਰਮ ਦੇ ਸਾਰੇ ਵਰਕਰ ਇਸ ਅਜੀਬ ਜਿਹੇ ਦ੍ਰਿਸ਼ ਨੂੰ ਬੜੀ ਗਹਿਰਾਈ ਨਾਲ ਦੇਖ ਰਹੇ ਸਨ ਅਤੇ ਇਸ ਤੋਂ ਪਹਿਲਾਂ ਕਿ ਕੋਈ ਕੁੱਝ ਸਮਝ ਸਕਦਾ, ਅਚਾਨਕ ਜ਼ਰੀਨਾ ਧੜੱਮ ਕਰਕੇ ਫਰਸ਼ 'ਤੇ ਡਿੱਗ ਪਈ। ਅੱਬਾ ਹਜ਼ੂਰ ਵੀ ਡਿੱਗਦੇ-ਡਿੱਗਦੇ ਬੜੀ ਮੁਸ਼ਕਿਲ ਨਾਲ ਸੰਭਲੇ ਅਤੇ ਅਗਲੇ ਹੀ ਪਲ ਜ਼ਰੀਨਾ ਦੀ ਰੂਹ ਇਸ ਧਰਤੀ ਤੋਂ ਪਰਲੋਕ ਸਿਧਾਰ ਚੁੱਕੀ ਸੀ। ਸਭ ਨੂੰ ਹੁਣ ਸਮਝ ਆਈ ਕਿ ਹਰ ਕਦਮ 'ਤੇ ਜ਼ਰੀਨਾ ਕਿਉਂ ਚੌਂਕ ਜਾਂਦੀ ਸੀ ?

ਇੰਨੇ ਦਿਨ ਭੁੱਖੀ ਧਿਹਾਈ ਰਹਿ ਕੇ ਵੀ ਜ਼ਰੀਨਾ ਕਿਸ ਦੇ ਇੰਤਜ਼ਾਰ ਵਿੱਚ ਜਿਉਂਦੀ ਰਹਿ ਰਹੀ ਸੀ ? ਕਿਸੇ ਮਾਸ਼ੂਕ ਦੀ ਤਰ੍ਹਾਂ ਆਪਣੇ ਮਹਿਬੂਬ ਦੇ ਆਖਰੀ ਦੀਦਾਰ ਤੱਕ ਕਿਉਂ ਉਹ ਆਪਣੇ ਉਖੜਦੇ ਸਾਹਾਂ ਨੂੰ ਲੈ ਰਹੀ ਸੀ ? ਸਭ ਦੀਆਂ ਅੱਖਾਂ ਵਿੱਚ ਨਮੀ ਆ ਗਈ ਅਤੇ ਅੱਬਾ ਹਜ਼ੂਰ ਦਹਾਕੇ ਮਾਰ ਕੇ ਜ਼ਰੀਨਾ ਦੇ ਗਲ ਨਾਲ ਲਿਪਟ ਰਹੇ ਸਨ। ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਬੰਗਲੇ ਵਿੱਚ ਲਿਆਂਦਾ ਗਿਆ। ਹਰ ਕੋਈ ਉਨ੍ਹਾਂ ਨੂੰ ਹੌਂਸਲਾ ਦੇਣ ਦਾ ਯਤਨ ਕਰ ਰਿਹਾ ਸੀ ਪ੍ਰੰਤੂ ਅੱਬਾ ਹਜ਼ੂਰ ਸਿਰਫ ਰੋਈ ਜਾ ਰਹੇ ਸਨ। ਬੋਲਦੇ ਤਾਂ ਬੱਸ ਆਪਣੇ ਆਪ ਨੂੰ ਗੁਨਾਹਗਾਰ ਕਹਿ ਕੇ ਚੀਕਦੇ। ਅੱਲਾ ਤੋਂ ਆਪਣੀ ਗਲਤੀ ਦੀ ਮੁਆਫ਼ੀ ਮੰਗਦੇ। ਸਾਰਾ ਸਾਰਾ ਦਿਨ ਜ਼ਰੀਨਾ ਦੇ 'ਹੱਟ' ਵਿੱਚ ਗੁੰਮਸੁੰਮ ਹੋ ਕੇ ਬੈਠੇ ਰਹਿੰਦੇ। ਕਦੀ-ਕਦੀ ਅਜੀਬ ਜਿਹੇ ਅੰਦਾਜ਼ ਵਿੱਚ ਅੱਧੀ-ਅੱਧੀ ਰਾਤ ਨੂੰ 'ਜ਼ਰੀਨਾ-ਜ਼ਰੀਨਾ' ਪੁਕਾਰਦੇ ਅਤੇ ਸਟੱਡ ਫਾਰਮ ਵੱਲ ਦੌੜਦੇ। ਘਰ ਵਿੱਚ

ਸੋਗਮਈ ਮਾਹੌਲ ਬਣ ਗਿਆ। ਕੁੱਝ ਹੀ ਦਿਨਾਂ ਵਿੱਚ ਅੱਬਾ ਹਜ਼ੂਰ ਇੰਨੇ ਕਮਜ਼ੋਰ ਹੋ ਗਏ ਕਿ ਚੱਲਣ-ਫਿਰਨ ਲਈ ਵੀ ਕਿਸੇ ਦਾ ਸਹਾਰਾ ਲੈਣ ਲੱਗੇ। ਮਾਨਸਿਕ ਸੰਤੁਸ਼ਟੀ ਲਈ ਕਦੀ-ਕਦੀ ਉਨ੍ਹਾਂ ਨੂੰ ਨੀਂਦ ਦੇ ਇੰਜੈਕਸ਼ਨ ਵੀ ਲਗਾਏ ਜਾਂਦੇ ਸਨ। ਫਿਰ ਇੱਕ ਦਿਨ ਮੈਨੂੰ ਫੌਰਨ ਲਾਹੌਰ ਪਹੁੰਚਣ ਦੀ ਤਾਰ ਮਿਲੀ। ਉਸੇ ਦਿਨ ਮੈਂ ਫਲਾਈਟ ਨਾਲ ਲਾਹੌਰ ਪਹੁੰਚਿਆ। ਕਿਸੇ ਅਣਹੋਣੀ ਦੇ ਡਰ ਨਾਲ ਹੜਬੜਾਇਆ ਜਿਹਾ ਮੈਂ ਘਰ ਪਹੁੰਚਿਆ ਤਾਂ ਅੱਬਾ ਹਜ਼ੂਰ ਦੀ ਹਾਲਤ ਦੇਖ ਕੇ ਅੰਦਰ ਤੱਕ ਹਿੱਲ ਗਿਆ। ਪਠਾਣੀ ਕੱਦ ਕਾਠ ਦੇ ਕਸਰਤੀ ਸਰੀਰ ਦੀ ਜਗ੍ਹਾ ਹੱਡੀਆਂ ਦੀ ਮੁੱਠ ਦੀ ਤਰ੍ਹਾਂ ਇੱਕ ਜਿਸਮ ਬੈੱਡ ਉੱਪਰ ਪਿਆ ਮਿਲਿਆ। ਪੂਰੇ ਚਿਹਰੇ ਤੇ ਅੱਖਾਂ ਦੇ ਇਰਦ-ਗਿਰਦ ਕਾਲੇ ਦਾਇਰੇ ਬਣ ਚੁੱਕੇ ਸਨ। ਫਿਰ ਰਹਿਮਾਨ ਤੋਂ ਮੈਨੂੰ ਸਾਰੀ ਗੱਲ ਦਾ ਪਤਾ ਲੱਗਾ। ਮੈਂ ਪੂਰੀ ਤਨਦੇਹੀ ਨਾਲ ਅੱਬਾ ਹਜ਼ੂਰ ਦੀ ਦੇਖਭਾਲ ਵਿੱਚ ਜੁੱਟ ਗਿਆ ਪ੍ਰੰਤੂ ਨਤੀਜਾ ਕੁੱਝ ਨਾ ਨਿਕਲਿਆ। ਫਿਰ ਇੱਕ ਦਿਨ ਅੱਬਾ ਹਜ਼ੂਰ ਨੇ ਮੈਨੂੰ ਆਪਣੇ ਕਮਰੇ ਵਿੱਚ ਬੁਲਾਇਆ। ਮੈਂ ਆਪਣੀਆਂ ਬਾਹਾਂ ਦੇ ਸਹਾਰੇ ਉਨ੍ਹਾਂ ਨੂੰ ਬਿਠਾਇਆ ਅਤੇ ਪ੍ਰਸ਼ਨਵਾਚਕ ਅੱਖਾਂ ਨਾਲ ਉਨ੍ਹਾਂ ਨੂੰ ਦੇਖਣ ਲੱਗਾ।

ਅੱਬਾ ਹਜ਼ੂਰ ਨੇ ਬੜੀ ਗਹੁ ਨਾਲ ਮੈਨੂੰ ਦੇਖਿਆ ਅਤੇ ਫਿਰ ਲੜਖੜਾਉਂਦੀ ਆਵਾਜ਼ ਵਿੱਚ ਕਿਹਾ, "ਸਲੀਮ ਮਰਨ ਤੋਂ ਪਹਿਲਾਂ ਮੈਂ ਇਹ ਫਾਰਮ ਵੇਚਣਾ ਚਾਹੁੰਦਾ ਹਾਂ ਅਤੇ ਤੇਰੇ ਨਾਲ ਇੱਕ ਵਾਅਦਾ ਕਰਨਾ ਚਾਹੁੰਦਾ ਹਾਂ।"

ਮੈਂ ਅੱਬਾ ਜੀ ਦੇ ਦੋਹਾਂ ਹੱਥਾਂ ਨੂੰ ਆਪਣੇ ਹੱਥਾਂ ਵਿੱਚ ਲੈਂਦੇ ਹੋਏ ਬੜੇ ਵਿਅਕਤੀਗਤ ਤਰੀਕੇ ਨਾਲ ਕਿਹਾ, "ਅੱਬਾ ਹਜ਼ੂਰ ਤੁਸੀਂ ਅਜਿਹਾ ਕਿਉਂ ਸੋਚਦੇ ਹੋ ? ਕੁੱਝ ਹੀ ਦਿਨਾਂ ਵਿੱਚ ਤੁਸੀਂ ਬਿਲਕੁਲ ਰਿਸ਼ਟ-ਪੁਸ਼ਟ ਹੋ ਜਾਵੋਗੇ ਅਤੇ ਫਿਰ.....।"

ਇਹ ਸ਼ਬਦ ਹਾਲੇ ਮੇਰੇ ਮੂੰਹ ਵਿੱਚ ਹੀ ਸਨ ਕਿ ਉਨ੍ਹਾਂ ਨੇ ਭਰੇ ਗਲ ਨਾਲ ਮੈਨੂੰ ਟੋਕਿਆ, "ਨਹੀਂ ਸਲੀਮ, ਇੱਕ ਸ਼ਬਦ ਵੀ ਹੋਰ ਨਾ ਕਹਿਣਾ। ਮੇਰੇ ਗੁਨਾਹਾਂ ਨੂੰ ਧਰਮਰਾਜ ਵੀ ਮੁਆਫ਼ ਨਹੀਂ ਕਰ ਸਕਦਾ। ਮੈਂ ਜ਼ਰੀਨਾ ਨੂੰ ਉਸ ਦੀ ਮੁਹੱਬਤ ਦਾ ਕਿਹੋ ਜਿਹਾ ਤੋਹਫਾ ਦਿੱਤਾ। ਉਹ ਤਾਂ ਇੱਕ ਪਵਿੱਤਰ ਆਤਮਾ ਸੀ। ਮੈਂ ਹੀ ਉਸ ਨੂੰ ਪਹਿਚਾਣ ਨਾ ਸਕਿਆ। ਅੱਜ ਤੂੰ ਮੇਰੇ ਨਾਲ ਇੱਕ ਵਾਅਦਾ ਕਰ ਕਿ ਮੇਰੇ ਮਰਨ ਤੋਂ ਬਾਅਦ ਤੂੰ ਜਦ ਤੱਕ ਰਹੇਂਗਾ ਆਪਣੀ ਨੇਕ ਕਮਾਈ ਵਿੱਚੋਂ ਇੱਕ ਹਿੱਸਾ ਕਿਸੇ ਹਸਪਤਾਲ ਵਿੱਚ ਦਿੰਦਾ ਰਹੇਂਗਾ। ਫਿਰ ਹੀ ਮਰਨ ਦੇ ਬਾਅਦ ਮੇਰੀ ਰੂਹ ਨੂੰ ਸ਼ਾਂਤੀ ਮਿਲ ਸਕੇਗੀ।" ਕੁੱਝ ਦਿਨਾਂ ਬਾਅਦ ਹੀ ਅੱਬਾ ਹਜ਼ੂਰ ਇਸ ਧਰਤੀ ਨੂੰ ਛੱਡ ਕੇ ਪਰਲੋਕ ਸਿਧਾਰ ਗਏ। ਮੈਂ ਅੱਬਾ ਹਜ਼ੂਰ ਨਾਲ ਕੀਤਾ ਵਾਅਦਾ ਨਿਭਾਉਣ ਦਾ ਇਕਰਾਰ ਕੀਤਾ ਅਤੇ ਅੱਜ ਤੱਕ ਆਪਣੇ ਸ਼ੌਕ ਦੇ ਨਾਲ ਨਾਲ ਉਨ੍ਹਾਂ ਦੀ ਖਾਹਿਸ਼ ਮੁਤਾਬਕ ਮਹੀਨੇ ਵਿੱਚ ਕੇਵਲ ਇੱਕ ਦਿਨ ਜੌਕੀ ਬਣਦਾ ਹਾਂ। ਇਹ ਕਿੱਸਾ ਖਤਮ ਹੁੰਦੇ-ਹੁੰਦੇ ਸਲੀਮ ਸਾਹਿਬ ਦੇ ਨਾਲ-ਨਾਲ ਮੇਰੀਆਂ ਅੱਖਾਂ ਵਿੱਚ ਵੀ ਨਮੀ ਆ ਗਈ ਅਤੇ ਕਮਰੇ ਦੀ ਖਾਮੋਸ਼ੀ ਦੀ ਧੁੰਦ ਹੋਰ ਵੀ ਗਹਿਰੀ ਹੋ ਗਈ।



# ਬਦਚਲਨ

**- ਡਾ. ਨਿਰਮਲ ਕੌਸ਼ਿਕ**

ਰਾਤ ਦੇ ਨੌਂ ਵੱਜ ਗਏ ਸਨ, ਰਵੀ ਅਜੇ ਤੱਕ ਦੁਕਾਨ ਤੋਂ ਨਹੀਂ ਪਰਤਿਆ ਸੀ। ਅੱਗੇ ਉਹ ਅਕਸਰ ਅੱਠ ਕੁ ਵਜੇ ਤੱਕ ਆ ਜਾਂਦਾ ਸੀ। ਉਸ ਦੀ ਪਤਨੀ ਸੁਨੀਤਾ ਚਿੰਤਾ ਵਿੱਚ ਡੁੱਬੀ ਹੋਈ ਕਦੇ ਅਖ਼ਬਾਰ ਦੇ ਪੰਨੇ ਪਲਟਦੀ ਤੇ ਕਦੇ ਮੈਗਜ਼ੀਨ ਦੇ, ਪ੍ਰੰਤੂ ਉਸ ਦਾ ਮਨ ਨਹੀਂ ਸੀ ਟਿਕ ਰਿਹਾ। ਆਖਿਰ ਉਸ ਨੇ ਖਿੜਕੀ ਲਾਗੇ ਕੁਰਸੀ ਡਾਹ ਲਈ ਤੇ ਗਲੀ ਵਿਚਲੀ ਰੌਣਕ ਵੱਲ ਦੇਖਣ ਲੱਗੀ। ਅੱਜ ਉਨ੍ਹਾਂ ਦੇ ਮੁਹੱਲੇ ਵਿੱਚ ਕਿਸੇ ਲੜਕੀ ਦਾ ਵਿਆਹ ਹੋ ਰਿਹਾ ਸੀ। ਸ਼ਹਿਨਾਈਆਂ ਦੀ ਅਵਾਜ਼ ਨੇ ਉਸ ਦੇ ਮਨ ਵਿੱਚ ਇੱਕ ਕਸ਼ਿਸ਼ ਜਿਹੀ ਪੈਦਾ ਕਰ ਦਿੱਤੀ ਤੇ ਅਤੀਤ ਦੀਆਂ ਯਾਦਾਂ ਤਾਜ਼ੀਆਂ ਕਰਕੇ ਉਸ ਦਾ ਪੂਰਾ ਸਰੀਰ ਕੰਬ ਗਿਆ ਤੇ ਦਿਲ ਜ਼ੋਰ-ਜ਼ੋਰ ਨਾਲ ਧੜਕਨ ਲੱਗਾ।

ਘਰੇਲੂ ਹਾਲਾਤ ਨਾਜ਼ੁਕ ਹੋਣ ਕਰਕੇ ਸੁਨੀਤਾ ਨੂੰ ਬੀ. ਏ. ਤੋਂ ਬਾਅਦ ਆਪਣੀ ਪੜ੍ਹਾਈ ਛੱਡਣੀ ਪਈ ਸੀ। ਖਿਆਲਾਂ ਦੀ ਖੁਲ੍ਹਦਿਲੀ ਅਤੇ ਸੁਭਾਅ ਦੀ ਚੰਚਲਤਾ ਕਾਰਨ ਉਹ ਆਪਣੇ ਕਾਲਜ ਵਿੱਚ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਸੀ। ਬੀ. ਏ. ਵੀ ਉਸ ਨੇ ਪਹਿਲੇ ਦਰਜੇ ਵਿੱਚ ਪਾਸ ਕੀਤੀ ਸੀ। ਇਸੇ ਦੌਰਾਨ ਸੁਨੀਤਾ ਦੇ ਮਾਂ-ਪਿਓ ਨੇ ਉਸ ਦਾ ਵਿਆਹ ਦਿੱਲੀ ਦੇ ਇੱਕ ਨਾਮੀ ਸੇਠ ਦੇ ਲੜਕੇ ਵਿਨੋਦ ਨਾਲ ਤਹਿ ਕਰ ਦਿੱਤਾ ਸੀ, ਜੋ ਕਈ ਫੈਕਟਰੀਆਂ ਦਾ ਮਾਲਕ ਸੀ।

ਵਿਨੋਦ ਦੇ ਮਾਂ-ਪਿਓ ਨੇ ਇੱਕ ਸ਼ਰਤ ਰੱਖੀ ਸੀ ਕਿ ਵਿਆਹ ਦਿੱਲੀ ਆ ਕੇ ਹੀ ਕਰਨਾ ਪਵੇਗਾ। ਸੁਨੀਤਾ ਦੇ ਮਾਂ-ਪਿਓ ਨੇ ਇਹ ਸ਼ਰਤ ਮੰਨ ਲਈ। ਵਿਆਹ ਦਾ ਦਿਨ ਤਹਿ ਹੋ ਗਿਆ। ਸੁਨੀਤਾ ਦੇ ਮਾਂ-ਪਿਓ ਨੇ ਦਿੱਲੀ ਜਾ ਕੇ ਵਿਆਹ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ। ਪਰ ਕੁਦਰਤ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ਵਿਆਹ ਦੇ ਮੰਡਪ ਵਿੱਚ ਦਿਲ ਨੂੰ ਧੂਹ ਪਾ ਦੇਣ ਵਾਲੀ ਇੱਕ ਘਟਨਾ ਨੇ ਸਾਰਿਆਂ ਰਿਸ਼ਤੇਦਾਰਾਂ ਅਤੇ ਸਕੇ-ਸਬੰਧੀਆਂ ਨੂੰ ਦੁਖੀ ਕਰ ਦਿੱਤਾ। ਸੁਨੀਤਾ ਦੇ ਹੋਣ ਵਾਲੇ ਪਤੀ ਵਿਨੋਦ ਨੇ ਮੰਡਪ ਵਿੱਚ ਬੈਠਦਿਆਂ ਹੀ ਸਾਰੇ ਰਿਸ਼ਤੇਦਾਰਾਂ ਸਾਹਮਣੇ ਬੜੇ ਜੋਸ਼ ਵਿੱਚ ਕਿਹਾ, "ਮੈਂ ਸੁਨੀਤਾ ਨਾਲ ਵਿਆਹ ਹਰਗਿਜ਼ ਨਹੀਂ ਕਰਾਂਗਾ, ਸਾਡੇ ਨਾਲ ਧੋਖਾ ਕੀਤਾ ਗਿਆ ਹੈ। ਜੇਕਰ ਮੈਨੂੰ ਪਹਿਲਾਂ ਪਤਾ ਲੱਗ ਜਾਂਦਾ ਤਾਂ ਮੈਂ ਕਦੇ ਹਾਂ ਨਾ ਕਰਦਾ।" ਸਾਰੇ ਵਿਨੋਦ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਉਹ ਆਪੇ ਤੋਂ ਬਾਹਰ ਹੁੰਦਾ ਜਾ ਰਿਹਾ ਸੀ।

"ਬੇਟਾ ਕੀ ਗੱਲ ਏ ? ਕੁੱਝ ਪਤਾ ਵੀ ਤਾਂ ਲੱਗੇ, ਮੈਥੋਂ ਕੀ ਗੁਸਤਾਖੀ ਹੋਈ ਏ ?" ਸੁਨੀਤਾ ਦੇ ਪਿਤਾ ਨੇ ਰੋਂਦਿਆਂ ਹੋਇਆਂ ਕਿਹਾ।

"ਮੈਂ ਕੀ ਦੱਸਾਂ ? ਤੁਸੀਂ ਸਭ ਜਾਣਦੇ ਹੋ, ਤੁਸੀਂ ਜਾਣ ਬੁੱਝ ਕੇ ਸਾਡੇ ਖਾਨਦਾਨ 'ਤੇ ਧੱਬਾ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਹੁਣ ਇਹ ਵਿਆਹ ਨਹੀਂ ਹੋਵੇਗਾ।" ਵਿਨੋਦ ਨੇ ਅੱਖਾਂ ਲਾਲ ਕਰਕੇ ਕਿਹਾ ਤੇ ਤੇਜੀ ਨਾਲ ਉਥੋਂ ਤੁਰ ਪਿਆ।

ਸੁਨੀਤਾ ਦੇ ਪਿਤਾ ਨੇ ਦੌੜ ਕੇ ਵਿਨੋਦ ਨੂੰ ਬਾਹਵਾਂ ਵਿੱਚ ਲੈ ਲਿਆ ਤੇ ਇੱਕ ਕਮਰੇ ਵਿੱਚ ਲਿਜਾ ਕੇ ਮਿੰਨਤਾਂ ਤਰਲੇ ਕਰਕੇ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ।

"......ਵਿਨੋਦ ਗੁੱਸੇ ਨੂੰ ਸ਼ਾਂਤ ਕਰਕੇ ਮੇਰੀ ਗੱਲ ਸੁਣ, ਜੇ ਮੈਥੋਂ ਕੋਈ ਭੁੱਲ ਹੋ ਗਈ ਹੈ ਤਾਂ ਦੱਸ। ਜੇ ਸੇਵਾ ਪਾਣੀ ਵਿੱਚ ਕੋਈ ਕਮੀ ਰਹਿ ਗਈ ਹੋਵੇ ਤਾਂ ਦੱਸ। ਮੈਂ ਸਭ ਕੁੱਝ ਕਰਨ ਲਈ ਤਿਆਰ ਹਾਂ, ਪਰ ਇੰਝ......।" ਸੁਨੀਤਾ ਦੇ ਪਿਤਾ ਨੇ ਰੋਣਹਾਰਾ ਹੋ ਕੇ ਕਿਹਾ।

"ਤੁਸੀਂ ਇਸ ਨੂੰ ਭੁੱਲ ਆਖਦੇ ਹੋ। ਤੁਹਾਡੀ ਏਸ ਹੁਸ਼ਿਆਰੀ ਨੇ ਤਾਂ ਮੇਰਾ ਜੀਵਨ ਹੀ ਬਰਬਾਦ ਕਰ ਦਿੱਤਾ ਸੀ। ਇਹ ਤਾਂ ਚੰਗਾ ਹੋਇਆ ਕਿ ਮੈਨੂੰ ਸਮੇਂ ਤੋਂ ਪਹਿਲਾਂ ਹੀ ਵਿਚਲੀ ਗੱਲ ਦਾ ਪਤਾ ਲੱਗ ਗਿਆ। ਹੁਣ ਇਹ ਵਿਆਹ ਨਹੀਂ ਹੋ ਸਕਦਾ।" ਵਿਨੋਦ ਨੇ ਗਰਜਦਿਆਂ ਕਿਹਾ।

ਸਾਰੇ ਰਿਸ਼ਤੇਦਾਰਾਂ ਅਤੇ ਬਰਾਤੀਆਂ ਨੇ ਵੀ ਵਿਨੋਦ ਨੂੰ ਬਹੁਤ ਸਮਝਾਇਆ ਕਿ ਤੈਨੂੰ ਇੰਝ ਨਹੀਂ ਕਰਨਾ ਚਾਹੀਦਾ। ਨਾਲ ਹੀ ਖੜ੍ਹੇ ਰਵੀ ਦੇ ਮਾਮੇ ਨੇ ਕਿਹਾ, "ਬੇਟਾ ਇਹ ਸਭ ਕੁੱਝ ਸਾਨੂੰ ਸ਼ੋਭਾ ਨਹੀਂ ਦਿੰਦਾ, ਆਖਿਰ ਸਾਡੇ ਵੀ ਤਾਂ ਬੇਟੀਆਂ ਹਨ।"

"ਪਰ ਸਾਡੀਆਂ ਬੇਟੀਆਂ ਬਦਚਲਣ ਨਹੀਂ ਹਨ।" ਵਿਨੋਦ ਜ਼ੋਰ ਦੇ ਕੇ ਬੋਲਿਆ ਅਤੇ ਉੱਥੋਂ ਚਲਾ ਗਿਆ। ਬਾਕੀ ਬਰਾਤੀ ਵੀ ਚਲੇ ਗਏ।

ਸੁਨੀਤਾ 'ਤੇ ਇੱਕ ਤਰ੍ਹਾਂ ਨਾਲ ਪਹਾੜ ਟੁੱਟ ਪਿਆ। ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਤੇ ਉਹ ਬੇਹੋਸ਼ ਹੋ ਕੇ ਡਿੱਗ ਪਈ। ਉਸ ਦੀ ਮਾਤਾ ਨੇ ਰੋਂਦਿਆਂ ਰੋਂਦਿਆਂ ਬਾਕੀ ਔਰਤਾਂ ਦੀ ਮੱਦਦ ਨਾਲ ਉਸ ਨੂੰ ਪਲੰਘ 'ਤੇ ਲਿਟਾ ਕੇ ਡਾਕਟਰ ਨੂੰ ਬੁਲਾਇਆ। ਹੋਸ਼ ਆਉਣ ਤੋਂ ਬਾਅਦ ਉਹ ਫੁੱਟ-ਫੁੱਟ ਕੇ ਰੋਣ ਲੱਗੀ।

ਅਚਾਨਕ ਉਸ ਦੇ ਕੰਨੀਂ ਕਿਸੇ ਦੁਆਰਾ ਪਿਤਾ ਜੀ ਨਾਲ ਹੌਲੀ-ਹੌਲੀ ਗੱਲਾਂ ਕਰਨ ਦੀ ਆਵਾਜ਼ ਪਈ। ਉਸ ਨੇ ਧਿਆਨ ਨਾਲ ਸੁਣਿਆ, ਇਹ ਉਸ ਦੇ ਚਾਚਾ ਜੀ ਦੀ ਅਵਾਜ਼ ਸੀ।

"ਭਰਾ ਜੀ ਤੁਸੀਂ ਘਬਰਾਓ ਨਾ, ਸੁਨੀਤਾ ਮੇਰੀ ਧੀ ਹੈ, ਤੁਹਾਡੀ ਨਹੀਂ। ਹੁਣੇ ਇਸੇ ਮੰਡਪ 'ਚ ਫੇਰੇ ਕਰਵਾ ਕੇ ਉਨ੍ਹਾਂ ਦੀ ਨੱਕ ਵਢਾਵਾਂਗਾ। ਤੁਸੀਂ ਮੇਰੇ ਕੰਮ ਵਿੱਚ ਦਖ਼ਲ ਨਾ ਦੇਣਾ।"

"ਭਾਈ ਸਾਹਿਬ, ਮੇਰੀ ਇੱਜ਼ਤ ਬਚਾ ਲਓ, ਤੁਸੀਂ ਜੋ ਵੀ ਕਰੋਗੇ ਮੈਨੂੰ ਮਨਜ਼ੂਰ ਹੈ।" ਸੁਨੀਤਾ ਦੇ ਪਿਤਾ ਨੇ ਸਿਸਕੀਆਂ ਲੈਂਦਿਆਂ ਕਿਹਾ।

"ਸਾਡੇ ਗੁਆਂਢ ਵਿੱਚ ਇੱਕ ਗਰੀਬ ਲੜਕਾ ਹੈ। ਉਸ ਦੀ ਛੋਟੀ ਜਿਹੀ ਦੁਕਾਨ ਹੈ। ਲੜਕਾ ਬਹੁਤ ਹੀ ਸਾਊ ਹੈ, ਮਿਹਨਤੀ ਹੈ। ਜੇ ਤੁਸੀਂ ਬੁਰਾ ਨਾ ਮੰਨੋ ਤਾਂ......। ਉਸ ਦੇ ਮਾਂ-ਬਾਪ ਨੂੰ ਮਨਾਉਣਾ ਮੇਰਾ ਕੰਮ ਹੈ।"

"ਜੇ ਉਹ ਨਾ ਮੰਨੇ ਤਾਂ.....।"

"ਉਨ੍ਹਾਂ ਦੀ ਤੁਸੀਂ ਫ਼ਿਕਰ ਨਾ ਕਰੋ।" ਸੁਨੀਤਾ ਦੇ ਚਾਚੇ ਦੀ ਆਵਾਜ਼ ਸੀ।

"ਤੁਸੀਂ ਦੇਰ ਨਾ ਕਰਨਾ, ਹੁਣ ਮੈਂ ਆਪਣੀ ਲੜਕੀ ਦਾ ਵਿਆਹ ਵਿਨੋਦ ਵਰਗੇ ਨੀਚ ਨਾਲ ਕਰਨਾ ਵੀ ਨਹੀਂ ਚਾਹੁੰਦਾ। ਉਸ ਨੇ ਬਿਨਾਂ ਮਤਲਬ ਸਾਡੀ ਇੱਜ਼ਤ 'ਤੇ ਦਾਗ ਲਗਾਇਆ ਹੈ।" ਸੁਨੀਤਾ ਦੇ ਪਿਤਾ ਨੇ ਕਿਹਾ।

ਸੁਨੀਤਾ ਦੇ ਪਿਤਾ ਨੇ ਇਹ ਖ਼ਬਰ ਸੁਨੀਤਾ ਦੀ ਮਾਤਾ ਸਮੇਤ ਸਾਰੇ ਰਿਸ਼ਤੇਦਾਰਾਂ ਨੂੰ ਸੁਣਾਈ। ਸਾਰਿਆਂ ਨੇ ਸਹਿਮਤੀ ਪ੍ਰਗਟਾਈ ਤੇ ਸੁਨੀਤਾ ਦੇ ਚਾਚੇ ਦੀ ਤਾਰੀਫ਼



ਕੀਤੀ। ਫਿਰ ਤੋਂ ਸਾਰੇ ਵਿਆਹ ਦੀ ਤਿਆਰੀ ਵਿੱਚ ਰੁੱਝ ਗਏ।

ਥੋੜ੍ਹੀ ਦੇਰ ਵਿੱਚ ਹੀ ਸੁਨੀਤਾ ਦਾ ਚਾਚਾ, ਰਵੀ ਤੇ ਉਸ ਦੇ ਮਾਤਾ-ਪਿਤਾ ਉੱਥੇ ਪਹੁੰਚ ਗਏ।

ਰਵੀ ਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਅੱਜ ਉਸਦਾ ਵਿਆਹ ਹੋ ਰਿਹਾ ਹੈ। ਉਸ ਨੂੰ ਲੱਗ ਰਿਹਾ ਸੀ ਜਿਵੇਂ ਉਹ ਕੋਈ ਸੁਪਨਾ ਦੇਖ ਰਿਹਾ ਹੋਵੇ। ਸੁਨੀਤਾ ਦੇ ਘਰ ਵਿੱਚ ਇੱਕ ਵਾਰ ਫਿਰ ਖੁਸ਼ੀ ਦੀ ਲਹਿਰ ਜਿਹੀ ਦੌੜ ਗਈ। ਸਾਰੇ ਕਹਿ ਰਹੇ ਸਨ ਕਿ ਸੰਯੋਗ ਬੜੇ ਪ੍ਰਬਲ ਹੁੰਦੇ ਨੇ। ਸਾਰੇ ਰਿਸ਼ਤੇਦਾਰ ਅਤੇ ਸਕੇ-ਸਬੰਧੀ ਸੁਨੀਤਾ ਅਤੇ ਰਵੀ ਦੇ ਮਾਤਾ-ਪਿਤਾ ਨੂੰ ਮੁਬਾਰਕਬਾਦ ਦੇ ਰਹੇ ਸਨ।

ਅਚਾਨਕ ਇੱਕ ਦਮ ਜ਼ੋਰ ਨਾਲ ਦਰਵਾਜ਼ਾ ਖੁੱਲ੍ਹਿਆ ਤੇ ਸੁਨੀਤਾ ਦੀ ਇਕਾਗਰਤਾ ਜਿਹੀ ਭੰਗ ਹੋ ਗਈ ਤੇ ਉਹ ਇੰਝ ਉੱਠੀ ਜਿਵੇਂ ਕਿਸੇ ਸੁਪਨੇ 'ਚੋਂ ਜਾਗੀ ਹੋਵੇ। ਉਹ ਆਪਣੇ ਅਤੀਤ ਵਿੱਚ ਇਸ ਤਰ੍ਹਾਂ ਗੁੰਮ ਹੋ ਜਾਵੇਗੀ, ਇਸ ਦਾ ਉਸ ਨੂੰ ਅਹਿਸਾਸ ਹੀ ਨਹੀਂ ਸੀ।

"ਅੱਜ ਇੰਨੀ ਦੇਰ ਕਿਵੇਂ ਹੋ ਗਈ ?" ਸੁਨੀਤਾ ਨੇ ਜਿਵੇਂ ਨੀਂਦ ਤੋਂ ਜਾਗਦਿਆਂ ਪੁੱਛਿਆ ਹੋਵੇ।

"ਬੱਸ ਵੈਸੇ ਹੀ ਲੇਟ ਹੋ ਗਿਆ।" ਰਵੀ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ।

"ਕੀ ਗੱਲ ਏ ? ਕਿਹੜੀ ਚਿੰਤਾ ਵਿੱਚ ਡੁੱਬੀ ਸੀ ?" ਰਵੀ ਨੇ ਗੰਭੀਰਤਾ ਨਾਲ ਪੁੱਛਿਆ।

"ਬੱਸ ਵੈਸੇ ਹੀ ਬਜ਼ਾਰ ਦੀ ਰੌਣਕ ਦੇਖ ਰਹੀ ਸਾਂ।" ਸੁਨੀਤਾ ਨੇ ਮੁਸਕਰਾ ਕੇ ਕਿਹਾ।

"ਆ ਤੈਨੂੰ ਇੱਕ ਚੀਜ਼ ਵਿਖਾਵਾਂ।" ਵਿਨੋਦ ਨੇ ਥੈਲਾ ਫਰੋਲਦਿਆਂ ਕਿਹਾ।

"ਕਿਹੜੀ ਚੀਜ਼ ?" ਸੁਨੀਤਾ ਨੇ ਲਲਚਾ ਕੇ ਕਿਹਾ।

ਰਵੀ ਨੇ ਥੈਲੇ ਵਿੱਚੋਂ ਅਖ਼ਬਾਰ ਕੱਢ ਕੇ ਵਿਚਲਾ ਪੰਨਾ ਖੋਲ੍ਹ ਕੇ ਸੁਨੀਤਾ ਦੇ ਅੱਗੇ ਕਰਦਿਆਂ ਕਿਹਾ, "ਆਪੇ ਪੜ੍ਹ ਲੈ।"

ਸੁਨੀਤਾ ਅਖ਼ਬਾਰ ਵਿੱਚ ਵਿਨੋਦ ਦੀ ਤਸਵੀਰ ਛਪੀ ਵੇਖ ਕੇ ਹੈਰਾਨ ਹੋ ਗਈ। ਤਸਵੀਰ ਦੇ ਹੇਠਾਂ ਛਪਿਆ ਸੀ, "ਦਿੱਲੀ 29 ਮਈ, ਇੱਕ ਅਵਾਰਾ ਅਤੇ ਬਦਚਲਣ 26 ਸਾਲਾ ਲੜਕੇ ਵਿਨੋਦ ਨੂੰ ਮਾਸੂਮ ਲੜਕੀਆਂ ਨਾਲ ਕੁਕਰਮ ਕਰਨ ਕਰਕੇ ਲੋਕਾਂ ਨੇ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ।"

ਖ਼ਬਰ ਪੜ੍ਹਦਿਆਂ ਹੀ ਸੁਨੀਤਾ ਦੇ ਮਨ ਵਿੱਚ ਇੱਕ ਤਰੰਗ ਜਿਹੀ ਛਿੜ ਗਈ। ਉਸ ਨੇ ਸੋਚਿਆ, 'ਅੱਜ ਉਸ ਨੂੰ ਪਤਾ ਲੱਗੇਗਾ ਕਿ ਚਾਲ ਚਲਣ ਕੀ ਹੁੰਦਾ ਹੈ ਅਤੇ ਬਦਚਲਣ ਕੌਣ ਹੁੰਦਾ ਹੈ ? ਕਾਲਜ ਵਿੱਚ ਪੜ੍ਹਨ ਨਾਲ, ਕਿਸੇ ਨਾਲ ਬੈਠਣ-ਉੱਠਣ ਨਾਲ, ਗੱਲਬਾਤ ਕਰਨ ਨਾਲ, ਕੋਈ ਬਦਚਲਣ ਹੁੰਦਾ ਹੈ ਕਿ ਨਹੀਂ ?'

"ਬੱਸ ਹੁਣ ਸ਼ਾਂਤ ਹੋ ਜਾ ਸੁਨੀਤਾ। ਜ਼ਖਮ ਨੂੰ ਖੁਰਚਣ ਨਾਲ ਜ਼ਖਮ ਵਧਦਾ ਹੀ ਹੈ ਘਟਦਾ ਨਹੀਂ।" ਰਵੀ ਨੇ ਉਸ ਨੂੰ ਕਲਾਵੇ ਵਿੱਚ ਲੈ ਕੇ ਕਿਹਾ।

ਪਤਾ ਨਹੀਂ ਹੋਰ ਕਿੰਨਾ ਕੁੱਝ ਉਹ ਇਕੋ ਸਾਹ ਕਹਿ ਜਾਂਦੀ ਜੇ ਰਵੀ ਉਸ ਨੂੰ ਰੋਟੀ ਖੁਆਉਣ ਲਈ ਨਾ ਕਹਿੰਦਾ। ✪

# ਸਵੇਰ ਦਾ ਭੁੱਲਿਆ

**- ਡਾ. ਨਿਰਮਲ ਕੌਸ਼ਿਕ**

ਨੀਰਜਾ ਨੇ ਕਈ ਦਿਨਾਂ ਤੋਂ ਰੋਟੀ ਨਹੀਂ ਖਾਧੀ ਸੀ, ਜਿਸ ਕਰਕੇ ਉਹ ਸੁੱਕ ਕੇ ਤੀਲਾ ਹੋਈ ਪਈ ਸੀ। ਵਿਆਹ ਤੋਂ ਬਾਅਦ ਨੀਰਜਾ ਨੇ ਜੋ ਕਲਪਨਾਵਾਂ ਦੇ ਬੀਜ ਬੀਜੇ ਸਨ, ਉਨ੍ਹਾਂ ਨੂੰ ਹਾਲੇ ਫ਼ਲ ਲੱਗਣਾ ਵੀ ਸ਼ੁਰੂ ਨਹੀਂ ਹੋਇਆ ਸੀ ਕਿ ਰਾਕੇਸ਼ ਨੇ ਉਨ੍ਹਾਂ 'ਤੇ ਗਰਮ ਪਾਣੀ ਪਾ ਕੇ ਉਨ੍ਹਾਂ ਨੂੰ ਮੁਰਝਾਉਣ ਲਈ ਮਜ਼ਬੂਰ ਕਰ ਦਿੱਤਾ ਸੀ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਜਦੋਂ ਦੁੱਖ ਦਾ ਅੰਤ ਹੋਣਾ ਹੁੰਦਾ ਹੈ ਤਾਂ ਉਹ ਆਪਣੀ ਆਖਰੀ ਸਥਿਤੀ 'ਤੇ ਪਹੁੰਚ ਜਾਂਦਾ ਹੈ। ਅੱਜ ਨੀਰਜਾ ਉੱਪਰ ਬਹੁਤ ਜ਼ਿਆਦਾ ਅੱਤਿਆਚਾਰ ਕੀਤਾ ਜਾ ਰਿਹਾ ਸੀ। ਗਰਮੀਆਂ ਦੇ ਦਿਨ ਸਨ, ਉਸ ਨੂੰ ਪਿਛਲੇ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ। ਰਾਕੇਸ਼ ਅਤੇ ਉਸਦੀ ਮਾਤਾ ਬਾਹਰ ਵਿਹੜੇ ਵਿੱਚ ਸੌਂ ਰਹੇ ਸਨ। ਨੀਰਜਾ ਕਮਰੇ ਵਿੱਚ ਰੋਂਦੀ ਰਹੀ ਪ੍ਰੰਤੂ ਉਸਦੀ ਇੱਕ ਵੀ ਨਾ ਸੁਣੀ ਗਈ। ਹੁਣ ਤਾਂ ਰੋ ਰੋ ਕੇ ਨੀਰਜਾ ਦੇ ਹੰਝੂ ਵੀ ਖਤਮ ਹੋ ਚੁੱਕੇ ਸਨ। ਜਦੋਂ ਨੀਰਜਾ ਨੇ ਰੋਣਾ ਬੰਦ ਕੀਤਾ ਤਾਂ ਉਸਨੂੰ ਇੰਝ ਮਹਿਸੂਸ ਹੋਇਆ ਜਿਵੇਂ ਰਾਕੇਸ਼ ਨੂੰ ਉਸਦੀ ਮਾਂ ਕੁੱਝ ਕਹਿ ਰਹੀ ਹੋਵੇ, ਉਸਨੇ ਦਰਵਾਜੇ ਨਾਲ ਕੰਨ ਲਗਾ ਕੇ ਧਿਆਨ ਨਾਲ ਸੁਣਿਆ। ਰਾਕੇਸ਼ ਦੀ ਮਾਂ ਕਹਿ ਰਹੀ ਸੀ ਕਿ, "ਬੇਟਾ ਜੇਕਰ ਇਹ ਚੁੜੇਲ ਆਪਣਾ ਪਿੱਛਾ ਛੱਡ ਦੇਵੇ ਤਾਂ ਮੈਂ ਤੇਰਾ ਹੋਰ ਵਿਆਹ ਕਰਵਾ ਦੇਵਾਂ।"

"ਤਾਂ ਫਿਰ ਮੈਂ ਜਲਦੀ ਹੀ ਇਸਨੂੰ ਇਸਦੇ ਪੇਕੇ ਘਰ ਵਾਪਸ ਭੇਜਣ ਦਾ ਯਤਨ ਕਰਾਂਗਾ। ਇਹੋ ਜਿਹੀ ਮਾਰ ਮਾਰਾਂਗਾ ਕਿ ਫਿਰ ਕਦੇ ਇਧਰ ਮੂੰਹ ਨਾ ਕਰੇ।" ਰਾਕੇਸ਼ ਨੇ ਬੜੇ ਰੋਹਬ ਨਾਲ ਕਿਹਾ।

"ਮੈਂ ਤਾਂ ਪਹਿਲਾਂ ਹੀ ਉਸ ਲੜਕੀ ਨਾਲ ਤੇਰੀ ਗੱਲ ਪੱਕੀ ਕਰ ਰਹੀ ਸੀ ਪਰ ਉਸ ਕਾਲੇ ਮੂੰਹ ਵਾਲੀ ਨੇ ਸਾਰਾ ਬੇੜਾ ਹੀ ਗਰਕ ਕਰ ਦਿੱਤਾ। ਕਹਿੰਦੇ ਸਨ ਕਾਫੀ ਅਮੀਰ ਹਨ, ਕਾਫੀ ਕੁੱਝ ਦੇਣਗੇ, ਪ੍ਰੰਤੂ ਦਿੱਤਾ ਕੀ......? ਇੰਨਾ ਕੁ ਕੁੱਝ ਤਾਂ ਗਰੀਬ ਤੋਂ ਗਰੀਬ ਵੀ ਦੇ ਦਿੰਦਾ ਹੈ। ਸਾਡੀਆਂ ਇੱਛਾਵਾਂ 'ਤੇ ਤਾਂ ਪਾਣੀ ਫੇਰ ਦਿੱਤਾ......।" ਰਾਕੇਸ਼ ਦੀ ਮਾਂ ਕਹਿ ਰਹੀ ਸੀ।

"ਮਾਂ ਤੂੰ ਚਿੰਤਾ ਨਾ ਕਰ। ਮੈਂ ਕੱਲ ਹੀ ਇਸਨੂੰ ਵਾਪਸ ਭੇਜਣ ਦਾ ਪ੍ਰਬੰਧ ਕਰ ਦੇਵਾਂਗਾ, ਜਾਂ ਤਾਂ ਉਹ ਇੱਥੋਂ ਵਾਪਸ ਚਲੀ ਜਾਵੇਗੀ ਤੇ ਜਾਂ ਫਿਰ ਉਸਦਾ ਪਾਰ ਉਤਾਰਾ ਕਰ ਦੇਵਾਂਗਾ।" ਰਾਕੇਸ਼ ਪੂਰੇ ਗੁੱਸੇ ਵਿੱਚ ਸੀ।

"ਹਾਂ ਠੀਕ ਹੈ, ਕੁੱਝ ਨਾ ਕੁੱਝ ਤਾਂ ਕਰਨਾ ਹੀ ਪਵੇਗਾ।" ਮਾਂ ਨੇ ਸਹਿਮਤੀ ਪ੍ਰਗਟ ਕੀਤੀ।

ਨੀਰਜਾ ਨੇ ਇਹ ਸਭ ਕੁੱਝ ਸੁਣ ਲਿਆ ਅਤੇ ਉਸਨੂੰ ਮਹਿਸੂਸ ਹੋਇਆ ਕਿ ਹੁਣ ਇੱਥੇ ਹੋਰ ਦੇਰ ਰਹਿਣਾ ਖਤਰੇ ਤੋਂ ਖਾਲੀ ਨਹੀਂ ਹੈ। ਉਸਨੇ ਸੋਚਿਆ ਕਿ ਹੁਣ ਉਹ ਉਨ੍ਹਾਂ ਦੇ ਇੱਕ ਵਾਰ ਕਹਿਣ 'ਤੇ ਹੀ ਵਾਪਸ ਚਲੀ ਜਾਵੇਗੀ ਤੇ ਫਿਰ ਕਦੀ ਵੀ ਵਾਪਸ ਨਹੀਂ ਆਵੇਗੀ।

ਸਵੇਰੇ ਰਾਕੇਸ਼ ਉੱਠਿਆ ਤੇ ਸਿੱਧਾ ਉਸੇ ਕਮਰੇ ਵੱਲ ਗਿਆ, ਜਿੱਥੇ ਨੀਰਜਾ



ਪਿਛਲੀ ਰਾਤ ਤੋਂ ਬੰਦ ਸੀ। ਉਸਨੇ ਸੋਚਿਆ ਸ਼ਾਇਦ ਉਹ ਨਸੀਹਤਾਂ ਤੋਂ ਆ ਕੇ ਪੇਕੇ ਘਰੋਂ ਪੈਸਾ-ਧੇਲਾ ਲਿਆਉਣ ਲਈ ਮੰਨ ਜਾਵੇਗੀ। ਰਾਕੇਸ਼ ਕਮਰੇ ਅੰਦਰ ਗਿਆ ਅਤੇ ਨੀਰਜਾ ਨੂੰ ਵਾਲਾਂ ਤੋਂ ਫੜ ਕੇ ਦਹਿਲੀਜ਼ ਤੇ ਲੈ ਆਇਆ।

ਇੰਨੇ ਨੂੰ ਉਸ ਦੀ ਮਾਂ ਵੀ ਆ ਗਈ ਤੇ ਬੋਲੀ, "ਕਿਉਂ ਨੀ ਚੁੜੇਲੇ, ਹੁਣ ਬੋਲ। ਜੇ ਇਥੇ ਰਹਿਣਾ ਹੈ ਤਾਂ ਕੁੱਝ ਨਾ ਕੁੱਝ ਲਿਆਉਣਾ ਹੀ ਪਵੇਗਾ, ਨਹੀਂ ਤਾਂ ਤੂੰ ਆਪਣਾ ਕਿਨਾਰਾ ਕਰ, ਸਾਡੇ ਗਲ ਕਿਉਂ ਮਰਿਆ ਸੱਪ ਬਣ ਕੇ ਲਟਕ ਰਹੀ ਏਂ।

ਨੀਰਜਾ ਕੋਲ ਹੰਝੂ ਵਹਾਉਣ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਸੀ। ਉਹ ਹੌਂਸਲਾ ਕਰਕੇ ਚਿਰਾਂ ਦੇ ਬਿਮਾਰਾਂ ਵਾਂਗ ਬੋਲੀ, "ਮੈਂ ਤੁਹਾਡੇ ਅੱਗੇ ਹੱਥ ਜੋੜਦੀ ਹਾਂ, ਤੁਹਾਡੇ ਪੈਰੀਂ ਪੈਂਦੀ ਹਾਂ। ਮੈਥੋਂ ਜਿੰਨਾ ਵੀ ਹੋ ਸਕਿਆ ਮੈਂ ਹੋਰ ਲੈ ਆਵਾਂਗੀ, ਮੇਰੇ ਪਿਤਾ ਜੀ......।" ਕਹਿ ਕੇ ਉਹ ਫੁੱਟ ਫੁੱਟ ਕੇ ਰੋਣ ਲੱਗੀ।

ਨੀਰਜਾ ਦੇ ਤਿਆਰ ਹੋਣ 'ਤੇ ਰਾਕੇਸ਼ ਉਸ ਨੂੰ ਗੱਡੀ ਵਿੱਚ ਬਿਠਾ ਕੇ ਘਰ ਵਾਪਸ ਪਰਤ ਆਇਆ ਤੇ ਆਪਣੇ ਕਮਰੇ 'ਚ ਜਾ ਕੇ ਅਤੀਤ ਦੀਆਂ ਯਾਦਾਂ ਵਿੱਚ ਗੁਆਚ ਗਿਆ। ਨੌਕਰ ਕਮਰੇ ਵਿੱਚੋਂ ਚਾਹ ਦੇ ਖਾਲੀ ਗਿਲਾਸ ਲੈਣ ਆਇਆ ਤਾਂ ਰਾਕੇਸ਼ ਅਤੀਤ ਦੀਆਂ ਯਾਦਾਂ 'ਚੋਂ ਬਾਹਰ ਨਿਕਲਿਆ।

"ਬਾਬੂ ਜੀ, ਤੁਸੀਂ ਚਾਹ ਨਹੀਂ ਪੀਤੀ......?"

"ਪੀ ਲਵਾਂਗਾ।"

"ਬਾਬੂ ਜੀ ਇਹ ਤਾਂ ਠੰਢੀ ਹੋ ਗਈ, ਗਰਮ ਕਰ ਲਿਆਂਵਾ।" ਨੌਕਰ ਨੇ ਪੁੱਛਿਆ।

ਇੰਨੇ ਨੂੰ ਰਾਕੇਸ਼ ਦੀ ਮਾਤਾ ਨੇ ਆ ਕੇ ਕਿਹਾ, "ਬੇਟਾ ਜੇਕਰ ਇਥੇ ਗੱਲ ਪੱਕੀ ਹੋ ਗਈ ਤਾਂ ਮਾਲਾਮਾਲ ਹੋ ਜਾਵਾਂਗੇ। ਲੜਕੀ ਦੀ ਮਾਂ ਕਹਿੰਦੀ ਸੀ ਕਿ ਵਿਆਹ 'ਤੇ 60 ਹਜ਼ਾਰ ਰੁਪਿਆ ਲਗਾਵਾਂਗੇ। ਕਹਿੰਦੀ ਸੀ ਸਾਡੇ ਕਿਹੜਾ ਬਹੁਤੀਆਂ ਕੁੜੀਆਂ ਨੇ, ਇੱਕ ਹੀ ਤਾਂ ਕੁੜੀ ਹੈ, ਸਾਰਾ ਕੁੱਝ ਉਸੇ ਨੂੰ ਹੀ ਤਾਂ ਦੇਣਾ ਹੈ। ਲੜਕੇ ਆਪਣਾ ਕਮਾਉਣਗੇ ਤੇ ਲਗਾਉਣਗੇ।"

ਰਾਕੇਸ਼ ਚੁੱਪ ਚਾਪ ਮਾਂ ਦੀਆਂ ਸਾਰੀਆਂ ਗੱਲਾਂ ਸੁਣਦਾ ਰਿਹਾ ਪ੍ਰੰਤੂ ਜਵਾਬ ਕੋਈ ਨਹੀਂ ਦੇ ਰਿਹਾ ਸੀ। ਰਾਕੇਸ਼ ਦੇ ਹੱਥ ਵਿੱਚ ਕਾਗਜ਼ ਦੇਖ ਕੇ ਉਸਨੇ ਕਿਹਾ, "ਬੇਟਾ ਇਹ ਕੀ ਹੈ ?" ਤੇ ਫਿਰ ਉਸਦਾ ਉਦਾਸ ਚਿਹਰਾ ਦੇਖ ਕੇ ਪੁੱਛਿਆ, "ਬੇਟਾ ਤੂੰ ਏਨਾ ਉਦਾਸ ਕਿਉਂ ਹੈਂ, ਸਿਹਤ ਤਾਂ ਠੀਕ ਹੈ ਨਾ।"

"ਬੱਸ ਮਾਂ, ਮੈਂ ਹੁਣ ਬਹੁਤੀ ਦੇਰ ਤੁਹਾਡੇ ਪਿੱਛੇ ਨਹੀਂ ਲੱਗ ਸਕਦਾ।" ਰਾਕੇਸ਼ ਨੇ ਕਿਹਾ।

"ਕੀ ਗੱਲ ਹੋਈ ਬੇਟਾ, ਇਹੋ ਜਿਹੀ ਵੀ ਕਿਹੜੀ ਗੱਲ ਹੋ ਗਈ।" ਮਾਂ ਨੇ ਕਿਹਾ।

"ਤੁਸੀਂ ਮੇਰਾ ਘਰ ਉਜਾੜਨਾ ਸੀ, ਉਜਾੜ ਦਿੱਤਾ। ਜ਼ਿੰਦਗੀ ਬਰਬਾਦ ਕਰਨੀ ਸੀ, ਕਰ ਦਿੱਤੀ। ਹੁਣ ਮੇਰੇ ਕੋਲੋਂ ਪੁੱਛਦੇ ਹੋ, ਕੀ ਹੋਇਆ ? ਜੋ ਕੀਤਾ ਹੈ ਸਿਰਫ਼ ਤੁਸੀਂ ਹੀ ਕੀਤਾ। ਤੁਸੀਂ ਜਿਸ ਲੜਕੀ ਨਾਲ ਮੇਰਾ ਵਿਆਹ ਕਰਨ ਬਾਰੇ ਸੋਚ ਰਹੇ ਹੋ, ਉਹ ਸਾਡੀਆਂ ਸਾਰੀਆਂ ਕਾਲੀਆਂ ਕਰਤੂਤਾਂ ਜਾਣ ਗਏ ਹਨ ਕਿ ਅਸੀਂ ਦਹੇਜ

ਖਾਤਿਰ ਕਿਸ ਤਰ੍ਹਾਂ ਨੀਰਜਾ ਨੂੰ ਬੇਹਾਲ ਕਰਕੇ ਘਰੋਂ ਕੱਢਿਆ ਹੈ। ਹੁਣ ਸਿਰਫ਼ ਇਹ ਰਿਸ਼ਤਾ ਹੀ ਨਹੀਂ ਟੁੱਟਿਆ ਬਲਕਿ ਆਪਣੇ ਖਾਨਦਾਨ ਦੀ ਵੀ ਬਦਨਾਮੀ ਹੋਈ ਹੈ।"

"ਇਹ ਸਭ ਕਿਵੇਂ ਹੋਇਆ ਬੇਟਾ, ਹਾਏ ਰੱਬਾ ਹੁਣ ਕੀ ਬਣੇਗਾ ?" ਮਾਂ ਨੇ ਕਾਹਲੀ-ਕਾਹਲੀ ਪੁੱਛਿਆ।

"ਹੁਣ ਸਿਰਫ਼ ਉਹੀ ਹੋਵੇਗਾ, ਜੋ ਮੈਂ ਚਾਹਾਂਗਾ। ਪਹਿਲਾਂ ਮੈਂ ਤੁਹਾਡਾ ਕਹਿਣਾ ਮੰਨਿਆ। ਪੈਸੇ ਦੇ ਲਾਲਚ ਵਿੱਚ ਆਪਣਾ ਘਰ ਉਜਾੜ ਬੈਠਾ। ਜਦ ਲੱਛਮੀ ਵਰਗੀ ਪਤਨੀ ਨੂੰ ਹੀ ਘਰੋਂ ਕੱਢ ਦਿੱਤਾ ਤਾਂ ਪੈਸੇ ਦੀ ਆਸ ਕਰਨਾ ਵੀ ਵਿਅਰਥ ਹੈ।" ਰਾਕੇਸ਼ ਦੇ ਬੋਲਾਂ ਵਿੱਚ ਭਾਵੁਕਤਾ ਸੀ।

"ਇਹ ਤੂੰ ਕੀ ਕਹਿ ਰਿਹਾ ਏਂ ਬੇਟੇ। ਤੂੰ ਗਲਤ ਸੋਚਦਾ ਏਂ। ਕੀ ਮੈਂ ਤੈਨੂੰ ਏਸੇ ਕਰਕੇ ਪਾਲਿਆ ਪੋਸ਼ਿਆ ਸੀ ? ਕੀ ਮਾਂ ਬਾਪ ਦੀ ਕੋਈ ਖਾਹਿਸ਼ ਨਹੀਂ ਹੁੰਦੀ ?" ਮਾਂ ਨੇ ਥੋੜਾ ਗੁੱਸੇ ਵਾਲੇ ਭਾਵਾਂ ਵਿੱਚ ਕਿਹਾ।

"ਖਾਹਿਸ਼ ਹੁੰਦੀ ਹੈ, ਪਰ ਮੈਂ ਤੁਹਾਡੀ ਖਾਹਿਸ਼ ਕਿਸੇ ਪਰਾਈ ਕੁੜੀ ਦਾ ਗਲਾ ਘੁੱਟ ਕੇ ਪੂਰੀ ਨਹੀਂ ਕਰ ਸਕਦਾ।"

"ਤਾਂ ਫਿਰ ਕੀ ਕਰੇਂਗਾ ?" ਮਾਂ ਨੇ ਪੁੱਛਿਆ।

"ਮੈਂ ਕੱਲ ਹੀ ਵਾਪਸ ਨਵਾਂ ਸ਼ਹਿਰ ਜਾਵਾਂਗਾ।" ਰਾਕੇਸ਼ ਨੇ ਕਿਹਾ।

"ਪਰ ਕੁੜੀ ਵਾਲੇ ਤਾਂ ਦਿੱਲੀ ਤੋਂ ਆਏ ਸਨ।" ਮਾਂ ਨੇ ਹੌਲੀ ਜਿਹੇ ਕਿਹਾ।

"....ਖੂਹ ਖਾਤੇ ਪੈਣ ਉਹ.....ਮੇਰੇ ਸਾਹਮਣੇ ਫਿਰ ਕਦੇ ਉਨ੍ਹਾਂ ਦਾ ਨਾਂ ਵੀ ਨਾ ਲੈਣਾ।" ਰਾਕੇਸ਼ ਲਾਲ ਪੀਲਾ ਹੋ ਗਿਆ।

"....ਮੈਂ ਨੀਰਜਾ ਦੇ ਪਿਤਾ ਕੋਲ ਜਾਵਾਂਗਾ ਅਤੇ ਉਨ੍ਹਾਂ ਕੋਲੋ ਆਪਣੀਆਂ ਕੀਤੀਆਂ ਗਲਤੀਆਂ ਦੀ ਮਾਫ਼ੀ ਮੰਗਾਂਗਾ।"

"......ਨਾ ਬੇਟਾ ਨਾ......ਤੂੰ ਉਥੇ ਨਾ ਜਾਵੀਂ, ਉਹ ਤੈਨੂੰ ਜਾਨੋਂ ਮਾਰ ਦੇਣਗੇ, ਨੀਰਜਾ ਨੇ ਉਨ੍ਹਾਂ ਨੂੰ ਸਾਰੀਆਂ ਗੱਲਾਂ ਦੱਸ ਦਿੱਤੀਆਂ ਹੋਣਗੀਆਂ ਕਿ ਅਸੀਂ ਕਿਸ ਤਰ੍ਹਾਂ ਉਸ ਉੱਪਰ ਜੁਲਮ ਢਾਹੇ ਨੇ......।" ਮਾਂ ਦਾ ਚਿਹਰਾ ਉੱਤਰ ਗਿਆ।

"......ਨਹੀਂ ਮਾਂ ਇਸ ਤਰ੍ਹਾਂ ਨਹੀਂ ਹੋ ਸਕਦਾ। ਮੈਂ ਨੀਰਜਾ ਤੋਂ ਬਿਨਾਂ ਕਿਸੇ ਹੋਰ ਨੂੰ ਇਸ ਘਰ ਵਿੱਚ ਨਹੀਂ ਆਉਣ ਦੇਵਾਂਗਾ। ਨੀਰਜਾ ਮੇਰੀ ਪਤਨੀ ਹੈ। ਮੈਂ ਉਸਨੂੰ ਵਿਸ਼ਵਾਸ ਦਿਵਾਵਾਂਗਾ ਕਿ ਅਗਾਂਹ ਤੋਂ ਅਜਿਹੀ ਗਲਤੀ ਨਹੀਂ ਕਰਾਂਗਾ।"

ਇਧਰ ਨੀਰਜਾ ਆਪਣੇ ਪਿਤਾ ਦੇ ਘਰ ਜਿਵੇਂ ਕਿਵੇਂ ਜ਼ਿੰਦਗੀ ਬਤੀਤ ਕਰ ਰਹੀ ਸੀ। ਉਹ ਚੰਗੀ ਤਰ੍ਹਾਂ ਸਮਝਦੀ ਸੀ ਕਿ ਉਸਦਾ ਪਤੀ ਆਪਣੀ ਮਾਂ ਦੀਆਂ ਗੱਲਾਂ 'ਚ ਆ ਕੇ ਹੀ ਉਸ ਨੂੰ ਤੰਗ ਕਰਦਾ ਹੈ। ਜਦੋਂ ਉਹ ਸਾਰੀ ਰਾਤ ਕਮਰੇ ਵਿੱਚ ਬੰਦ ਰਹਿਣ ਤੋਂ ਬਾਅਦ ਆਪਣੇ ਪਿਤਾ ਕੋਲ ਵਾਪਸ ਆਈ ਸੀ ਤਾਂ ਉਸਨੇ ਫ਼ੈਸਲਾ ਕੀਤਾ ਸੀ ਕਿ ਹੁਣ ਉਹ ਕਦੀ ਵੀ ਵਾਪਸ ਰਾਕੇਸ਼ ਦੇ ਘਰ ਨਹੀਂ ਜਾਵੇਗੀ ਪ੍ਰੰਤੂ ਹਿੰਦੂ ਧਰਮ ਅਨੁਸਾਰ ਹਰ ਔਰਤ ਦਾ ਸਿਰਫ਼ ਇੱਕ ਹੀ ਪਤੀ ਹੁੰਦਾ ਹੈ। ਇਸ ਕਰਕੇ ਨੀਰਜਾ ਨੇ ਕਦੀ ਵੀ ਰਾਕੇਸ਼ ਨੂੰ ਆਪਣੇ ਮਨੋਂ ਨਹੀਂ ਵਿਸਾਰਿਆ ਸੀ ਤੇ ਹਾਲੇ ਵੀ ਉਸੇ ਨੂੰ ਆਪਣਾ ਪਤੀ ਮੰਨਦੀ ਸੀ। ਜਦ ਮਨੁੱਖ ਗੁੱਸੇ ਵਿੱਚ ਹੁੰਦਾ ਹੈ ਤਾਂ ਉਸਦੇ ਵਿਚਾਰ ਬਦਲ ਜਾਂਦੇ ਹਨ, ਜਿਸ ਤਰ੍ਹਾਂ ਥੋੜ੍ਹੀ ਜਿਹੀ ਗਰਮੀ ਹੋਣ 'ਤੇ ਥਰਮਾਮੀਟਰ ਦਾ ਪਾਰਾ



ਆਪਣਾ ਦਰਜਾ ਬਦਲ ਲੈਂਦਾ ਹੈ, ਪਰ ਗੁੱਸਾ ਖਤਮ ਹੁੰਦਿਆਂ ਹੀ ਉਸਦੇ ਵਿਚਾਰ ਪਹਿਲਾਂ ਵਾਂਗ ਹੋ ਜਾਂਦੇ ਹਨ।

ਰਾਕੇਸ਼ ਬਿਨਾਂ ਹਿਚਕਚਾਹਟ ਨੀਰਜਾ ਦੇ ਘਰ ਪਹੁੰਚਿਆ ਤੇ ਸਭ ਤੋਂ ਪਹਿਲਾਂ ਨੀਰਜਾ ਦੇ ਪਿਤਾ ਨੂੰ ਮਿਲਿਆ। ਉਨ੍ਹਾਂ ਨੂੰ ਕਦੇ ਉਮੀਦ ਵੀ ਨਹੀਂ ਸੀ ਕਿ ਰਾਕੇਸ਼ ਕਦੇ ਨੀਰਜਾ ਨੂੰ ਵਾਪਸ ਵੀ ਲੈਣ ਆਵੇਗਾ ਕਿਉਂਕਿ ਉਨ੍ਹਾਂ ਨੇ ਕਈ ਚਿੱਠੀਆਂ ਪਾਈਆਂ ਸਨ ਜਿੰਨਾਂ ਦਾ ਰਾਕੇਸ਼ ਨੇ ਕੋਈ ਜਵਾਬ ਨਹੀਂ ਦਿੱਤਾ ਸੀ। ਉਨ੍ਹਾਂ ਖੁਸ਼ੀ ਵਾਲੇ ਭਾਵਾਂ ਨਾਲ ਉੱਚੀ ਅਵਾਜ਼ ਵਿੱਚ ਆਖਿਆ, "ਦੇਖੋ ਬੇਟਾ ਕੌਣ ਆਇਆ ਹੈ, ਈਦ ਦਾ ਚੰਦ ਨਿਕਲ ਆਇਆ......।"

ਨੀਰਜਾ ਪਿਤਾ ਜੀ ਦੀ ਅਵਾਜ਼ ਸੁਣ ਕੇ ਭੱਜੀ ਆਈ। ਰਾਕੇਸ਼ ਨੂੰ ਪਿਤਾ ਜੀ ਕੋਲ ਖੜ੍ਹੇ ਦੇਖ ਕੇ ਉਸਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸਦੀ ਤਪੱਸਿਆ ਰੰਗ ਲੈ ਆਈ ਹੋਵੇ। ਉਹ ਆਪਣੇ ਅਤੀਤ ਦੀਆਂ ਯਾਦਾਂ ਨੂੰ ਭੁੱਲ ਚੁੱਕੀ ਸੀ, ਉਸਨੂੰ ਰਾਕੇਸ਼ ਦਾ ਆਉਣਾ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਨੂੰ ਆਪਣੇ ਮਨ ਦੀਆਂ ਸਾਰੀਆਂ ਮੁਰਾਦਾਂ ਮਿਲ ਗਈਆਂ ਹੋਣ। ਉਹ ਰਾਕੇਸ਼ ਦੇ ਪੈਰਾਂ ਵਿੱਚ ਡਿੱਗ ਕੇ ਫੁੱਟ-ਫੁੱਟ ਕੇ ਰੋਣ ਲੱਗੀ।

"ਨੀਰਜਾ ਮੈਨੂੰ ਮੁਆਫ਼ ਕਰ ਦੇ। ਮੈਂ ਜੋ ਵੀ ਕੀਤਾ, ਉਹ ਸਭ ਜਾਣ ਬੁੱਝ ਕੇ ਨਹੀਂ ਕੀਤਾ। ਉਹ ਸਭ ਸਮੇਂ ਦਾ ਚੱਕਰ ਸੀ। ਮੈਂ ਆਪਣੇ ਆਪ ਤੇ ਕਾਬੂ ਨਹੀਂ ਰੱਖ ਸਕਿਆ। ਪੈਸੇ ਦੇ ਲਾਲਚ ਵਿੱਚ ਆ ਕੇ ਮੈਂ ਤੇਰੇ 'ਤੇ ਜੋ ਜ਼ੁਲਮ ਕੀਤੇ, ਉਨ੍ਹਾਂ ਲਈ ਮੈਂ ਸ਼ਰਮਿੰਦਾ ਹਾਂ। ਹੁਣ ਮੈਨੂੰ ਧਨ ਦੀ ਨਹੀਂ ਸਿਰਫ਼ ਤੇਰੀ ਜ਼ਰੂਰਤ ਹੈ ਨੀਰਜਾ......ਸਿਰਫ਼ ਤੇਰੀ......।" ਰਾਕੇਸ਼ ਰੋਣਹਾਰੀ ਅਵਾਜ਼ ਵਿੱਚ ਕਹਿ ਰਿਹਾ ਸੀ।

"ਮੈਂ ਤੈਨੂੰ ਵਾਪਸ ਲਿਜਾਣ ਲਈ ਆਇਆ ਹਾਂ......।" ਰਾਕੇਸ਼ ਨੇ ਕਿਹਾ।

"ਫ਼ੇਰ ਉਹ ਵੀਹ ਹਜ਼ਾਰ......।" ਨੀਰਜਾ ਨੇ ਕਿਹਾ।

"ਨੀਰਜਾ ਮੈਂ ਤੈਨੂੰ ਛੱਡ ਕੇ ਭਟਕਦਾ ਹੀ ਰਿਹਾ, ਪੈਸੇ ਨਾਲ ਮੈਨੂੰ ਸ਼ਾਂਤੀ ਨਹੀਂ ਮਿਲੀ, ਮੈਂ ਮਾਨਸਿਕ ਸ਼ਾਂਤੀ ਚਾਹੁੰਦਾ ਹਾਂ। ਮੈਂ ਤੈਨੂੰ ਇੰਨਾ ਦੁੱਖ ਦਿੱਤਾ 'ਤੇ ਤੂੰ ਚੁੱਪਚਾਪ ਸਹਿਣ ਕਰਦੀ ਰਹੀ, ਤੂੰ ਤਾਂ ਦੇਵੀ ਹੈਂ ਦੇਵੀ......, ਨੀਰਜਾ ਮੈਨੂੰ ਮੁਆਫ਼ ਕਰ ਦੇ।" ਰਾਕੇਸ਼ ਫਿਰ ਫੁੱਟ ਫੁੱਟ ਕੇ ਰੋ ਪਿਆ।

ਨੀਰਜਾ ਦੇ ਪਿਤਾ ਨੇ ਰਾਕੇਸ਼ ਨੂੰ ਹੌਂਸਲਾ ਦਿੰਦਿਆਂ ਕਿਹਾ ਕਿ "ਬੇਟੇ ਜੇਕਰ ਭੁੱਲ ਨੂੰ ਸੁਧਾਰ ਲਿਆ ਜਾਵੇ ਤਾਂ ਉਹ ਭੁੱਲ..ਭੁੱਲ ਨਹੀਂ ਰਹਿੰਦੀ। ਜੇਕਰ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਪਰਤ ਆਵੇ, ਤਾਂ ਉਸਨੂੰ ਭੁੱਲਿਆ ਨਹੀਂ ਕਹਿੰਦੇ। ਮੇਰਾ ਅਸ਼ੀਰਵਾਦ ਤੁਹਾਡੇ ਨਾਲ ਹੈ, ਤੁਹਾਡਾ ਜੀਵਨ ਸੁੱਖੀ ਸਾਂਦੀ ਅਤੇ ਆਪਸੀ ਪਿਆਰ ਬਣਿਆ ਰਹੇ।"

ਦੂਸਰੇ ਹੀ ਦਿਨ ਸਵੇਰੇ ਰਾਕੇਸ਼ ਨੀਰਜਾ ਨੂੰ ਨਾਲ ਲੈ ਕੇ ਆਪਣੇ ਘਰ ਵਾਪਸ ਪਰਤ ਆਇਆ। ਹੁਣ ਰਾਕੇਸ਼ ਦੀ ਮਾਂ ਵੀ ਬੇਟੇ ਦੀ ਇੱਛਾ ਮੁਤਾਬਿਕ ਨੀਰਜਾ ਨੂੰ ਪਿਆਰ ਕਰਨ ਲੱਗੀ। ਉਸਦੀਆਂ ਅੱਖਾਂ ਉੱਪਰੋਂ ਲਾਲਚ ਦਾ ਪਰਦਾ ਹਟ ਗਿਆ ਸੀ। ਉਸਨੇ ਵੀ ਉਨ੍ਹਾਂ ਦੋਹਾਂ ਨੂੰ ਸੁਖੀ ਰਹਿਣ ਦਾ ਅਸ਼ੀਰਵਾਦ ਦਿੱਤਾ ਤੇ ਹੁਣ ਉਹ ਆਪਣੇ ਅਤੀਤ ਦੀਆਂ ਯਾਦਾਂ ਨੂੰ ਭੁੱਲ ਕੇ ਚੰਗੇ ਦਿਨਾਂ ਦਾ ਆਨੰਦ ਮਾਨਣ ਲੱਗੇ। ✪

# ਪਤਨੀ ਨੰਬਰ ਦੋ

**- ਅਸ਼ਵਨੀ ਭਟਨਾਗਰ**

ਗਲੋਰੀ ਨੇ ਦਰਵਾਜ਼ਾ ਖੜਕਾਇਆ ਅਤੇ ਫਿਰ “ਅੰਦਰ ਆ ਜਾਓ” ਦੀ ਅਵਾਜ਼ ਸੁਣ ਕੇ ਉਹ ਅੰਦਰ ਚਲੀ ਗਈ। ਉਸ ਦੇ ਹੱਥਾਂ ਵਿੱਚ ਚਾਹ ਦੀ ਟ੍ਰੇਅ ਸੀ ਅਤੇ ਚਿਹਰੇ ’ਤੇ ਸਵੇਰ ਦੀ ਫੁੱਟਦੀ ਪਹੁ ਜਿਹੀ ਮਿੰਨੀ ਮਿੰਨੀ ਮੁਸਕਾਨ।

“ਨਮਸਤੇ ਮੈਡਮ”, ਗਲੋਰੀ ਨੇ ਅੱਛਰੀ ਨੂੰ ਕਿਹਾ ਤੇ ਫਿਰ ਰਮਨ ਵੱਲ ਦੇਖਦੇ ਹੋਏ ਕਿਹਾ, “ਨਮਸਤੇ ਸਰ।”

ਦੋਹਾਂ ਨੇ ਮੁਸਕਰਾ ਕੇ ਉਸ ਦੀ ਨਮਸਕਾਰ ਸਵੀਕਾਰ ਕੀਤੀ।

“ਨਾਸ਼ਤੇ ਵਿੱਚ ਕੀ ਬਣਾਵਾਂ ?” ਗਲੋਰੀ ਨੇ ਪੁੱਛਿਆ।

ਅੱਛਰੀ ਨੇ ਰਮਨ ਤੋਂ ਪੁੱਛਿਆ, “ਕੀ ਖਾਓਗੇ ?”

“ਜੋ ਤੁਸੀਂ ਚਾਹੋ”, ਰਮਨ ਨੇ ਗਲੋਰੀ ਨੂੰ ਦੇਖਦੇ ਹੋਏ ਕਿਹਾ।

“ਜੀ ਬਹੁਤ ਅੱਛਾ”, ਗਲੋਰੀ ਨੇ ਮੁਸਕਰਾਉਂਦੇ ਹੋਏ ਕਿਹਾ।

ਉਨ੍ਹਾਂ ਦੋਹਾਂ ਦੀ ਆਪਸੀ ਨੋਕ ਝੋਕ ਗਲੋਰੀ ਨੂੰ ਬਹੁਤ ਚੰਗੀ ਲੱਗਦੀ ਸੀ।

ਗਲੋਰੀ ਦੇ ਜਾਂਦੇ ਹੀ ਰਮਨ ਨੇ ਕਿਹਾ, “ਯਾਰ, ਜਿਸ ਘਰ ਵਿੱਚ ਬੱਚੇ ਨਾ ਹੋਣ, ਉਹ ਘਰ ਬੜਾ ਸੁੰਨਾ-ਸੁੰਨਾ ਜਿਹਾ ਲਗਦਾ ਹੈ। ਗਲੋਰੀ ਬੱਚਿਆਂ ਦੀ ਚੰਗੀ ਸਾਭ-ਸੰਭਾਲ ਕਰਨ ਵਾਲੀ ਮਾਂ ਸਿੱਧ ਹੋਵੇਗੀ, ਤੇਰਾ ਕੀ ਖਿਆਲ ਹੈ ?”

“ਸੁਣੋ ਮਿਸਟਰ”, ਅੱਛਰੀ ਨੇ ਬਹੁਤ ਰੱਟਿਆ ਰਟਾਇਆ ਜਵਾਬ ਤਜਰਬੇਕਾਰ ਅਭਿਨੇਤਰੀ ਦੀ ਤਰ੍ਹਾਂ ਦਿੱਤਾ, “ਬੱਚਿਆਂ ਨੂੰ ਪਾਲਣਾ ਅੱਜ ਕੱਲ੍ਹ ਕੋਈ ਅਸਾਨ ਕੰਮ ਨਹੀਂ। ਜਿਥੇ ਮਾਂ-ਬਾਪ ਦੋਨੋਂ ਕੰਮ ’ਤੇ ਜਾਂਦੇ ਹੋਣ, ਉਥੇ ਬੱਚੇ ਮਾਨਸਿਕ ਰੂਪ ਵਿੱਚ ਰੋਗੀ ਹੋ ਜਾਂਦੇ ਹਨ। ਥੋੜ੍ਹੇ ਜਿਹੇ ਵੱਡੇ ਹੋਣ ’ਤੇ ਚੰਗੇ ਸਕੂਲ ਵਿੱਚ ਭਰਤੀ ਕਰਾਉਣਾ ਅੱਜ ਕੱਲ੍ਹ ਦੀ ਘੋੜ ਦੌੜ ’ਚ ਅਸੰਭਵ ਹੀ ਨਹੀਂ ਨਾ-ਮੁਮਕਿਨ ਵੀ ਹੈ। ਸਕੂਲ ਤੋਂ ਕਾਲਜ ਪਹੁੰਚਣ ਤੱਕ ਬੱਚੇ ਅਨੇਕਾਂ ਨਸ਼ਿਆਂ ਅਤੇ ਬੁਰੀਆਂ ਆਦਤਾਂ ਵਿੱਚ ਫਸ ਜਾਂਦੇ ਹਨ। ਕੀ ਤੁਸੀਂ ਉਨ੍ਹਾਂ ਨੂੰ ਰੋਕ ਸਕੋਗੇ ? ਜੇਕਰ ਕਿਸੇ ਤਰ੍ਹਾਂ ਥੋੜ੍ਹੀ ਬਹੁਤ ਸਿੱਖਿਆ ਪ੍ਰਾਪਤ ਕਰ ਵੀ ਲਈ ਤਾਂ ਇਸ ਬੇ-ਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦੇ ਜ਼ਮਾਨੇ ਵਿੱਚ ਉਨ੍ਹਾਂ ਨੂੰ ਨੌਕਰੀ ਮਿਲ ਹੀ ਜਾਵੇਗੀ, ਇਸ ਗੱਲ ਦੀ ਕੀ ਗਾਰੰਟੀ ਹੈ ਤੁਹਾਡੇ ਕੋਲ ? ਉਨ੍ਹਾਂ ਦਾ ਭਵਿੱਖ ਬਣਾਉਣ ਲਈ ਹਰ ਥਾਂ ਰਿਸ਼ਵਤ ਦੇਣੀ ਪੈਂਦੀ ਹੈ ਕੀ ਇੰਨਾ ਪੈਸਾ ਹੈ ਸਾਡੇ ਕੋਲ ? ਨਿਰਾਸ਼ ਹੋ ਕੇ ਅਜਿਹੇ ਬੱਚੇ ਤੁਰੰਤ ਹਿੰਸਾ ਅਤੇ ਭ੍ਰਿਸ਼ਟਾਚਾਰੀ ਦਾ ਰਾਹ ਅਪਣਾ ਲੈਂਦੇ ਹਨ, ਕੀ ਰੋਕ ਸਕੋਗੇ ਤੁਸੀਂ ਉਨ੍ਹਾਂ ਨੂੰ? ਬੁਢਾਪੇ ਵਿੱਚ ਸਾਡਾ ਸਹਾਰਾ ਬਣਨਗੇ, ਇਸ ਦੀ ਕੀ ਗਾਰੰਟੀ ਹੈ ਅਤੇ ਸਭ ਤੋਂ ਵੱਡੀ ਗੱਲ, ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦਾ ਮੂਲ ਕਾਰਨ ਹੈ ਵਧਦੀ ਅਬਾਦੀ ਅਤੇ ਇਸ ਸਮੱਸਿਆ ਦਾ ਇੱਕ ਹੀ ਹੱਲ ਹੈ ਕਿ ਉਸ ਨੂੰ ਜਨਮ ਹੀ ਨਾ ਲੈਣ ਦਿਉ, ਧੰਨਵਾਦ।”

ਰਮਨ ਅਚੰਭੇ ਨਾਲ ਅੱਛਰੀ ਵੱਲ ਵੇਖ ਰਿਹਾ ਸੀ। ਉਸ ਨੂੰ ਇੰਝ ਲੱਗਾ ਜਿਵੇਂ



ਉਸ ਨੇ ਮੱਖੀਆਂ ਦੇ ਛੱਤੇ ਨੂੰ ਹੱਥ ਲਗਾ ਦਿੱਤਾ ਹੋਵੇ।

“ਹੁਣ ਮੇਰੀ ਸਮਝ ਵਿੱਚ ਆਇਆ,” ਰਮਨ ਨੇ ਡੂੰਘਾ ਸਾਹ ਲੈ ਕੇ ਕਿਹਾ, “ਲੋਕ ਦੋ-ਦੋ ਪਤਨੀਆਂ ਕਿਉਂ ਰੱਖਦੇ ਹਨ ?”

“ਕੀ ਮਤਲਬ ?” ਅੱਛਰੀ ਇੱਕੋ ਝਟਕੇ ਨਾਲ ਸਿੱਧੀ ਹੋ ਗਈ।

“ਮਤਲਬ ਸਾਫ ਹੈ”, ਰਮਨ ਨੇ ਮੁਸਕਰਾ ਕੇ ਕਿਹਾ। “ਜਦ ਤੋਂ ਔਰਤਾਂ ਘਰ ਛੱਡ ਕੇ ਨੌਕਰੀ ’ਤੇ ਜਾਣ ਲੱਗੀਆਂ ਹਨ, ਉਦੋਂ ਤੋਂ ਦੋ-ਦੋ ਪਤਨੀਆਂ ਰੱਖਣ ਦਾ ਰਿਵਾਜ਼ ਜਿਹਾ ਪੈ ਗਿਆ ਹੈ। ਜੋ ਨਵੇਂ ਅਤੇ ਉੱਚ ਖਿਆਲਾਂ ਦੀ ਹੁੰਦੀ ਹੈ ਉਹ ਬਾਹਰ ਜਾਂਦੀ ਹੈ ਅਤੇ ਦੂਸਰੀ ਘਰ ਸੰਭਾਲਦੀ ਹੈ। ਬੱਸ ਥੋੜ੍ਹੀ ਜਿਹੀ ਕੁਸ਼ਲਤਾ ਨਾਲ ਵਿਚਾਰਾਂ ਦਾ ਤਾਲਮੇਲ ਕਰਨਾ ਪੈਂਦਾ ਹੈ।

ਇਸ ਗੱਲ ਦਾ ਜਵਾਬ ਥੋੜ੍ਹੀ ਜਿਹੀ ਖਿਝ ਨਾਲ ਦਿੰਦੇ ਹੋਏ ਅੱਛਰੀ ਨੇ ਕਿਹਾ, “ਫਿਰ ਤਾਂ ਮੈਂ ਵੀ ਦੋ-ਦੋ ਪਤੀ ਰੱਖ ਸਕਦੀ ਹਾਂ, ਇੱਕ ਘਰੇਲੂ ਅਤੇ ਦੂਸਰਾ ਕਮਾਉਣ ਵਾਲਾ।”

“ਮੇਰੀ ਆਗਿਆ ਵੀ ਹੈ ਅਤੇ ਸਹਿਮਤੀ ਵੀ।” ਰਮਨ ਨੇ ਹੱਸ ਕੇ ਕਿਹਾ।

“ਠੀਕ ਹੈ,” ਅੱਛਰੀ ਨੇ ਪੂਰੇ ਗੁੱਸੇ ਵਿੱਚ ਕਿਹਾ, “ਤਾਂ ਮੈਂ ਤੁਹਾਨੂੰ ਚੁਣੌਤੀ ਦਿੰਦੀ ਹਾਂ, ਤੁਸੀਂ ਦੂਸਰੀ ਸ਼ਾਦੀ ਦਾ ਪ੍ਰਬੰਧ ਕਰ ਸਕਦੇ ਹੋ, ਪ੍ਰੰਤੂ ਮੈਂ ਵੀ ਅਜ਼ਾਦ ਰਹਾਂਗੀ।”

“ਮਨਜ਼ੂਰ ਹੈ”, ਰਮਨ ਨੇ ਮੁਸਕਰਾ ਕੇ ਕਿਹਾ। ਇੰਨੇ ਨੂੰ ਗਲੋਰੀ ਖਾਲੀ ਟ੍ਰੇਅ ਲੈ ਕੇ ਅੰਦਰ ਆ ਗਈ।

“ਨਾਸ਼ਤਾ ਤਿਆਰ ਹੈ,” ਗਲੋਰੀ ਨੇ ਕਿਹਾ, “ਤੁਸੀਂ ਅੱਧੇ ਘੰਟੇ ’ਚ ਤਿਆਰ ਹੋ ਕੇ ਆ ਜਾਓ, ਉਨੀਂ ਦੇਰ ਮੈਂ ਮੇਜ਼ ਲਗਾਉਂਦੀ ਹਾਂ।”

ਜਿਵੇਂ ਹੀ ਗਲੋਰੀ ਜਾਣ ਲਈ ਮੁੜੀ, ਰਮਨ ਨੇ ਪੁੱਛਿਆ, “ਗਲੋਰੀ ਤੇਰੀ ਸ਼ਾਦੀ ਹੋ ਗਈ ?”

“ਜੀ ਨਹੀਂ”, ਗਲੋਰੀ ਨੇ ਸ਼ਰਮਾ ਕੇ ਕਿਹਾ।

“ਕੋਈ ਲੜਕਾ ਵਗੈਰਾ ਲੱਭਿਆ ਹੈ ਕਿ ਨਹੀਂ ?” ਰਮਨ ਨੇ ਪੁੱਛਿਆ ।

ਗਲੋਰੀ ਹੋਰ ਸ਼ਰਮਾ ਗਈ ਪ੍ਰੰਤੂ ਕੋਈ ਉੱਤਰ ਨਾ ਦਿੱਤਾ ਅਤੇ ਟ੍ਰੇਅ ਚੁੱਕ ਕੇ ਬਾਹਰ ਚਲੀ ਗਈ।

ਅੱਛਰੀ ਨੇ ਤਿੱਖੇ ਸੁਰ ’ਚ ਪੁੱਛਿਆ, “ਇਸਦਾ ਕੀ ਮਤਲਬ ?” ਚੋਰ ਵੀ ਆਪਣਾ ਮੁਹੱਲਾ ਛੱਡ ਕੇ ਚੋਰੀ ਕਰਦਾ ਹੈ।”

“ਉਹ ਤਾਂ ਠੀਕ ਹੈ,” ਰਮਨ ਨੇ ਮੁਸਕਰਾ ਕੇ ਅੱਛਰੀ ਨੂੰ ਕੂਹਣੀ ਮਾਰਦੇ ਹੋਏ ਕਿਹਾ, “ਪਰ ਇਹ ਵੀ ਤਾਂ ਸੁਣਿਆ ਹੋਵੇਗਾ ਕਿ ਆਦਮੀ ਜਦ ਕੁੱਝ ਵੰਡਦਾ ਹੈ ਤਾਂ ਆਪਣੇ ਹੀ ਘਰ ਤੋਂ ਸ਼ੁਰੂ ਕਰਦਾ ਹੈ।”

ਗਲੋਰੀ ਘਰ ਦੇ ਕੰਮ ’ਚ ਮਸਤ ਸੀ। ਉਹ ਅਨਾਥ ਸੀ। ਇੱਕ ਈਸਾਈ ਮਿਸ਼ਨ ’ਚ ਉਸਦਾ ਪਾਲਣ-ਪੋਸ਼ਣ ਹੋਇਆ ਸੀ। ਰਮਨ ਨੇ ਅਗਾਂਹਵਧੂ ਵਿਚਾਰਾਂ ਅਤੇ ਅੱਛਰੀ ਦੇ ਕਹਿਣ ’ਤੇ ਉਸ ਨੂੰ ਨੌਕਰੀ ’ਤੇ ਰੱਖਿਆ ਗਿਆ ਸੀ। ਯੋਗਤਾਵਾਂ ਅਤੇ ਕੰਮ-ਕਾਜ ਦੇ ਆਧਾਰ ’ਤੇ ਉਨ੍ਹਾਂ ਨੇ ਉਸ ਨੂੰ ਜ਼ਿਆਦਾ ਤਨਖਾਹ ਦੇਣੀ ਵੀ ਸਵੀਕਾਰ

ਕਰ ਲਈ ਸੀ। ਰਮਨ ਤੇ ਅੱਛਰੀ ਦੋਵੇਂ ਚੰਗੀ ਤਨਖਾਹ ਲੈਂਦੇ ਸਨ, ਇਸ ਲਈ ਗਲੋਰੀ ਨੂੰ ਵਧੇਰੇ ਤਨਖਾਹ ਦੇਣੀ ਉਨ੍ਹਾਂ ਨੂੰ ਮੁਸ਼ਕਿਲ ਨਹੀਂ ਲਗਦੀ ਸੀ।

ਪਹਿਲੀ ਨਜ਼ਰ 'ਚ ਹੀ ਗਲੋਰੀ ਅੱਛਰੀ ਦੇ ਮਨ 'ਤੇ ਅਮਿੱਟ ਛਾਪ ਛੱਡ ਗਈ। ਇੰਨੀ ਸਾਫ ਸੁਥਰੀ ਅਤੇ ਕੁਸ਼ਲ ਨੌਕਰਾਣੀ ਨਾਲ ਸਮਾਜ ਦੀਆਂ ਨਜ਼ਰਾਂ 'ਚ ਵੀ ਰੁਤਬਾ ਵਧ ਜਾਂਦਾ ਹੈ। ਜਦ ਵੀ ਉਹ ਗਲੋਰੀ ਨੂੰ ਵੇਖਦੀ ਫ਼ਖ਼ਰ ਜਿਹਾ ਮਹਿਸੂਸ ਕਰਦੀ। ਗਲੋਰੀ ਹਿੰਦੀ ਤੇ ਅੰਗਰੇਜ਼ੀ ਚੰਗੀ ਤਰ੍ਹਾਂ ਬੋਲ ਲੈਂਦੀ ਸੀ। ਉਹ ਹਿੰਦੀ ਅਤੇ ਪੱਛਮੀ ਫ਼ਿਲਮਾਂ ਦੇ ਸੰਗੀਤ ਦੀ ਸ਼ੌਕੀਨ ਸੀ ਅਤੇ ਮਿੱਠੇ ਬੋਲਾਂ ਨਾਲ ਗਾਉਂਦੀ ਸੀ। ਉਸ ਦੇ ਨੈਣ ਨਕਸ਼ ਸੁੰਦਰ ਅਤੇ ਸੋਹਣਾ ਵਿਅਕਤੀਤਵ ਸੀ। ਉਹ ਗੋਰੀ ਤਾਂ ਨਹੀਂ ਸੀ ਪਰ ਕਾਲੀ ਵੀ ਨਹੀਂ ਸੀ। ਜਿਵੇਂ ਵੀ ਸੀ ਚੰਗੀ ਲਗਦੀ ਸੀ।

ਜਿਵੇਂ-ਜਿਵੇਂ ਗਲੋਰੀ ਨੇ ਘਰ ਦਾ ਕੰਮ ਕਾਜ ਸੰਭਾਲਣਾ ਸ਼ੁਰੂ ਕੀਤਾ ਤਿਵੇਂ-ਤਿਵੇਂ ਅੱਛਰੀ ਉਸ 'ਤੇ ਵਧੇਰੇ ਨਿਰਭਰ ਹੁੰਦੀ ਗਈ। ਹੁਣ ਤਾਂ ਗਲੋਰੀ ਉਨ੍ਹਾਂ ਦੇ ਪਰਿਵਾਰ ਦਾ ਮੈਂਬਰ ਬਣ ਚੁੱਕੀ ਸੀ। ਸੁਬ੍ਹਾ ਤੋਂ ਲੈ ਕੇ ਸ਼ਾਮ ਤੱਕ ਸਾਰਾ ਕੰਮ ਸੁਚਾਰੂ ਰੂਪ ਨਾਲ ਚੱਲਦਾ ਸੀ। ਸਵਾਦੀ ਭੋਜਨ ਅਤੇ ਨਵੇਂ-ਨਵੇਂ ਪਕਵਾਨ ਬਣਾ ਕੇ ਉਸ ਨੇ ਅੱਛਰੀ ਅਤੇ ਰਮਨ ਦਾ ਦਿਲ ਜਿੱਤ ਲਿਆ ਸੀ।

ਘਰ ਦੀ ਸਜ਼ਾਵਟ ਇੱਕ ਦਮ ਬਦਲ ਗਈ। ਫੁੱਲਾਂ ਦੀ ਖੁਸ਼ਬੂ ਨਾਲ ਮਹਿਕਦਾ ਘਰ ਸਦਾ ਉਨ੍ਹਾਂ ਦੇ ਆਉਣ ਦੀ ਉਡੀਕ ਕਰਦਾ ਰਹਿੰਦਾ ਸੀ। ਅਕਸਰ ਦੋਸਤਾਂ ਅਤੇ ਮਹਿਮਾਨਾਂ ਨੂੰ ਇਹੀ ਸ਼ੱਕ ਪੈਂਦਾ ਕਿ ਗਲੋਰੀ ਉਨ੍ਹਾਂ ਦੀ ਕੋਈ ਨਜ਼ਦੀਕੀ ਰਿਸ਼ਤੇਦਾਰ ਹੈ।

ਅੱਛਰੀ ਜਿਸ 'ਤੇ ਇੰਨੀ ਨਿਰਭਰ ਸੀ ਅਤੇ ਜਿਸ 'ਤੇ ਇੰਨਾ ਵਿਸ਼ਵਾਸ ਕਰਦੀ ਸੀ, ਅਚਾਨਕ ਉਸ ਗਲੋਰੀ ਤੋਂ ਉਸ ਨੂੰ ਖ਼ਤਰਾ ਜਿਹਾ ਮਹਿਸੂਸ ਹੋਣ ਲੱਗਾ। ਉਹ ਵੀ ਰਮਨ ਦੇ ਇੱਕੋ ਸਵਾਲ ਨਾਲ। ਚਾਹੇ ਉਹ ਉਸਨੇ ਕਿੰਨੀ ਵੀ ਮਸੂਮੀਅਤ ਨਾਲ ਕਿਉਂ ਨਾ ਕਿਹਾ ਹੋਵੇ?

ਗਲੋਰੀ ਖਾਣੇ ਦੇ ਮੇਜ਼ 'ਤੇ ਗੁਲਦਸਤਾ ਲਗਾ ਰਹੀ ਸੀ। ਰਮਨ ਇਕਾਗਰਤਾ ਨਾਲ ਉਸ ਨੂੰ ਵੇਖ ਰਿਹਾ ਸੀ। ਕਾਸ਼! ਉਹ ਉਸ ਦੀ ਪਤਨੀ ਹੁੰਦੀ। ਉਸ ਵਿੱਚ ਉਹ ਸਭ ਗੁਣ ਸ਼ਾਮਿਲ ਸਨ ਜੋ ਹਰ ਆਦਮੀ ਆਪਣੀ ਪਤਨੀ 'ਚ ਦੇਖਣੇ ਚਾਹੁੰਦਾ ਹੈ। ਉਹ ਜ਼ਿਆਦਾ ਗੋਰੀ ਨਾ ਹੁੰਦੀ ਹੋਈ ਵੀ ਬੇਹੱਦ ਆਕਰਸ਼ਕ ਸੀ ਅਤੇ ਉਸ ਦਾ ਸੁਭਾਅ ਵੀ ਬਹੁਤ ਮਿੱਠਾ ਸੀ।

ਗਲੋਰੀ ਨੇ ਜਦ ਸਿਰ ਉੱਪਰ ਚੁੱਕਿਆ ਤਾਂ ਰਮਨ ਨਾਲ ਉਸ ਦੀਆਂ ਨਜ਼ਰਾਂ ਟਕਰਾ ਗਈਆਂ। ਉਸ ਨੇ ਸ਼ਰਮ ਨਾਲ ਨੀਵੀਂ ਪਾ ਲਈ। ਕਿੰਨੀ ਚੰਗੀ ਸੀ ਉਸ ਦੀ ਇਹ ਅਦਾ। ਰਸੋਈ 'ਚ ਜਾ ਕੇ ਗਲੋਰੀ ਸੁਭਾਅ ਮੁਤਾਬਿਕ ਅੰਗਰੇਜ਼ੀ ਦਾ ਇੱਕ ਪ੍ਰੇਮ ਗੀਤ ਗੁਣ-ਗੁਣਾ ਰਹੀ ਸੀ। ਰਮਨ ਉਸ ਦੀ ਗੁਣ-ਗੁਣਾਹਟ ਸੁਣ ਕੇ ਮੁਸਕਰਾਉਣ ਲੱਗਾ।

ਅੱਛਰੀ ਨੇ ਚਮਚ ਨਾਲ ਪਲੇਟ 'ਤੇ "ਟਕ-ਟਕ" ਕਰਦੇ ਹੋਏ ਪੁੱਛਿਆ, "ਧਿਆਨ ਕਿੱਧਰ ਹੈ ?"

"ਕੀ ਕਿਹਾ ?" ਰਮਨ ਨੇ ਚੌਂਕ ਕੇ ਪੁੱਛਿਆ।



"ਹਾਂ ਹੁਣ ਕਿਉਂ ਸੁਣੋਗੇ ?" ਅੱਛਰੀ ਨੇ ਤਿੱਖੇ ਬੋਲਾਂ ਨਾਲ ਕਿਹਾ। "ਧਿਆਨ ਰਹੇ, ਮੈਂ ਵੀ ਇਸ ਘਰ 'ਚ ਹਾਂ ਅਤੇ ਮੈਥੋਂ ਕੁੱਝ ਵੀ ਲੁਕਿਆ ਨਹੀਂ ਰਹਿ ਸਕਦਾ।"

"ਜੋ ਕੁਝ ਕਹਿਣਾ ਹੈ, ਸਾਫ ਸਾਫ ਕਹੋ।" ਰਮਨ ਨੇ ਗੰਭੀਰਤਾ ਨਾਲ ਕਿਹਾ। "ਗੋਲ ਮੋਲ ਗੱਲਾਂ ਮੇਰੀ ਸਮਝ 'ਚ ਨਹੀਂ ਆਉਂਦੀਆਂ।"

"ਜ਼ਿਆਦਾ ਚਲਾਕ ਬਣਨ ਦੀ ਕੋਸ਼ਿਸ਼ ਨਾ ਕਰੋ," ਅੱਛਰੀ ਨੇ ਗੁੱਸੇ 'ਚ ਕਿਹਾ। "ਮੈਂ ਸਭ ਕੁੱਝ ਜਾਣਦੀ ਹਾਂ, ਤੁਹਾਡੇ ਮਜ਼ਾਕ ਕਰਨ 'ਤੇ ਗਲੋਰੀ ਖਿੜਖਿੜਾ ਕੇ ਹੱਸਦੀ ਹੈ ਅਤੇ ਤੁਸੀਂ ਉਸਨੂੰ ਕਿਸੇ ਨਾ ਕਿਸੇ ਤਰੀਕੇ ਆਪਣੇ ਕੋਲ ਬਲਾਉਣ ਦਾ ਬਹਾਨਾ ਬਣਾ ਹੀ ਲੈਂਦੇ ਹੋ।"

"ਤਾਂ ਉਸਨੂੰ ਨੌਕਰੀ ਤੋਂ ਕੱਢ ਕਿਉਂ ਨਹੀਂ ਦਿੰਦੀ ?" ਰਮਨ ਨੇ ਈਰਖਾ ਨਾਲ ਕਿਹਾ।

ਗਲੋਰੀ ਹਰ ਕੰਮ 'ਚ ਐਨੀ ਤੇਜ਼ ਸੀ ਕਿ ਉਸਨੂੰ ਨੌਕਰੀ ਤੋਂ ਕੱਢਣ ਦੀ ਹਿੰਮਤ ਅੱਛਰੀ 'ਚ ਨਹੀਂ ਸੀ। ਅਜਿਹਾ ਕਦਮ ਚੁੱਕਣ ਤੋਂ ਪਹਿਲਾਂ ਕਈ ਵਾਰ ਸੋਚਣਾ ਪੈਣਾ ਸੀ। ਬੱਸ ਮੁਸ਼ਕਿਲ ਇਹੀ ਸੀ ਕਿ ਜਿਸ ਸ਼ੰਕਾ ਨੇ ਅੱਛਰੀ ਦੇ ਮਨ 'ਚ ਜਨਮ ਲੈ ਲਿਆ ਸੀ, ਉਸ ਕਾਰਨ ਉਸਨੂੰ ਹਰਿਆਲੀ ਵਿਚ ਵੀ ਪੀਲਾ-ਪੀਲਾ ਹੀ ਨਜ਼ਰ ਆਉਂਦਾ ਸੀ। ਹੁਣ ਤਾਂ ਬੱਸ ਉਸਨੂੰ ਇੱਕ ਕੰਮ ਹੀ ਨਜ਼ਰ ਆ ਰਿਹਾ ਸੀ ਕਿ ਉਹ ਦੋਹਾਂ ਦੀਆਂ ਗਤੀਵਿਧੀਆਂ 'ਤੇ ਕਰੜੀ ਨਜ਼ਰ ਰੱਖੇ।

"ਇਹ ਵੀ ਕਰਕੇ ਦਿਖਾ ਦੇਵਾਂਗੀ......" ਅੱਛਰੀ ਨੇ ਕੜਵਾਹਟ ਨਾਲ ਕਿਹਾ। "ਮੈਂ ਇੰਨੀ ਮਜ਼ਬੂਰ ਵੀ ਨਹੀਂ ਹਾਂ।"

"ਮੇਰੀ ਹਮਦਰਦੀ ਤੇਰੇ ਨਾਲ ਹੈ।" ਰਮਨ ਨੇ ਵਿਅੰਗਮਈ ਹਾਸਾ ਹੱਸਦੇ ਹੋਏ ਕਿਹਾ।

ਅੱਛਰੀ ਕ੍ਰੋਧਿਤ ਨਜ਼ਰਾਂ ਨਾਲ ਦੇਖਦੀ ਰਹੀ।

ਦੁਪਹਿਰ ਨੂੰ ਥਕਾਵਟ ਜ਼ਿਆਦਾ ਸੀ ਤੇ ਸ਼ਾਇਦ ਤਣਾਓ ਵੀ। ਅੱਛਰੀ ਨੇ ਰਮਨ ਨੂੰ ਦਫਤਰ 'ਚ ਫੋਨ ਕੀਤਾ ਤਾਂ ਪਤਾ ਲੱਗਿਆ ਕਿ ਉਹ ਦਫਤਰ 'ਚ ਨਹੀਂ ਹੈ। ਸਵੇਰ ਤੋਂ ਕਿਸੇ ਕੰਮ 'ਚ ਗਏ ਹਨ। ਹਾਲੇ ਤੱਕ ਨਹੀਂ ਪਰਤੇ। ਇੱਕ ਸ਼ੰਕਾ ਨੇ ਅੱਛਰੀ ਦੇ ਦਿਮਾਗ 'ਚ ਜਨਮ ਲਿਆ ਤੇ ਉਹ ਛੁੱਟੀ ਲੈ ਕੇ ਆਟੋ ਰਿਕਸ਼ੇ 'ਤੇ ਘਰ ਵਾਪਸ ਆ ਗਈ।

ਗਲੋਰੀ ਨੇ ਹੈਰਾਨੀ ਨਾਲ ਪੁੱਛਿਆ, "ਮੈਡਮ ਤੁਸੀਂ ? ਤਬੀਅਤ ਤਾਂ ਠੀਕ ਹੈ ਨਾ ?"

"ਨਹੀਂ।" ਅੱਛਰੀ ਨੇ ਚਾਰੋਂ ਪਾਸੇ ਬੋਲਣ ਵਾਲੇ ਸਬੂਤ ਦੇਖਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, "ਥਕਾਵਟ ਹੈ, ਆਰਾਮ ਕਰਾਂਗੀ।"

"ਚਾਹ ਬਣਾਵਾਂ ਤੁਹਾਡੇ ਲਈ ?" ਗਲੋਰੀ ਨੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ, "ਹੁਣੇ ਹੀ ਸਿਰ ਦਰਦ ਦੀ ਗੋਲੀ ਲਿਆਉਂਦੀ ਹਾਂ।"

"ਠੀਕ ਹੈ।" ਕਹਿ ਕੇ ਅੱਛਰੀ ਨੇ ਸਾਰੇ ਕਮਰੇ ਦੇਖ ਲਏ ਪ੍ਰੰਤੂ ਕੋਈ ਸਬੂਤ ਨਾ ਮਿਲਿਆ ਤੇ ਫੇਰ ਉਹ ਗਲੋਰੀ ਦੇ ਪਿੱਛੇ ਹੀ ਰਸੋਈ ਵਿੱਚ ਚਲੀ ਗਈ। ਟ੍ਰੇਅ 'ਚ ਦੋ ਪਿਆਲੇ ਪਏ ਸਨ ਤੇ ਆਸਿਓਂ ਪਾਸਿਓਂ ਕੌਫ਼ੀ ਦੀ ਖੁਸ਼ਬੂ ਆ ਰਹੀ ਸੀ।

"ਕੋਈ ਆਇਆ ਸੀ ?" ਅੱਛਰੀ ਨੇ ਤਿੱਖੇ ਬੋਲਾਂ ਵਿੱਚ ਕਿਹਾ।

"ਨਹੀਂ ਜੀ।" ਗਲੋਰੀ ਨੇ ਹਿਚਕਿਚਾ ਕੇ ਕਿਹਾ।

"ਫਿਰ ਇਹ ਦੋ ਪਿਆਲੇ ਕਿਵੇਂ ?" ਅੱਛਰੀ ਨੇ ਪੁੱਛਿਆ, "ਕਿਸੇ ਨੂੰ ਤਾਂ ਕੌਫੀ ਪਿਆਈ ਹੋਵੇਗੀ ?"

"ਮਾਫ ਕਰਨਾ ਮੈਡਮ" ਗਲੋਰੀ ਨੇ ਦੁਖੀ ਹੋ ਕੇ ਕਿਹਾ, "ਮੇਰੀ ਦੋਸਤ ਰੂਬੀ ਆਈ ਸੀ, ਉਸ ਲਈ ਕੌਫੀ ਬਣਾਈ ਸੀ.....ਅਗਾਂਹ ਤੋਂ ਅਜਿਹਾ ਨਹੀਂ ਹੋਵੇਗਾ।"

"ਨਹੀਂ, ਨਹੀਂ," ਅੱਛਰੀ ਨੇ ਤੁਰੰਤ ਕਿਹਾ, "ਮੇਰਾ ਮਤਲਬ ਇਹ ਨਹੀਂ ਸੀ.....ਰੂਬੀ ਆਵੇ ਜਾਂ ਕੋਈ ਹੋਰ ਦੋਸਤ, ਉਸ ਦੀ ਚੰਗੀ ਤਰ੍ਹਾਂ ਮਹਿਮਾਨ ਨਿਵਾਜੀ ਕਰੋ।"

"ਜੀ ਮੈਡਮ।" ਗਲੋਰੀ ਨੇ ਰਾਹਤ ਮਹਿਸੂਸ ਕਰਦੇ ਹੋਏ ਕਿਹਾ, "ਧੰਨਵਾਦ, ਤੁਸੀਂ ਬਹੁਤ ਚੰਗੇ ਹੋ।"

ਅੱਛਰੀ ਨੂੰ ਗਲੋਰੀ ਦੀ ਗੱਲ 'ਤੇ ਵਿਸ਼ਵਾਸ ਨਾ ਹੋਇਆ। ਉਹ ਸੋਚਣ ਲੱਗੀ, ਜ਼ਰੂਰ ਝੂਠ ਬੋਲ ਰਹੀ ਹੈ। ਰਮਨ ਆਇਆ ਹੋਵੇਗਾ। ਜੇਕਰ ਜਲਦੀ ਘਰ ਆ ਜਾਂਦੀ ਤਾਂ ਦੋਹਾਂ ਨੂੰ ਫੜ੍ਹ ਲੈਂਦੀ। ਕੋਈ ਗੱਲ ਨਹੀਂ, ਫਿਰ ਮੌਕਾ ਮਿਲੇਗਾ ਤੇ ਫਿਰ ਉਹ ਜਾ ਕੇ ਲੇਟ ਗਈ। ਜਦ ਗਲੋਰੀ ਟ੍ਰੇਅ 'ਚ ਚਾਹ ਲੈ ਕੇ ਆਈ ਤਾਂ ਅੱਛਰੀ ਨੇ ਉਸ ਦੇ ਚਿਹਰੇ ਦੀ ਭਾਸ਼ਾ ਪੜ੍ਹਨ ਦਾ ਯਤਨ ਕੀਤਾ, ਪ੍ਰੰਤੂ ਸਲੇਟ ਇਕਦਮ ਸਾਫ ਸੀ।

ਇਸ ਤੋਂ ਬਾਅਦ ਅੱਛਰੀ ਦਾ ਇਹ ਨਿਯਮ ਜਿਹਾ ਬਣ ਗਿਆ। ਰਮਨ ਨੂੰ ਫੋਨ ਕਰਦੀ ਰਹਿੰਦੀ ਅਤੇ ਜਦ ਉਹ ਦਫ਼ਤਰ 'ਚ ਨਾ ਹੁੰਦਾ ਤਾਂ ਤੁਰੰਤ ਘਰ ਵੱਲ ਦੌੜਦੀ। ਰਮਨ ਤੇ ਗਲੋਰੀ ਨੂੰ ਰੰਗੇ ਹੱਥੀਂ ਫੜਨ ਦਾ ਉਸ ਦੇ ਸਿਰ 'ਤੇ ਜਨੂੰਨ ਜਿਹਾ ਸਵਾਰ ਹੋ ਚੁੱਕਾ ਸੀ। ਪ੍ਰੰਤੂ ਘਰ ਪਹੁੰਚਣ 'ਤੇ ਜਾਂ ਤਾਂ ਕੁਝ ਨਾ ਮਿਲਦਾ ਜਾਂ ਸਬੂਤ ਦੇ ਤੌਰ 'ਤੇ ਦੋ ਖਾਲੀ ਪਿਆਲੇ।

ਇੱਕ ਦਿਨ ਅਚਾਨਕ ਘਰ ਪਹੁੰਚਣ ਦੇ ਬਾਅਦ ਅੱਛਰੀ ਨੇ ਗਲੋਰੀ ਨੂੰ ਕਿਹਾ, "ਲੱਗਦਾ ਹੈ ਰੂਬੀ ਕੁਝ ਜ਼ਿਆਦਾ ਹੀ ਆ ਰਹੀ ਹੈ ਅੱਜ ਕੱਲ੍ਹ।"

"ਜੀ ਮੈਡਮ।" ਗਲੋਰੀ ਨੇ ਹੱਸ ਕੇ ਕਿਹਾ, "ਸ਼ਾਦੀ ਦਾ ਦਿਨ ਨਜ਼ਦੀਕ ਹੈ ਨਾ.....ਬਹੁਤ ਜੋਸ਼ ਵਿੱਚ ਹੈ। ਸਲਾਹ ਕਰਨ ਅਤੇ ਖਰੀਦਦਾਰੀ ਦੇ ਲਈ ਆ ਜਾਂਦੀ ਹੈ.....ਵੈਸੇ ਮੈਂ ਮਨ੍ਹਾਂ ਕਰ ਦਿਆਂਗੀ।"

"ਨਹੀਂ, ਨਹੀਂ ਮੇਰਾ ਮਤਲਬ ਇਹ ਨਹੀਂ ਸੀ। ਇੱਕ ਦਿਨ ਮੇਰੇ ਨਾਲ ਵੀ ਮਿਲਵਾਓ।"

ਅੱਛਰੀ ਨੂੰ ਗਲੋਰੀ ਦੀ ਗੱਲ 'ਚੋਂ ਝੂਠ ਸਾਫ ਝਲਕਦਾ ਦਿਖਾਈ ਦੇ ਰਿਹਾ ਸੀ। 'ਜੇਕਰ ਰੂਬੀ ਹੀ ਆਉਂਦੀ ਹੈ ਤਾਂ ਅਜਿਹੇ ਹੀ ਸਮੇਂ ਕਿਉਂ ਆਉਂਦੀ ਹੈ ਜਦ ਉਹ ਘਰ ਨਹੀਂ ਹੁੰਦੀ। ਜੇਕਰ ਰੂਬੀ ਮਿਲ ਗਈ ਤਾਂ ਸਭ ਕੁੱਝ ਸੱਚ ਬੁਲਵਾ ਲਵਾਂਗੀ।" ਉਹ ਸੋਚਣ ਲੱਗੀ।

"ਕਿਉਂ ?" ਰਮਨ ਨੇ ਇੰਨੇ ਨੂੰ ਆ ਕੇ ਪੁੱਛਿਆ। "ਇੱਥੇ ਕੀ ਗੜਬੜੀ ਚੱਲ ਰਹੀ ਹੈ?'

"ਨਹੀਂ ਤਾਂ, "ਅੱਛਰੀ ਨੇ ਕਿਹਾ, "ਕੁੱਝ ਵੀ ਨਹੀਂ।



"ਤੂੰ ਅੱਜਕੱਲ੍ਹ ਕੁੱਝ ਜ਼ਿਆਦਾ ਹੀ ਤਣਾਓ ਵਿੱਚ ਰਹਿਣ ਲੱਗ ਪਈ ਹੈਂ। " ਰਮਨ ਨੇ ਕਿਹਾ।

"ਹੋ ਜਾਂਦਾ ਹੈ ਕਦੀ ਕਦੀ।" ਅੱਛਰੀ ਨੇ ਗੱਲ ਨੂੰ ਮੱਖੀ ਦੀ ਤਰ੍ਹਾਂ ਉਡਾਉਂਦੇ ਹੋਏ ਕਿਹਾ।

"ਕਦੀ ਕਦੀ ਹਰ ਇਨਸਾਨ ਦੀ ਜ਼ਿੰਦਗੀ ਵਿੱਚ ਅਜਿਹਾ ਸਮਾਂ ਆਉਂਦਾ ਹੈ ਜਦ ਉਹ ਬਿਨਾਂ ਗੱਲ ਤੋਂ ਉਦਾਸ ਹੋ ਜਾਂਦਾ ਹੈ।"

"ਬੜੀ ਅਜੀਬ ਗੱਲ ਹੈ।" ਰਮਨ ਨੇ ਹੱਸ ਕੇ ਕਿਹਾ।

"ਮੇਰੇ ਨਾਲੋਂ ਬਿਲਕੁਲ ਉਲਟ ਹੈ। ਅੱਜ ਕੱਲ੍ਹ ਮੈਨੂੰ ਸਭ ਕੁੱਝ ਚੰਗਾ ਲੱਗਦਾ ਹੈ। ਹਮੇਸ਼ਾ ਹੱਸਦੇ ਰਹਿਣ ਨੂੰ ਦਿਲ ਕਰਦਾ ਰਹਿੰਦਾ ਹੈ।"

"ਮੈਨੂੰ ਪਤਾ ਹੈ" ਅੱਛਰੀ ਨੇ ਧੀਮੀ ਆਵਾਜ਼ ਵਿੱਚ ਕਿਹਾ, 'ਅਤੇ ਕਾਰਨ ਵੀ ਜਾਣਦੀ ਹਾਂ ਮੈਂ।"

"ਕੀ ਕਿਹਾ ?" ਰਮਨ ਨੂੰ ਠੀਕ ਤਰ੍ਹਾਂ ਨਾਲ ਨਹੀਂ ਸੁਣਿਆ ਸੀ।

"ਕੁੱਝ ਨਹੀਂ, " ਅੱਛਰੀ ਚੁੱਪ ਹੋ ਗਈ।

ਰਮਨ ਉਸਨੂੰ ਹੈਰਾਨੀ ਨਾਲ ਦੇਖਦਾ ਰਿਹਾ।

ਇੱਕ ਦਿਨ ਰਮਨ ਨੇ ਕਿਹਾ, "ਅੱਜ ਮੈਂ ਜਲਦੀ ਜਾਣਾ ਹੈ ਅਤੇ ਸ਼ਾਇਦ ਆਉਣ ਵਿੱਚ ਦੇਰ ਹੋ ਜਾਵੇਗੀ।"

"ਕਿਉਂ ?" ਅੱਛਰੀ ਦੇ ਕੰਨ ਖੜੇ ਹੋ ਗਏ।

"ਦਫ਼ਤਰ ਦੇ ਨਿਰਯਾਤ ਵਿਭਾਗ ਦੀ ਇੱਕ ਜ਼ਰੂਰੀ ਮੀਟਿੰਗ ਹੈ।" ਰਮਨ ਨੇ ਕਾਗਜ਼ ਸੰਭਾਲਦੇ ਹੋਏ ਕਿਹਾ।

ਗਲੋਰੀ ਨਾਸ਼ਤਾ ਬਣਾ ਕੇ ਮੇਜ਼ 'ਤੇ ਰੱਖ ਰਹੀ ਸੀ। ਅੱਛਰੀ ਨੇ ਸੁਣਾਉਂਦੇ ਹੋਏ ਕਿਹਾ, "ਅੱਜ ਤਾਂ ਸ਼ਾਇਦ ਮੈਨੂੰ ਵੀ ਦੇਰ ਹੋ ਸਕਦੀ ਹੈ।"

"ਕਿਉਂ ?" ਰਮਨ ਨੇ ਸਿਰ ਚੁੱਕ ਕੇ ਪੁੱਛਿਆ।

"ਆਡਿਟ ਚੱਲ ਰਿਹਾ ਹੈ," ਅੱਛਰੀ ਨੇ ਕਿਹਾ। "ਬਾਹਰ ਦੇ ਲੋਕ ਹਨ, ਬਹੁਤ ਤੰਗ ਕਰਦੇ ਹਨ।"

"ਮੈਨੂੰ ਪਤਾ ਹੈ" ਰਮਨ ਨੇ ਬ੍ਰੀਫ ਕੇਸ ਬੰਦ ਕਰਦੇ ਹੋਏ ਕਿਹਾ।

ਅੱਛਰੀ ਨੇ ਮਹਿਸੂਸ ਕੀਤਾ ਕਿ ਗਲੋਰੀ ਤੋਂ ਇਹ ਖੁਸ਼ੀ ਲੁਕੋਈ ਨਹੀਂ ਜਾ ਰਹੀ। ਉਹ ਸਮਝ ਗਈ ਕਿ ਅੱਜ ਜ਼ਰੂਰ ਕੁੱਝ ਹੋਣ ਵਾਲਾ ਹੈ।

ਦਫ਼ਤਰ ਵਿੱਚ ਉਹ ਕੁੱਝ ਦੇਰ ਕੰਮ ਵਿੱਚ ਮਗਨ ਰਹੀ, ਸਮਾਂ ਮਿਲਦੇ ਸਾਰ ਹੀ ਉਸ ਨੇ ਰਮਨ ਨੂੰ ਫੋਨ ਕੀਤਾ। ਇਹ ਤਾਂ ਪਤਾ ਹੀ ਸੀ ਕਿ ਉਹ ਉਥੇ ਨਹੀਂ ਹੋਵੇਗਾ ਪਰ ਫਿਰ ਵੀ ਪੁਸ਼ਟੀ ਕਰਨਾ ਜ਼ਰੂਰੀ ਸੀ। 12 ਵੱਜਣ ਸਾਰ ਹੀ ਉਹ ਆਗਿਆ ਲੈ ਕੇ ਬਾਹਰ ਆ ਗਈ। ਹੋਣ ਵਾਲੀ ਘਟਨਾ ਉਸ ਦੇ ਦਿਲ ਅਤੇ ਦਿਮਾਗ 'ਤੇ ਪੂਰੀ ਤਰ੍ਹਾਂ ਛਾਈ ਹੋਈ ਸੀ।

ਗਲੋਰੀ ਨੇ ਦਰਵਾਜ਼ਾ ਖੋਲ੍ਹਿਆ। ਅੱਛਰੀ ਨੂੰ ਦੇਖਦੇ ਹੀ ਉਹ ਘਬਰਾ ਗਈ, "ਮੈਡਮ ਤੁਸੀਂ ? ਤੁਸੀਂ ਤਾਂ ਦੇਰ ਨਾਲ ਆਉਣਾ ਸੀ।"

"ਕਿਉਂ, ਕੀ ਮੈਂ ਜਲਦੀ ਨਹੀਂ ਆ ਸਕਦੀ ?" ਅੱਛਰੀ ਨੇ ਚਿਤਾਵਨੀ ਦੇ

ਰੂਪ 'ਚ ਪੁੱਛਿਆ ਤੇ ਫਿਰ ਕਿਹਾ, "ਇੱਕ ਫਾਈਲ ਘਰ ਭੁੱਲ ਗਈ ਸੀ।"

ਗਲੋਰੀ ਹੱਕੀ-ਬੱਕੀ ਖੜ੍ਹੀ ਸੀ।

"ਹੁਣ ਅੰਦਰ ਵੀ ਜਾਣ ਦੇਵੇਂਗੀਂ ਕਿ ਨਹੀਂ ?" ਅੱਛਰੀ ਨੇ ਉਸ ਦਾ ਧਿਆਨ ਖਿੱਚਿਆ।

"ਓਹ ਮਾਫ ਕਰਨਾ" ਗਲੋਰੀ ਨੇ ਕਿਹਾ ਅਤੇ ਰਸਤੇ ਵਿੱਚੋਂ ਪਾਸੇ ਹਟ ਗਈ।

ਅੱਛਰੀ ਦੀ ਨਜ਼ਰ ਡਰਾਇੰਗ ਰੂਮ ਦੇ ਸੋਫੇ 'ਤੇ ਪਈ। ਇੱਕ ਸਮਾਰਟ ਜਿਹਾ ਲੜਕਾ ਬੈਠਾ ਸੀ। ਉਹ ਰਮਨ ਨਹੀਂ ਸੀ। ਉਹ ਅੱਛਰੀ ਨੂੰ ਦੇਖਦੇ ਹੀ ਅਦਬ ਨਾਲ ਉਠ ਕੇ ਖੜਾ ਹੋ ਗਿਆ।

ਗਲੋਰੀ ਨੇ ਲੜਖੜਾਉਂਦੇ ਹੋਏ ਕਿਹਾ, "ਮੈਡਮ, ਇਹ ਸੁਨੀਲ ਹੈ, ਮੇਰਾ ਦੋਸਤ।"

"ਓਹ", ਅੱਛਰੀ ਨੇ ਵਿਅੰਗ 'ਚ ਕਿਹਾ, "ਤਾਂ ਇਹੀ ਉਹ ਰੂਬੀ ਹੈ ?"

"ਮਾਫ ਕਰਨਾ ਮੈਡਮ," ਗਲੋਰੀ ਨੇ ਸ਼ਰਮਿੰਦਗੀ ਮਹਿਸੂਸ ਕਰਦੇ ਹੋਏ ਕਿਹਾ, "ਮੈਥੋਂ ਤੁਹਾਨੂੰ ਸੱਚ ਦੱਸਣ ਦਾ ਹੌਂਸਲਾ ਨਹੀਂ ਹੋ ਰਿਹਾ ਸੀ......ਤੁਹਾਨੂੰ ਚੰਗਾ ਨਹੀਂ ਲੱਗੇਗਾ......ਤੁਸੀਂ ਨਰਾਜ਼ ਵੀ ਹੋ ਸਕਦੇ ਸੀ। ਇਸੇ ਲਈ ਸੱਚ ਕਹਿਣ ਦੀ ਹਿੰਮਤ ਨਹੀਂ ਹੋ ਰਹੀ ਸੀ, ਕੀ ਹੁਣ ਤੁਸੀਂ ਮੈਨੂੰ ਮਾਫ਼ ਕਰ ਦੇਵੋਗੇ ?"

ਗਲੋਰੀ ਕਹੀ ਜਾ ਰਹੀ ਸੀ ਪਰ ਅੱਛਰੀ ਸੁਣ ਨਹੀਂ ਰਹੀ ਸੀ, ਉਹ ਤਾਂ ਚੁੱਪਚਾਪ ਹੋਰਨਾਂ ਸੋਚਾਂ ਵਿੱਚ ਡੁੱਬੀ ਖੜ੍ਹੀ ਸੀ। ਕਿੱਥੇ ਰਮਨ ਨੂੰ ਰੰਗੇ ਹੱਥੀਂ ਫੜਨ ਦੀ ਤੀਬਰ ਲਾਲਸਾ ਅਤੇ ਕਿੱਥੇ ਸੁਨੀਲ ਗਲੋਰੀ ਦਾ ਮਿੱਤਰ। ਸ਼ਾਇਦ ਇਹੀ ਅੰਦਰੂਨੀ ਰਾਜ ਸੀ ਗਲੋਰੀ ਦੇ ਗੁਣਗਣਾਉਣ ਦਾ। ਮੈਡਮ, ਸੁਨੀਲ ਨੇ ਅੱਛਰੀ ਦਾ ਧਿਆਨ ਖਿੱਚਿਆ।

ਗਲਤੀ ਮੇਰੀ ਹੈ, ਵੈਸੇ ਮੈਂ ਤੁਹਾਨੂੰ ਮਿਲਣਾ ਚਾਹੁੰਦਾ ਸੀ।

"ਕਿਉਂ ?" ਅੱਛਰੀ ਨੇ ਤਿੱਖੇ ਬੋਲਾਂ 'ਚ ਕਿਹਾ।

"ਮੈਂ ਤੁਹਾਡੀ ਆਗਿਆ ਚਾਹੁੰਦਾ ਸੀ, ਗਲੋਰੀ ਨਾਲ ਸ਼ਾਦੀ ਕਰਵਾਉਣ ਦੀ।" ਸੁਨੀਲ ਨੇ ਸ਼ਰਮਾਉਂਦੇ ਹੋਏ ਕਿਹਾ। "ਉਮੀਦ ਹੈ ਤੁਸੀਂ ਮਨ੍ਹਾ ਨਹੀਂ ਕਰੋਗੇ।"

ਅੱਛਰੀ ਹੁਣ ਸਭ ਕੁੱਝ ਸਮਝ ਚੁੱਕੀ ਸੀ। ਦਿਲ ਉੱਪਰ ਜੋ ਭਾਰੀ ਬੋਝ ਸੀ, ਉਹ ਲੱਥ ਚੁੱਕਾ ਸੀ। ਉਹਦੇ ਚਿਹਰੇ 'ਤੇ ਅਜੀਬ ਜਿਹੇ ਹਾਸੇ ਦੀ ਸਥਿਤੀ ਸੀ।

ਸ਼ਰਾਰਤ ਨਾਲ ਹੱਸ ਕੇ ਬੋਲੀ, "ਮਨ੍ਹਾ ਵੀ ਕਰ ਸਕਦੀ ਹਾਂ......ਪਹਿਲਾਂ ਤੇਰੇ ਬਾਰੇ ਜਾਨਣਾ ਚਾਹੁੰਦੀ ਹਾਂ, ਪ੍ਰੰਤੂ ਤੈਨੂੰ ਸਾਡੇ ਸਾਹਿਬ ਦੇ ਅੱਗੇ ਪੇਸ਼ ਹੋਣਾ ਪਵੇਗਾ।"

"ਜੀ", ਸੁਨੀਲ ਨੇ ਕਿਹਾ, "ਤੁਸੀਂ ਜਦ ਚਾਹੋ।"

"ਅਤੇ ਗਲੋਰੀ", ਅੱਛਰੀ ਨੇ ਚਿੰਤਤ ਬੋਲਾਂ ਵਿੱਚ ਕਿਹਾ, "ਸ਼ਾਦੀ ਤੋਂ ਬਾਅਦ ਕੰਮ ਛੱਡ ਦੇਵੇਗੀ ?"

"ਨਹੀਂ, ਕਦੀ ਨਹੀਂ ਮੈਡਮ", ਗਲੋਰੀ ਨੇ ਉਤਸ਼ਾਹ ਨਾਲ ਕਿਹਾ, "ਤੁਸੀਂ ਵੀ ਤਾਂ ਸ਼ਾਦੀ ਤੋਂ ਬਾਅਦ ਕੰਮ ਕਰ ਹੀ ਰਹੇ ਹੋ।"

ਅੱਛਰੀ ਮੁਸਕਰਾਈ, "ਹਾਂ, ਇਹ ਤਾਂ ਹੈ ਹੀ।"

"ਵੈਸੇ ਇੱਕ ਗੱਲ ਹੈ ਮੈਡਮ", ਗਲੋਰੀ ਨੇ ਸ਼ਰਮੀਲੀ ਮੁਸਕਾਨ ਵਿੱਚ ਕਿਹਾ,



"ਮੇਰੀ ਘਰ ਦੀ ਸਮੱਸਿਆ ਹੱਲ ਹੋ ਜਾਵੇਗੀ......ਤੁਹਾਨੂੰ ਤੰਗ ਨਹੀਂ ਕਰਾਂਗੀ।"

ਅੱਛਰੀ ਹੱਸ ਪਈ। ਗੱਲ ਕਿੰਨੀ ਸਹੀ ਸੀ ਅਤੇ ਕਿੰਨੇ ਮਾਸੂਮ ਲਹਿਜੇ ਨਾਲ ਕਹੀ ਸੀ।

ਸ਼ਾਮ ਨੂੰ ਘਰ ਆਏ ਰਮਨ ਨੂੰ ਅੱਛਰੀ ਨੇ ਸਾਰੀ ਗੱਲ ਸੱਚ ਸੱਚ ਦੱਸ ਦਿੱਤੀ। ਝੂਠ ਦੇ ਸਹਾਰੇ ਸ਼ਾਇਦ ਜੀਵਨ ਦੁੱਭਰ ਹੋ ਜਾਂਦਾ।

"ਇਥੇ ਇਹ ਗੱਲ ਤਾਂ ਸਾਬਤ ਹੋ ਗਈ", ਰਮਨ ਨੇ ਖਿੜਖਿੜਾ ਕੇ ਕਿਹਾ।

"ਕੀ ?" ਅੱਛਰੀ ਨੇ ਹੈਰਾਨ ਹੋ ਕੇ ਪੁੱਛਿਆ।

"ਇਹ ਕਿ ਤੇਰੇ ਦਿਲ ਵਿੱਚ ਮੇਰੇ ਲਈ ਥੋੜ੍ਹੀ ਜਿਹੀ ਤਾਂ ਜਗ੍ਹਾ ਹੈ", ਰਮਨ ਨੇ ਰਹੱਸਮਈ ਵਿਅੰਗ ਨਾਲ ਕਿਹਾ।

"ਇਹ ਕਿਸ ਤਰ੍ਹਾਂ ਪਤਾ ਲੱਗਾ ?" ਅੱਛਰੀ ਨੇ ਪੁੱਛਿਆ।

"ਪਿਆਰ ਦੀ ਪਹਿਲੀ ਨਿਸ਼ਾਨੀ ਈਰਖਾ ਹੀ ਹੁੰਦੀ ਹੈ।" ਰਮਨ ਨੇ ਹੱਸ ਕੇ ਕਿਹਾ, "ਅਤੇ ਤੈਨੂੰ ਪਤਨੀ ਨੰਬਰ ਦੋ ਤੋਂ ਈਰਖਾ ਤਾਂ ਹੋਈ, ਹੋਈ ਨਾ.... ?"

"ਤੁਸੀਂ ਬਹੁਤ ਸ਼ੈਤਾਨ ਹੋ", ਅੱਛਰੀ ਨੇ ਪਿਆਰ ਨਾਲ ਹੱਥ ਚੁੱਕਦੇ ਹੋਏ ਕਿਹਾ, "ਅਤੇ ਬੇਈਮਾਨ ਵੀ।"

"ਰਸੋਈ ਵੱਲ ਅੱਛਰੀ ਨੂੰ ਜਾਂਦੀ ਹੋਈ ਦੇਖ ਕੇ ਰਮਨ ਨੇ ਕਿਹਾ, "ਕਿਉਂ, ਗਲੋਰੀ ਕਿਥੇ ਹੈ ?"

"ਅੱਜ ਮੈਂ ਉਸ ਨੂੰ ਛੁੱਟੀ ਦੇ ਦਿੱਤੀ ਹੈ, ਸੁਨੀਲ ਨਾਲ ਫ਼ਿਲਮ ਦੇਖਣ ਗਈ ਹੈ।"

ਅੱਛਰੀ ਨੇ ਮੇਜ 'ਤੇ ਖਾਣਾ ਲਗਾ ਦਿੱਤਾ। ਆਲੂ ਮਟਰ ਦੀ ਸਬਜ਼ੀ ਅਤੇ ਪਰੌਂਠੇ। ਰਮਨ ਮੁਸਕਰਾਉਂਦੇ ਹੋਏ ਖਾਣਾ ਖਾਣ ਲੱਗਾ। ਫਿਰ ਇੱਕ ਦਮ ਅੱਛਰੀ ਨੂੰ ਆਪਣੇ ਵੱਲ ਆਉਂਦੇ ਹੋਏ ਰਮਨ ਨੇ ਪੁੱਛਿਆ, "ਕੀ ਗੱਲ ਹੈ ? ਇੰਝ ਕਿਉਂ ਦੇਖ ਰਹੀ ਹੈ।"

"ਦੇਖ ਰਹੀ ਹਾਂ ਕਿ ਤੁਸੀਂ ਮੈਨੂੰ ਕਿੰਨਾ ਪਿਆਰ ਕਰਦੇ ਹੋ ?" ਅੱਛਰੀ ਨੇ ਕਿਹਾ।

"ਇਹ ਤੈਨੂੰ ਕਿਸ ਤਰ੍ਹਾਂ ਪਤਾ ਲੱਗਾ ?" ਰਮਨ ਨੇ ਹੈਰਾਨੀ ਨਾਲ ਪੁੱਛਿਆ।

"ਮੈਂ ਸਬਜ਼ੀ ਵਿੱਚ ਨਮਕ ਨਹੀਂ ਪਾਇਆ ਅੱਛਰੀ ਨੇ ਹੱਸ ਕੇ ਕਿਹਾ, "ਅਤੇ ਤੁਸੀਂ ਸ਼ਿਕਾਇਤ ਵੀ ਨਹੀਂ ਕੀਤੀ।"

ਇਸ ਗੱਲ 'ਤੇ ਦੋਨੋਂ ਖਿੜ ਖਿੜਾ ਕੇ ਹੱਸ ਗਏ। ਇੰਨੇ ਨੂੰ ਸੁਨੀਲ ਤੇ ਗਲੋਰੀ ਨੇ ਵੀ ਘਰ 'ਚ ਪ੍ਰਵੇਸ਼ ਕਰ ਲਿਆ।

# ਸੋਕਾ

### - ਮੋਹਨ ਵਰਮਾ 'ਮੁਕਤ'

ਕਮਲੀ ਨੂੰ ਤੇਜ਼ ਚੱਕਰ ਜਿਹਾ ਆ ਗਿਆ ਸੀ ਅਤੇ ਉਸਨੂੰ ਆਪਣੇ ਆਲੇ-ਦੁਆਲੇ ਸ਼ੋਰ-ਸ਼ਰਾਬੇ ਨਾਲ ਭਰਿਆ ਸਾਰਾ ਮਾਹੌਲ ਗੋਲ-ਗੋਲ ਘੁੰਮਦਾ ਹੋਇਆ ਮਹਿਸੂਸ ਹੋਣ ਲੱਗਾ। ਭੀੜ ਵਿੱਚ ਕਿਸੇ ਨੇ ਉਸਨੂੰ ਜ਼ੋਰ ਦੀ ਕੂਹਣੀ ਮਾਰ ਦਿੱਤੀ ਸੀ।

ਆਪਣੇ ਘੜੇ ਉਪਰੋਂ ਉਸਦੀ ਪਕੜ ਥੋੜੀ ਜਿਹੀ ਢਿੱਲੀ ਪੈ ਗਈ ਸੀ। ਹੁਣ ਉਸ ਭੀੜ ਵਿੱਚ ਜ਼ਿਆਦਾ ਦੇਰ ਹੋਰ ਖੜੇ ਰਹਿਣਾ ਅਸੰਭਵ ਸੀ। ਉਸਨੇ ਕਿਸੇ ਤਰ੍ਹਾਂ ਉਥੋਂ ਨਿਕਲਣ ਦੀ ਕੋਸ਼ਿਸ਼ ਕੀਤੀ।

ਉਹ ਬਾਹਰ ਨਿਕਲ ਆਈ ਪਰ ਉਸਦਾ ਟਾਕੀਆਂ ਲੱਗਾ ਬਲਾਊਜ਼ ਅਤੇ ਸਾੜ੍ਹੀ ਕਈ ਥਾਵਾਂ ਤੋਂ ਫਟ ਗਈ। ਪੈਰਾਂ ਦੀਆਂ ਉਂਗਲਾਂ ਲੋਕਾਂ ਦੇ ਪੈਰਾਂ ਥੱਲੇ ਆ ਕੇ ਕੁਚਲੀਆਂ ਗਈਆਂ ਸਨ। ਭੀੜ ਤੋਂ ਬਾਹਰ ਆਉਂਦਿਆਂ ਹੀ ਉਸਨੇ ਖੁੱਲ੍ਹੀ ਹਵਾ ਵਿੱਚ ਹੰਭਦੇ ਹੋਏ ਕਈ ਲੰਬੇ-ਲੰਬੇ ਸਾਹ ਲਏ ਅਤੇ ਉਥੇ ਹੀ ਜ਼ਮੀਨ 'ਤੇ ਬੈਠ ਗਈ।

ਉਹ ਪਲਕਾਂ ਝਪਕਾ ਕੇ ਉਸ ਭੀੜ ਨੂੰ ਦੇਖਦੀ ਰਹੀ, ਜਿਸ ਵਿੱਚ ਲੋਕ ਇੱਕ ਦੂਸਰੇ ਉੱਪਰ ਚੜ੍ਹੇ ਜਾ ਰਹੇ ਸਨ ਤੇ ਡਿੱਗ ਰਹੇ ਸਨ। ਬਰਤਨਾਂ ਦੀ ਖੜਖੜਾਹਟ ਦੇ ਨਾਲ ਤੇਜ਼ ਸ਼ੋਰ ਉੱਭਰ ਰਿਹਾ ਸੀ। ਉਸਨੇ ਆਪਣੇ ਸੁੱਕੇ, ਪਾਪੜੀਦਾਰ ਬੁੱਲਾਂ ਉੱਪਰ ਜੀਭ ਫੇਰੀ ਅਤੇ ਆਪਣੇ ਕੋਲ ਪਏ ਖਾਲੀ ਘੜੇ ਨੂੰ ਬੇਜ਼ਾਰ ਨਜ਼ਰਾਂ ਨਾਲ ਦੇਖਿਆ। ਹੁਣ ਇਸ ਭੀੜ ਵਿੱਚੋਂ ਪਾਣੀ ਲੈ ਸਕਣਾ ਉਸਦੇ ਵੱਸ ਦੀ ਗੱਲ ਨਹੀਂ ਰਹੀ ਸੀ। ਜਦ ਤੱਕ ਭੀੜ ਖਤਮ ਹੋਵੇਗੀ ਤਦ ਤੱਕ ਤਾਂ ਪਾਣੀ ਵੀ ਖਤਮ ਹੋ ਚੁੱਕਾ ਹੋਵੇਗਾ, ਕਮਲੀ ਦਾ ਕਲੇਜਾ ਇਹ ਸੋਚ ਕੇ ਕੰਬ ਉਠਿਆ ਕਿ ਇਸ ਵਕਤ ਵੀ ਖਾਲੀ ਘੜਾ ਲੈ ਹੀ ਉਸ ਨੂੰ ਵਾਪਸ ਪਰਤਣਾ ਪਵੇਗਾ। ਆਪਣੇ ਪਿੰਡ ਵਿਚਲਾ ਘਰ ਵੀ ਉਥੋਂ ਦੋ ਮੀਲ ਤੋਂ ਘੱਟ ਨਹੀਂ ਸੀ।

ਕਮਲੀ ਨੂੰ ਯਾਦ ਆਇਆ ਕਿ ਘਰ ਵਿੱਚ ਪਾਣੀ ਦੀ ਇੱਕ ਬੂੰਦ ਵੀ ਨਹੀਂ ਬਚੀ ਸੀ। ਆਪਣੇ ਬੀਮਾਰ ਪਤੀ ਰਾਘਵ ਦੀ ਹਾਲਤ ਯਾਦ ਆਉਂਦੇ ਹੀ ਕਮਲੀ ਦੀਆਂ ਅੱਖਾਂ ਵਿੱਚ ਨਮੀ ਆ ਗਈ। ਉਸਨੇ ਉੱਪਰ ਅਕਾਸ਼ ਵੱਲ ਵੇਖਿਆ। ਸਾਫ ਨੀਲਾ ਅਕਾਸ਼ ਸ਼ਾਮ ਢਲਣ ਦੇ ਨਾਲ ਸੰਧੂਰੀ ਹੁੰਦਾ ਜਾ ਰਿਹਾ ਸੀ।

ਘਰ ਜਾਣ ਲਈ ਦੋ ਮੀਲ ਦਾ ਸਫਰ ਤੈਅ ਕਰ ਸਕਣਾ ਉਸਨੂੰ ਬਹੁਤ ਮੁਸ਼ਕਿਲ ਹੋ ਰਿਹਾ ਸੀ। ਘੜਾ ਭਰਨ ਲਈ ਪਾਣੀ ਮਿਲ ਗਿਆ ਹੁੰਦਾ ਤਾਂ ਬੋਝ ਵਧ ਜਾਣ ਦੇ ਬਾਵਜੂਦ ਵੀ ਸਫ਼ਰ ਕਰਨਾ ਅਸਾਨ ਹੋ ਗਿਆ ਹੁੰਦਾ। ਹੁਣ ਉਹ ਘਰ ਜਾ ਕੇ ਕੀ ਕਰੇਗੀ ? ਉਸ ਦੇ ਦੋਨੋਂ ਬੱਚੇ ਅਤੇ ਪਤੀ ਬੇਸਬਰੀ ਨਾਲ ਉਸ ਦਾ ਇੰਤਜ਼ਾਰ ਕਰ ਰਹੇ ਹੋਣਗੇ।

ਉਹ ਦੁਪਹਿਰ ਵੇਲੇ ਵੀ ਆਈ ਸੀ, ਤਿੱਖੀ ਧੁੱਪ ਵਿੱਚ। ਉਸ ਸਮੇਂ ਦੋ ਟੈਂਕਰ ਆਏ ਸਨ, ਪਰ ਉਸ ਵੇਲੇ ਵੀ ਇੰਝ ਹੀ ਮਾਰਾਮਾਰੀ ਮੱਚੀ ਹੋਈ ਸੀ ਤੇ ਕਮਲੀ ਨੂੰ



ਵਾਪਸ ਪਰਤਣਾ ਪਿਆ ਸੀ। ਉਸ ਵਕਤ ਉਹ ਸਭ ਨੂੰ ਦਿਲਾਸਾ ਦੇ ਕੇ ਆਈ ਸੀ ਕਿ ਸ਼ਾਮ ਨੂੰ ਚਾਹੇ ਜਿਵੇਂ ਮਰਜ਼ੀ ਹੋਵੇ, ਉਹ ਪਾਣੀ ਲਏ ਬਿਨਾਂ ਹਰਗਿਜ਼ ਨਹੀਂ ਆਵੇਗੀ।

ਇਹ ਸੁਣਦੇ ਹੀ ਰਾਘਵ ਨੇ ਜਿਸ ਤਰ੍ਹਾਂ ਦੀਆਂ ਨਜ਼ਰਾਂ ਨਾਲ ਕਮਲੀ ਨੂੰ ਤੱਕਿਆ ਸੀ, ਉਨ੍ਹਾਂ ਨਜ਼ਰਾਂ ਵਿੱਚੋਂ ਉਪਜੇ ਭਾਵਾਂ ਨੂੰ ਦੇਖ ਕੇ ਕਮਲੀ ਦੀਆਂ ਅੱਖਾਂ ਆਪਣੇ-ਆਪ ਹੀ ਭਿੱਜ ਗਈਆਂ ਸਨ। ਉਸਨੇ ਚਿਹਰਾ ਘੁਮਾ ਕੇ ਹੌਲੀ ਜਿਹੇ ਕਿਹਾ ਸੀ, "ਤੁਸੀਂ ਪ੍ਰੇਸ਼ਾਨ ਕਿਉਂ ਹੁੰਦੇ ਹੋ ? ਸਾਰੇ ਦਿਨ ਇਕੋ ਜਿਹੇ ਨਹੀਂ ਰਹਿੰਦੇ। ਤੁਸੀਂ ਵੀ ਜਲਦੀ ਠੀਕ ਹੋ ਜਾਵੋਗੇ ਅਤੇ ਇਹ ਕੁਦਰਤ ਵੀ, ਜੋ ਸਾਡੇ ਨਾਲ ਰੁੱਸੀ ਹੋਈ ਹੈ।"

"ਕਮਲੀ ?" ਰਾਘਵ ਦੇ ਬੀਮਾਰ ਚਿਹਰੇ 'ਤੇ ਇੱਕ ਕਾਤਰ ਮੁਸਕਾਨ ਜਿਹੀ ਆ ਗਈ, "ਤੂੰ ਸਚਮੁੱਚ ਹੀ ਬਹੁਤ ਮਹਾਨ ਹੈਂ। ਪਤਾ ਨਹੀਂ ਕਿਹੋ ਜਿਹੇ ਵਕਤ ਤੇਰਾ ਮੇਰੇ ਨਾਲ ਰਿਸ਼ਤਾ ਤੈਅ ਹੋਇਆ ਸੀ। ਤੂੰ ਕਿੰਨਾ ਕੰਮਕਾਜ ਕੀਤਾ ਹੈ ਮੇਰਾ। ਸੋਚਦਾ ਹਾਂ ਤਾਂ ਹੈਰਾਨੀ ਹੁੰਦੀ ਹੈ। ਕੁਦਰਤ ਦਾ ਲੱਖ-ਲੱਖ ਸ਼ੁਕਰ ਹੈ।"

ਰਾਘਵ ਹੋਰ ਵੀ ਬਹੁਤ ਕੁੱਝ ਕਹਿ ਰਿਹਾ ਸੀ ਪਰ ਕਮਲੀ ਆਪਣਾ ਘੜਾ ਚੁੱਕ ਕੇ ਬਾਹਰ ਨਿਕਲ ਆਈ ਸੀ। ਉਹ ਜਾਣਦੀ ਸੀ ਕਿ ਰਾਘਵ ਜਦ ਦਾ ਬੀਮਾਰ ਪਿਆ ਸੀ ਤਦ ਤੋਂ ਅਜਿਹੀਆਂ ਗੱਲਾਂ ਕੁੱਝ ਜ਼ਿਆਦਾ ਹੀ ਕਰ ਰਿਹਾ ਸੀ। ਵੈਸੇ ਤਾਂ ਰਾਘਵ ਵਰਗਾ ਮਿਹਨਤੀ ਅਤੇ ਤੰਦਰੁਸਤ ਆਦਮੀ ਪਿੰਡ ਵਿੱਚ ਕੋਈ ਹੈ ਹੀ ਨਹੀਂ ਸੀ, ਪਰ ਜਦ ਤੋਂ ਬਿਮਾਰ ਪਿਆ ਸੀ ਤਦ ਤੋਂ ਹੱਡੀਆਂ ਦਾ ਢਾਂਚਾ ਬਣ ਕੇ ਰਹਿ ਗਿਆ ਸੀ। ਉਸ ਦੀ ਹਾਲਤ ਦੇਖ ਕੇ ਕਮਲੀ ਨੂੰ ਕਈ ਵਾਰ ਰੋਣਾ ਆ ਜਾਂਦਾ ਪਰ ਉਹ ਇਹ ਸੋਚ ਕੇ ਹੌਂਸਲਾ ਨਾ ਢਾਹੁੰਦੀ ਕਿ ਇਸ ਤਰ੍ਹਾਂ ਰਾਘਵ ਹੋਰ ਵੀ ਵਧੇਰੇ ਪ੍ਰੇਸ਼ਾਨ ਹੋ ਜਾਵੇਗਾ।

ਲੋਕ ਪਾਣੀ ਨਾਲ ਭਰੀਆਂ ਬਾਲਟੀਆਂ, ਘੜੇ, ਪੀਪੇ ਤੇ ਟੱਬ ਵਗੈਰਾ ਲੈ ਕੇ ਆਪਣੇ-ਆਪਣੇ ਘਰਾਂ ਵੱਲ ਵਾਪਸ ਜਾ ਰਹੇ ਸਨ। ਕਮਲੀ ਨੂੰ ਇੱਕ ਵਾਰ ਤਾਂ ਖਿਆਲ ਆਇਆ ਕਿ ਜੇਕਰ ਉਹ ਸਭ ਤੋਂ ਥੋੜਾ-ਥੋੜਾ ਪਾਣੀ ਲੈ ਲਵੇ ਤਾਂ ਥੋੜੀ ਹੀ ਦੇਰ ਬਾਅਦ ਉਸ ਦਾ ਘੜਾ ਭਰ ਜਾਵੇਗਾ, ਪਰ ਅਗਲੇ ਹੀ ਪਲ ਉਸ ਨੂੰ ਆਪਣੇ ਇਸ ਖਿਆਲ 'ਤੇ ਹਾਸਾ ਆਇਆ ਕਿ ਇੰਨੀ ਮਿਹਨਤ ਨਾਲ ਹਾਸਿਲ ਕੀਤੇ ਪਾਣੀ ਦੀ ਕੋਈ ਇੱਕ ਬੂੰਦ ਵੀ ਦੇਣੀ ਨਹੀਂ ਚਾਹੇਗਾ।

ਭਿਆਨਕ ਸੋਕਾ ਪਿਆ ਸੀ। ਫਸਲਾਂ ਸੁੱਕ ਗਈਆਂ ਸਨ। ਧਰਤੀ ਵਿੱਚ ਤ੍ਰੇੜਾਂ ਪੈ ਗਈਆਂ ਸਨ ਅਤੇ ਸਾਰੀ ਜ਼ਮੀਨ ਪੱਥਰ ਵਰਗੀ ਬਣ ਗਈ ਸੀ। ਸੂਰਜ ਅੱਗ ਵਰ੍ਹਾਉਂਦਾ ਤਾਂ ਜ਼ਮੀਨ ਗਰਮ ਤਵੇ ਵਾਂਗ ਤਪਣ ਲਗਦੀ। ਨੇੜੇ-ਤੇੜੇ ਦੇ ਸਾਰੇ ਤਲਾਬ ਅਤੇ ਨਲਕੇ ਬੇਕਾਰ ਹੋ ਗਏ। ਪਾਲਤੂ ਪਸ਼ੂਆਂ ਦੀਆਂ ਲਗਾਤਾਰ ਮੌਤਾਂ ਹੋ ਰਹੀਆਂ ਸਨ।

ਲੋਕ ਆਪਣੇ-ਆਪਣੇ ਪਸ਼ੂਆਂ ਨੂੰ ਮੰਡੀਆਂ 'ਤੇ ਲਿਜਾ ਕੇ ਕੌਡੀਆਂ ਦੇ ਭਾਅ ਵੇਚ ਰਹੇ ਸਨ। ਲੋਕਾਂ ਦੇ ਘਰਾਂ ਵਿਚਲਾ ਅਨਾਜ ਜਾਂ ਤਾਂ ਖਤਮ ਹੋ ਗਿਆ ਸੀ ਤੇ ਜਾਂ ਫਿਰ ਖਤਮ ਹੋਣ ਵਾਲਾ ਸੀ। ਰਾਹਤ ਸਮੱਗਰੀ ਵੰਡਣ ਵਾਲੇ ਆਉਂਦੇ ਤਾਂ ਉਨ੍ਹਾਂ

ਨੂੰ ਗਿੱਧ ਦੀ ਤਰ੍ਹਾਂ ਝਪਟਦੀ ਭੀੜ ਦਾ ਸਾਹਮਣਾ ਕਰਨਾ ਪੈਂਦਾ। ਸੋਕੇ ਦੀ ਵਜ੍ਹਾ ਕਾਰਨ ਹੈਜ਼ਾ, ਡਾਇਰੀਆ ਅਤੇ ਪੇਚਿਸ ਦੀ ਲਪੇਟ ਵਿੱਚ ਆ ਕੇ ਲੋਕਾਂ ਦੀਆਂ ਲਗਾਤਾਰ ਮੌਤਾਂ ਹੋ ਰਹੀਆਂ ਸਨ। ਕਮਲੀ ਦੇ ਪਤੀ ਰਾਘਵ ਕੋਲ ਥੋੜੀ ਜਿਹੀ ਜ਼ਮੀਨ ਸੀ, ਪਰ ਉਸ ਵਿੱਚ ਹਮੇਸ਼ਾ ਉਹ ਆਪਣੀ ਮਿਹਨਤ ਦੇ ਬਲ ਨਾਲ ਇੰਨਾ ਕੁ ਅਨਾਜ ਪੈਦਾ ਕਰ ਲੈਂਦਾ ਸੀ ਕਿ ਘਰ ਆਰਾਮ ਨਾਲ ਚੱਲੇ। ਬਲਦਾਂ ਦੀ ਸਭ ਤੋਂ ਵਧੀਆ ਜੋੜੀ ਉਸ ਕੋਲ ਸੀ ਜੋ ਪਿਛਲੇ ਦਿਨੀਂ ਵਿਕ ਗਈ ਸੀ ਕਿਉਂਕਿ ਪਸ਼ੂਆਂ ਨੂੰ ਖੁਆਉਣ ਲਈ ਨਾ ਤਾਂ ਚਾਰਾ ਹੀ ਬਚਿਆ ਸੀ ਤੇ ਨਾ ਪਿਲਾਉਣ ਲਈ ਪਾਣੀ। ਬੁੱਚੜਖਾਨੇ ਵਾਲਿਆਂ ਦੀ ਇੱਕ ਟੋਲੀ ਸੀ, ਉਨ੍ਹਾਂ ਨੂੰ ਬਿਨਾਂ ਕਿਸੇ ਦਿੱਕਤ ਦੇ ਖੂਬ ਸਸਤਾ ਮਾਲ ਮਿਲ ਰਿਹਾ ਸੀ।

ਰਾਘਵ ਨੇ ਹਮੇਸ਼ਾ ਕਮਲੀ ਨੂੰ ਬੜੇ ਪਿਆਰ ਨਾਲ ਰੱਖਿਆ ਸੀ। ਉਹ ਉਸਦੀ ਹਰ ਫਰਮਾਇਸ਼ ਪੂਰੀ ਕਰਦਾ ਸੀ। ਕਮਲੀ ਨੂੰ ਮਾਣ ਸੀ ਕਿ ਉਸਨੂੰ ਇੰਨਾ ਪਿਆਰ ਕਰਨ ਵਾਲਾ ਪਤੀ ਮਿਲਿਆ ਹੈ ਤੇ ਰਾਘਵ ਨੂੰ ਸੰਤੋਸ਼ ਸੀ ਕਿ ਉਸਨੂੰ ਅਜਿਹੀ ਪਤਨੀ ਮਿਲੀ ਹੈ, ਜੋ ਉਸ ਦੀ ਖਾਤਰ ਆਪਣਾ ਸਭ ਕੁੱਝ ਵਾਰ ਸਕਦੀ ਹੈ। ਉਨ੍ਹਾਂ ਵਿੱਚ ਕਦੀ ਵੀ ਆਪਸੀ ਝਗੜਾ ਹੁੰਦਾ ਲੋਕਾਂ ਨੇ ਨਹੀਂ ਦੇਖਿਆ ਸੀ।

ਜਿਵੇਂ ਰਾਘਵ ਗੱਭਰੂ ਜਵਾਨ ਮਰਦ ਸੀ, ਉਵੇਂ ਹੀ ਕਮਲੀ ਜਵਾਨ ਤੇ ਰਸੀਲੀ ਔਰਤ। ਇੱਕ ਵਾਰ ਜਦ ਰਾਘਵ ਕਮਲੀ ਨੂੰ ਸਾਈਕਲ 'ਤੇ ਬਿਠਾ ਕੇ ਮੇਲਾ ਦਿਖਾਉਣ ਲਿਜਾ ਰਿਹਾ ਸੀ ਤਾਂ ਰਸਤੇ ਵਿੱਚ ਪਿੰਡ ਦੇ ਹੀ ਓਮ ਪ੍ਰਕਾਸ਼ ਨੇ ਕਮਲੀ ਨੂੰ ਦੇਖ ਕੇ ਸੀਟੀ ਮਾਰ ਦਿੱਤੀ ਸੀ, ਫਿਰ ਤਾਂ ਰਾਘਵ ਨੂੰ ਕਮਲੀ ਰੋਕਦੀ ਹੀ ਰਹਿ ਗਈ। ਰਾਘਵ ਨੇ ਓਮ ਪ੍ਰਕਾਸ਼ ਦੀ ਬੁਰੀ ਤਰ੍ਹਾਂ ਪਿਟਾਈ ਕੀਤੀ। ਉਦੋਂ ਤੋਂ ਕੋਈ ਵੀ ਕਮਲੀ ਵੱਲ ਅੱਖ ਭਰ ਕੇ ਵੀ ਨਹੀਂ ਦੇਖਦਾ ਸੀ।

ਮੌਸਮ ਦੀ ਮਾਰ ਨੇ ਰਾਘਵ ਅਤੇ ਕਮਲੀ ਦੇ ਛੋਟੇ ਜਿਹੇ ਪਰਿਵਾਰ ਨੂੰ ਮੌਤ ਦੇ ਕਿਨਾਰੇ ਪਹੁੰਚਾ ਦਿੱਤਾ ਸੀ। ਦੋ ਬੱਚੇ ਸਨ, ਦੋਨੋਂ ਹੀ ਬੀਮਾਰ ਹੋ ਗਏ ਸਨ। ਬਲਦਾਂ ਦੇ ਵਿਕਣ ਕਾਰਨ ਹੱਥ ਆਇਆ ਪੈਸਾ ਵੀ ਰਾਘਵ ਦੀ ਬੀਮਾਰੀ 'ਤੇ ਖਰਚ ਹੋ ਗਿਆ ਸੀ। ਕਮਲੀ ਕੋਲ ਜੋ ਇੱਕਾ-ਦੁੱਕਾ ਗਹਿਣੇ ਸਨ, ਉਹ ਵੀ ਵਿਕ ਗਏ ਸਨ ਅਤੇ ਘਰ ਦੀਆਂ ਕੁੱਝ ਚੀਜ਼ਾਂ ਵੀ ਵਿਕ ਗਈਆਂ ਸਨ।

ਹਨੇਰਾ ਵਧਣ ਲੱਗਾ ਤਾਂ ਕਮਲੀ ਸਹਿਮ ਗਈ। ਹੁਣ ਉਹ ਕਦ ਤੱਕ ਇਸ ਤਰ੍ਹਾਂ ਬੈਠੀ ਰਹੇਗੀ ? ਘਰ ਤਾਂ ਪਹੁੰਚਣਾ ਹੀ ਹੈ। ਟੈਂਕਰ ਜਾ ਚੁੱਕਾ ਸੀ ਅਤੇ ਜਿੱਥੇ ਹੁਣ ਤੱਕ ਭੀੜ ਦਾ ਸ਼ੋਰ ਮੱਚਿਆ ਹੋਇਆ ਸੀ, ਉਥੇ ਹੁਣ ਕੁੱਝ ਵੀ ਨਹੀਂ ਸੀ। ਕਮਲੀ ਪਤਾ ਨਹੀਂ ਕੀ ਸੋਚ ਕੇ ਉਸ ਜਗ੍ਹਾ 'ਤੇ ਗਈ, ਜਿਥੇ ਟੈਂਕਰ ਖੜਾ ਰਹਿੰਦਾ ਸੀ, ਉਥੇ ਜ਼ਮੀਨ 'ਤੇ ਢੇਰ ਸਾਰਾ ਪਾਣੀ ਖਿਲਰਿਆ ਪਿਆ ਸੀ।

ਕਮਲੀ ਨੇ ਅੰਦਾਜ਼ਾ ਲਗਾਇਆ ਕਿ ਇਹ ਪਾਣੀ ਘੜੇ ਤੋਂ ਘੱਟ ਨਹੀਂ ਖਿਲਰਿਆ ਹੋਵੇਗਾ। ਕਾਸ਼! ਉਹ ਇਸ ਪਾਣੀ ਨੂੰ ਘੜੇ ਵਿੱਚ ਭਰ ਸਕਦੀ। ਉਸਦਾ ਵੱਸ ਚਲਦਾ ਤਾਂ ਉਹ ਮਿੱਟੀ ਨਿਚੋੜ ਕੇ ਪਾਣੀ ਕੱਢ ਲੈਂਦੀ ਪਰ ਉਹ ਮਜ਼ਬੂਰ ਸੀ। ਫਿਰ ਉਸਨੇ ਥੋੜੀ ਜਿਹੀ ਗਿੱਲੀ ਮਿੱਟੀ ਲਈ ਅਤੇ ਉਸਨੂੰ ਆਪਣੇ ਮੂੰਹ ਵਿੱਚ ਰੱਖ ਕੇ ਚੂਸਿਆ। ਉਹ ਆਪਣੇ ਗਲ ਨੂੰ ਕੁੱਝ ਤਰ ਕਰਨਾ ਚਾਹੁੰਦੀ ਸੀ, ਜਿਸ ਵਿੱਚ ਉਸਨੂੰ



ਕੰਡੇ ਜਿਹੇ ਉੱਗੇ ਮਹਿਸੂਸ ਹੋ ਰਹੇ ਸਨ ਪਰ ਫਿਰ ਉਸਨੂੰ ਇੰਨੀ ਜ਼ੋਰ ਦੀ ਅੱਥੂ ਆਇਆ ਕਿ ਮਿੱਟੀ ਨੂੰ ਥੁੱਕਣਾ ਹੀ ਪਿਆ।

ਆਖਿਰਕਾਰ ਉਸਨੇ ਆਪਣਾ ਘੜਾ ਚੁੱਕਿਆ ਤੇ ਜਿਸਮ ਦੀ ਬਚੀ-ਖੁਚੀ ਤਾਕਤ ਸੰਭਾਲ ਕੇ ਵਾਪਸ ਘਰ ਵੱਲ ਚੱਲ ਪਈ। ਉਸਦੇ ਕਦਮਾਂ ਵਿੱਚ ਲੜਖੜਾਹਟ ਸੀ। ਉਸਦਾ ਕਲੇਜਾ ਸੁੱਕੇ ਪੱਤੇ ਵਾਂਗ ਕੰਬ ਰਿਹਾ ਸੀ। ਬਿਨਾਂ ਪਾਣੀ ਦੇ ਸਾਰੀ ਰਾਤ ਕਿਵੇਂ ਗੁਜਰੇਗੀ ? ਸਵੇਰ ਦੇ ਚੱਕਰ ਵਿੱਚ ਵੀ ਉਹ ਥੋੜਾ ਜਿਹਾ ਪਾਣੀ ਹੀ ਲਿਜਾ ਸਕੀ ਸੀ ਕਿਉਂਕਿ ਘੜੇ ਦਾ ਪਾਣੀ ਭੀੜ 'ਚੋਂ ਨਿਕਲਦੇ ਵਕਤ ਧੱਕਾ-ਮੁੱਕੀ ਵਿੱਚ ਹੀ ਛਲਕ ਗਿਆ ਸੀ।

ਉਸਨੇ ਸੋਚਿਆ ਕਿ ਪਾਣੀ ਮਿਲ ਜਾਵੇ ਤਾਂ ਉਹ ਬੱਚਿਆਂ ਨੂੰ ਘਰ ਪਿਆ ਸੱਤੂ ਘੋਲ ਕੇ ਪਿਲਾ ਦੇਵੇਗੀ ਤਾਂ ਜੋ ਤ੍ਰੇਹ ਦੇ ਨਾਲ-ਨਾਲ ਭੁੱਖ ਤੋਂ ਵੀ ਕੁੱਝ ਰਾਹਤ ਮਿਲ ਸਕੇ। ਰਾਘਵ ਨੂੰ ਦਵਾਈ ਦੇਣ ਅਤੇ ਉਸਦੀ ਗੰਦਗੀ ਸਾਫ਼ ਕਰਨ ਲਈ ਵੀ ਪਾਣੀ ਬੇਹੱਦ ਜ਼ਰੂਰੀ ਸੀ।

ਉਸਨੇ ਖੁਦ ਨੂੰ ਦਿਲਾਸਾ ਦਿੱਤਾ ਕਿ ਉਹ ਕੱਲ ਤੜਕੇ ਮੂੰਹ ਹਨੇਰੇ ਹੀ ਇਥੇ ਆ ਜਾਵੇਗੀ ਤਾਂ ਕਿ ਪਾਣੀ ਲੈਣ ਲਈ ਪ੍ਰੇਸ਼ਾਨ ਨਾ ਹੋਣਾ ਪਵੇ। ਫਿਰ ਉਸਨੂੰ ਖਿਆਲ ਆਇਆ ਕਿ ਉਸ ਵਾਂਗ ਹੀ ਸਭ ਸੋਚਦੇ ਹਨ, ਕੁੱਝ ਲੋਕ ਤਾਂ ਅੱਧੀ ਰਾਤ ਨੂੰ ਹੀ ਇਥੇ ਆ ਜਾਂਦੇ ਹਨ। ਚਲਦੇ-ਚਲਦੇ ਜਦ ਉਸਦੇ ਪੈਰ ਬੁਰੀ ਤਰ੍ਹਾਂ ਡਗਮਗਾਉਣ ਲੱਗੇ ਤਾਂ ਕਮਲੀ ਉੱਥੇ ਹੀ ਬੈਠ ਗਈ। ਉਸਨੇ ਪਸੀਨੇ ਨਾਲ ਭਿੱਜਿਆ ਚਿਹਰਾ ਚੁੰਨੀ ਦੇ ਲੜ ਨਾਲ ਪੂੰਝਿਆ। ਉਸਨੂੰ ਲੱਗਾ ਕਿ ਉਹ ਅੱਜ ਰਾਤ ਦੇਰ ਤੱਕ ਆਪਣੇ ਘਰ ਨਹੀਂ ਪਹੁੰਚ ਸਕੇਗੀ ਕਿਉਂਕਿ ਉਹ ਬਹੁਤ ਘੱਟ ਰਸਤਾ ਤੈਅ ਕਰ ਸਕੀ ਸੀ।

ਤਦ ਹੀ ਉਸਨੂੰ ਇੱਕ ਮੋਟਰਸਾਈਕਲ ਦੀ ਆਵਾਜ਼ ਸੁਣਾਈ ਦਿੱਤੀ ਅਤੇ ਨਾਲ ਹੀ ਕੁੱਝ ਰੌਸ਼ਨੀ ਵੀ ਦਿਸੀ। ਉਹ ਚੌਂਕ ਗਈ ਪਰ ਉੱਠ ਕੇ ਖੜੀ ਨਾ ਹੋ ਸਕੀ। ਮੋਟਰਸਾਈਕਲ ਉਸਦੇ ਕੋਲ ਆ ਕੇ ਰੁਕੀ।

"ਐ ਔਰਤ, ਇਸ ਵਕਤ ਇਥੇ ਕਿਸ ਇਰਾਦੇ ਨਾਲ ਬੈਠੀ ਹੈਂ ?" ਮੋਟਰਸਾਈਕਲ ਵਾਲੇ ਨੇ ਕੜਕ ਕੇ ਪੁੱਛਿਆ।

ਕੁੱਝ ਬੋਲਣ ਤੋਂ ਪਹਿਲਾਂ ਹੀ ਕਮਲੀ ਦਾ ਗਲਾ ਭਰ ਆਇਆ। ਉਸਨੇ ਖੜੀ ਹੋਣ ਦੀ ਕੋਸ਼ਿਸ਼ ਕੀਤੀ ਪਰ ਇੰਨੇ ਨੂੰ ਮੋਟਰਸਾਈਕਲ ਵਾਲਾ ਉਤਰ ਚੁੱਕਾ ਸੀ। ਉਹ ਕਮਲੀ ਦੇ ਸਾਹਮਣੇ ਖੜਾ ਹੋ ਗਿਆ। ਉਸਦੇ ਮੂੰਹ 'ਚੋਂ ਸ਼ਰਾਬ ਦੀ ਬਦਬੂ ਆ ਰਹੀ ਸੀ। ਉਹ ਬੁੜਬੁੜਾਇਆ "ਤਾਂ ਪਾਣੀ ਲੈਣ ਆਈ ਸੀ ਤੂੰ ? ਕਿੱਥੇ ਰਹਿੰਦੀ ਏਂ ?"

"ਮੈਂ.....ਮੋਤੀਪੁਰ।" ਕਮਲੀ ਨੇ ਕਿਸੇ ਤਰ੍ਹਾਂ ਕਿਹਾ।

"ਮੋਤੀਪੁਰ ?" ਉਹ ਬੋਲਿਆ, "ਮੋਤੀਪੁਰ ਤਾਂ ਇਥੋਂ ਕਾਫੀ ਦੂਰ ਹੈ। ਇਕੱਲੀ ਕਿਵੇਂ ਜਾਵੇਂਗੀ ਇੰਨੀ ਰਾਤ ਨੂੰ, ਪਾਣੀ ਨਾਲ ਭਰਿਆ ਘੜਾ ਲੈ ਕੇ। ਚੱਲ ਮੈਂ ਪਹੁੰਚਾ ਦਿੰਦਾ ਹਾਂ।"

ਕਮਲੀ ਨੇ ਉਸਨੂੰ ਪਹਿਚਾਣ ਲਿਆ ਸੀ ਕਿ ਉਹ ਪੁਲਿਸ ਵਾਲਾ ਹੈ। ਰਾਹਤ ਸਮੱਗਰੀ ਵੰਡਣ ਵਾਲੀ ਜਗ੍ਹਾ 'ਤੇ ਦੋ ਪੁਲਿਸ ਕਰਮਚਾਰੀਆਂ ਦੀ ਡਿਊਟੀ ਹੁੰਦੀ ਸੀ। ਜਿਨ੍ਹਾਂ ਲਈ ਝੌਂਪੜੀ ਪਾ ਕੇ ਅਸਥਾਈ ਚੌਂਕੀ ਬਣਾ ਦਿੱਤੀ ਗਈ ਸੀ। ਉਹ ਉਸੇ ਚੌਂਕੀ

ਦਾ ਸਿਪਾਹੀ ਸੀ।

"ਮੇਰੇ ਕੋਲ ਪਾਣੀ ਨਹੀਂ ਹੈ। ਕਮਲੀ ਨੇ ਰੋ ਪੈਣ ਵਾਲੇ ਅੰਦਾਜ਼ ਵਿੱਚ ਕਿਹਾ।" ਮੈਂ ਚਲੀ ਜਾਵਾਂਗੀ।

"ਪਾਣੀ ਨਹੀਂ ਹੈ ?" ਸਿਪਾਹੀ ਨੇ ਕੁੱਝ ਹੈਰਾਨੀ ਨਾਲ ਕਿਹਾ।

"ਓਹ ਤਾਂ ਤੂੰ ਪਾਣੀ ਲੈ ਹੀ ਨਹੀਂ ਸਕੀ ? ਬਿਨਾਂ ਪਾਣੀ ਦੇ ਵਾਪਸ ਜਾ ਰਹੀ ਹੈਂ ?"

ਕਮਲੀ ਤੋਂ ਕੁੱਝ ਬੋਲਿਆ ਨਹੀਂ ਗਿਆ, ਸਿਪਾਹੀ ਨੇ ਉਸਨੂੰ ਉਪਰੋਂ ਥੱਲੇ ਤੱਕ ਦੇਖਿਆ ਅਤੇ ਕਿਹਾ, "ਸੁਣ ਮੈਂ ਤੈਨੂੰ ਪਾਣੀ ਦੇ ਸਕਦਾ ਹਾਂ। ਤੇਰਾ ਪੂਰਾ ਘੜਾ ਮੈਂ ਪਾਣੀ ਨਾਲ ਭਰ ਸਕਦਾ ਹਾਂ। ਚੱਲੇਂਗੀ ਮੇਰੇ ਨਾਲ ਪਾਣੀ ਲੈਣ। ਸਾਡੀ ਚੌਂਕੀ ਵਿੱਚ ਬਹੁਤ ਸਾਰਾ ਪਾਣੀ ਹੈ। ਜਦ ਟੈਂਕਰ ਆਉਂਦਾ ਹੈ ਤਾਂ ਅਸੀਂ ਪਹਿਲਾਂ ਹੀ ਆਪਣਾ ਡਰੰਮ ਭਰਾ ਲੈਂਦੇ ਹਾਂ।"

ਕਮਲੀ ਦੀਆਂ ਅੱਖਾਂ ਅੱਗੇ ਇੱਕ ਪਲ ਲਈ ਬੂੰਦ-ਬੂੰਦ ਪਾਣੀ ਲਈ ਤੜਪ ਰਹੇ ਬੱਚਿਆਂ ਅਤੇ ਬੀਮਾਰ ਪਤੀ ਦਾ ਚਿਹਰਾ ਯਾਦ ਆ ਗਿਆ। ਪਾਣੀ ਮਿਲਣ ਦੀ ਉਮੀਦ ਨੇ ਉਸਦੇ ਅੰਦਰ ਨਵੀਂ ਹਿੰਮਤ ਪੈਦਾ ਕਰ ਦਿੱਤੀ। ਉਹ ਹੜਬੜਾ ਕੇ ਬੋਲੀ, "ਮੈਨੂੰ ਥੋੜਾ ਜਿਹਾ ਪਾਣੀ ਦੇ ਦਿਓ, ਦਰੋਗਾ ਜੀ।" ਮੈਂ ਤੁਹਾਡਾ ਅਹਿਸਾਨ ਕਦੀ ਨਹੀਂ ਭੁੱਲਾਂਗੀ।

"ਇਸ 'ਚ ਅਹਿਸਾਨ ਕਾਹਦਾ ?" ਸਿਪਾਹੀ ਬੋਲਿਆ, "ਮੇਰੇ ਕੋਲ ਪਾਣੀ ਹੈ, ਤੈਨੂੰ ਪਾਣੀ ਦੀ ਜ਼ਰੂਰਤ ਹੈ, ਤਾਂ......ਚੱਲ।" ਕਮਲੀ ਨੇ ਘੜਾ ਚੁੱਕ ਲਿਆ। ਪਾਣੀ ਦੇ ਚੱਕਰ ਵਿੱਚ ਉਹ ਇਹ ਭੁੱਲ ਗਈ ਕਿ ਦੇਰ ਹੋ ਚੁੱਕੀ ਹੈ ਅਤੇ ਉਸਨੇ ਘਰ ਵੀ ਜਾਣਾ ਹੈ।

"ਮੈਨੂੰ ਰਸਤਾ ਦੱਸ ਦਿਓ ਦਰੋਗਾ ਜੀ, ਮੈਂ ਤੁਹਾਡੇ ਪਿੱਛੇ-ਪਿੱਛੇ......।"

"ਓਹ ਨਹੀਂ, ਦੇਰ ਹੋ ਜਾਵੇਗੀ ਤੈਨੂੰ। ਆ ਮੇਰੀ ਮੋਟਰਸਾਈਕਲ 'ਤੇ ਬੈਠ ਜਾ।" ਕਹਿੰਦਾ ਹੋਇਆ ਸਿਪਾਹੀ ਮੋਟਰਸਾਈਕਲ 'ਤੇ ਬੈਠ ਗਿਆ। ਕਮਲੀ ਨੇ ਇੱਕ ਪਲ ਲਈ ਸੋਚਿਆ, ਫਿਰ ਡਰੀ ਸਹਿਮੀ ਆਪਣਾ ਘੜਾ ਲੈ ਕੇ ਮੋਟਰਸਾਈਕਲ ਦੀ ਪਿਛਲੀ ਸੀਟ 'ਤੇ ਬੈਠ ਗਈ। ਕੁੱਝ ਹੀ ਦੇਰ ਬਾਅਦ ਮੋਟਰਸਾਈਕਲ ਚੌਂਕੀ ਵਿੱਚ ਜਾ ਪੁੱਜੀ। ਸਿਪਾਹੀ ਨੇ ਲਾਲਟੈਣ ਦੀ ਲੋਅ ਉੱਚੀ ਕੀਤੀ ਅਤੇ ਟਾਰਚ ਲੈ ਕੇ ਡਰੰਮ ਦਾ ਢੱਕਣ ਚੁੱਕ ਕੇ ਕਮਲੀ ਨੂੰ ਉਸ ਵਿੱਚ ਭਰਿਆ ਪਾਣੀ ਦਿਖਾਇਆ। ਡਰੰਮ ਅੱਧੇ ਤੋਂ ਜ਼ਿਆਦਾ ਭਰਿਆ ਹੋਇਆ ਸੀ। ਕਮਲੀ ਆਪਣੇ ਘੜੇ ਵੱਲ ਵਧੀ ਤਾਂ ਸਿਪਾਹੀ ਨੇ ਉਸਦੀ ਬਾਂਹ ਫੜ ਕੇ ਕਿਹਾ, "ਤੂੰ ਵੀ ਤਾਂ ਪਿਆਸੀ ਹੋਵੇਂਗੀ ? ਪਹਿਲਾਂ ਤੂੰ ਪਾਣੀ ਪੀ ਲੈ, ਫਿਰ ਤੇਰਾ ਘੜਾ ਮੈਂ ਭਰ ਦੇਵਾਂਗਾ। ਤੇਰਾ ਪਿੰਡ ਇਥੋਂ ਬਹੁਤ ਦੂਰ ਹੈ ਪਰ ਤੂੰ ਫ਼ਿਕਰ ਨਾ ਕਰ, ਮੈਂ ਆਪਣੀ ਮੋਟਰਸਾਈਕਲ 'ਤੇ ਤੈਨੂੰ ਤੇਰੇ ਪਿੰਡ ਛੱਡ ਆਵਾਂਗਾ।"

ਸਿਪਾਹੀ ਨੇ ਪਾਣੀ ਦਾ ਭਰਿਆ ਹੋਇਆ ਮੱਗ ਕਮਲੀ ਵੱਲ ਕੀਤਾ ਤਾਂ ਕਮਲੀ ਆਪਣੇ-ਆਪ ਨੂੰ ਰੋਕ ਨਾ ਸਕੀ ਅਤੇ ਇਕੋ ਹੀ ਸਾਹ ਵਿੱਚ ਸਾਰਾ ਪਾਣੀ ਪੀ ਗਈ।

"ਖਾਣਾ ਖਾਵੇਂਗੀ, ਬੋਲ ? ਮੇਰੇ ਕੋਲ ਖਾਣਾ ਵੀ ਪਿਆ ਹੈ।"

"ਨਹੀਂ ਦਰੋਗਾ ਜੀ, ਮੈਂ ਤੁਹਾਡਾ ਏਨਾ ਹੀ ਅਹਿਸਾਨ ਨਹੀਂ ਭੁਲਾਂਗੀ।" ਕਮਲੀ



ਨੇ ਕਿਹਾ।

ਸਿਪਾਹੀ ਅੱਗੇ ਵਧਿਆ ਅਤੇ ਕਮਲੀ ਦੇ ਲੱਕ ਦੇ ਚੀਕਣੇ ਕਟਾਵਾਂ ਨੂੰ ਪਲੋਸਦਾ ਹੋਇਆ ਬੋਲਿਆ, "ਕੁੱਝ ਦੇਰ ਅਰਾਮ ਕਰ ਲੈ, ਤੂੰ ਬਹੁਤ ਥੱਕ ਗਈ ਹੋਵੇਂਗੀ, ਮੈਂ ਜਲਦੀ ਹੀ ਮੋਟਰਸਾਈਕਲ 'ਤੇ ਤੈਨੂੰ ਤੇਰੇ ਪਿੰਡ ਪਹੁੰਚਾ ਦੇਵਾਂਗਾ।"

ਕਮਲੀ ਨੂੰ ਸਿਪਾਹੀ ਦੇ ਇਰਾਦੇ ਦਾ ਪਤਾ ਲੱਗ ਗਿਆ। ਉਹ ਦੋਵੇਂ ਹੱਥ ਆਪਣੀ ਛਾਤੀ 'ਤੇ ਰੱਖ ਕੇ ਗਿੜਗਿੜਾਈ, "ਦਰੋਗਾ ਜੀ, ਮੈਨੂੰ ਜਾਣ ਦਿਓ, ਘਰੇ ਸਾਰੇ ਜਣੇ ਮੇਰਾ ਇੰਤਜ਼ਾਰ ਕਰ ਰਹੇ ਹੋਣਗੇ।"

"ਚੱਕ ਆਪਣਾ ਘੜਾ ਤੇ ਨਿਕਲ ਜਾ ਇਥੋਂ।" ਸਿਪਾਹੀ ਨੇ ਕੜਕਦੇ ਹੋਏ ਕਿਹਾ, "ਵਰਨਾ ਰਾਤ ਨੂੰ ਮਟਰਗਸ਼ਤੀ ਕਰਨ ਦੇ ਜੁਰਮ ਵਿੱਚ ਅੰਦਰ ਕਰ ਦੇਵਾਂਗਾ।"

ਕਮਲੀ ਸਹਿਮ ਗਈ। ਉਸਦੀਆਂ ਲੱਤਾਂ ਜ਼ੋਰ-ਜ਼ੋਰ ਨਾਲ ਕੰਬਣ ਲੱਗੀਆਂ। ਉਸਨੂੰ ਆਪਣੇ ਬੀਮਾਰ ਪਤੀ ਅਤੇ ਭੁੱਖੇ-ਪਿਆਸੇ ਬੱਚਿਆਂ ਦਾ ਚਿਹਰਾ ਯਾਦ ਆਇਆ। ਉਸਨੇ ਪਹਿਲਾਂ ਆਪਣੇ ਖਾਲੀ ਘੜੇ ਵੱਲ ਦੇਖਿਆ ਅਤੇ ਫਿਰ ਉਸ ਝੌਂਪੜੀ ਦੇ ਇੱਕ ਕੋਨੇ ਵਿੱਚ ਪਏ ਡਰੰਮ ਵੱਲ। ਉਹ ਦੋਨਾਂ ਹੱਥਾਂ ਨਾਲ ਆਪਣਾ ਸਿਰ ਫੜ ਕੇ ਜਿਥੇ ਖੜੀ ਸੀ ਉਥੇ ਹੀ ਬੈਠ ਗਈ। ਸਿਪਾਹੀ ਨੇ ਆਪਣੇ ਬੁੱਲਾਂ 'ਤੇ ਜੀਭ ਫੇਰੀ ਅਤੇ ਕਮਲੀ ਨੂੰ ਆਪਣੀਆਂ ਬਾਹਾਂ ਦੇ ਸਹਾਰੇ ਖੜੀ ਕਰਕੇ ਬਿਸਤਰ 'ਤੇ ਲਿਟਾ ਲਿਆ।

ਮੋਟਰਸਾਈਕਲ ਤੇਜ਼ੀ ਨਾਲ ਵਾਪਸ ਚਲੀ ਗਈ। ਹਨੇਰੇ ਵਿੱਚ ਖੜੀ ਕਮਲੀ, ਪਾਣੀ ਦਾ ਘੜਾ ਸੰਭਾਲ ਕੇ ਕੁੱਝ ਦੇਰ ਇਧਰ-ਉਧਰ ਦੇਖਦੀ ਰਹੀ ਤੇ ਫਿਰ ਆਪਣੇ ਘਰ ਵੱਲ ਚੱਲ ਪਈ। ਕਮਲੀ ਦੀਆਂ ਅੱਖਾਂ 'ਚੋਂ ਲਗਾਤਾਰ ਹੰਝੂ ਵਹਿ ਰਹੇ ਸਨ। ਘਰ ਦਾ ਦਰਵਾਜ਼ਾ ਉਸਨੂੰ ਖੁਲਿਆ ਹੋਇਆ ਹੀ ਮਿਲਿਆ। ਦੋਨੋਂ ਬੱਚੇ ਦੌੜ ਕੇ ਉਸ ਦੇ ਕੋਲ ਆ ਗਏ। "ਮਾਂ, ਪਾਣੀ ਲਿਆਈ ਕਿ ਨਹੀਂ ? ਸਾਨੂੰ ਬਹੁਤ ਜ਼ੋਰ ਦੀ ਤ੍ਰੇਹ ਲੱਗੀ ਹੈ। ਅਸੀਂ ਚਾਚਾ ਚੌਧਰੀ ਦੇ ਘਰ ਥੋੜਾ ਜਿਹਾ ਪਾਣੀ ਮੰਗਣ ਲਈ ਗਏ ਸਾਂ, ਪਰ ਉਸਨੇ ਸਾਨੂੰ ਝਿੜਕਾਂ ਦੇ ਕੇ ਭਜਾ ਦਿੱਤਾ।"

ਕਮਲੀ ਘੜੇ ਨੂੰ ਸੰਭਾਲੀ ਹੋਈ ਉਸ ਕੋਠੜੀ ਕੋਲ ਆ ਗਈ ਜਿਥੇ ਰਾਘਵ ਲੇਟਿਆ ਹੋਇਆ ਸੀ। ਲਾਲਟੈਣ ਜਲ ਰਹੀ ਸੀ। ਕਮਲੀ ਨੇ ਪੁਕਾਰਿਆ, "ਸੌਂ ਗਏ, ਮੁੰਨੀ ਦੇ ਬਾਪੂ ?"

ਜਵਾਬ ਨਾ ਮਿਲਣ 'ਤੇ ਉਹ ਥੋੜੀ ਜਿਹੀ ਅੱਗੇ ਵਧੀ। ਘੜੇ ਦੇ ਮੂੰਹ 'ਤੇ ਬੰਨਿਆ ਕੱਪੜਾ ਉਸਨੇ ਲਾਹ ਦਿੱਤਾ ਪਰ ਰਾਘਵ ਦੇ ਚਿਹਰੇ 'ਤੇ ਨਜ਼ਰ ਪੈਂਦਿਆਂ ਹੀ ਉਹ ਸਹਿਮ ਗਈ। ਰਾਘਵ ਦੀਆਂ ਵੀਰਾਨ ਅੱਖਾਂ ਪੂਰੀ ਤਰ੍ਹਾਂ ਖੁੱਲ੍ਹੀਆਂ ਹੋਈਆਂ ਸਨ ਅਤੇ ਉਸਦੇ ਜਿਸਮ ਵਿੱਚ ਕੋਈ ਹਰਕਤ ਨਹੀਂ ਸੀ। ਉਸਦੇ ਪਾਪੜੀਦਾਰ ਬੁੱਲ੍ਹ ਖੁੱਲ੍ਹੇ ਹੋਏ ਸਨ, ਜਿਵੇਂ ਦੋ ਬੂੰਦਾਂ ਪਾਣੀ ਮੰਗ ਰਹੇ ਹੋਣ। ਕਮਲੀ ਦੇ ਹੱਥਾਂ 'ਚੋਂ ਘੜਾ ਛੁੱਟ ਗਿਆ ਅਤੇ ਪਾਣੀ ਖਿਲਰਣ ਲੱਗਾ। ਬੱਚਿਆਂ ਨੇ ਪਹਿਲਾਂ ਹੈਰਾਨੀ ਨਾਲ ਆਪਣੀ ਮਾਂ ਵੱਲ ਦੇਖਿਆ ਅਤੇ ਫਿਰ ਜਲਦੀ ਨਾਲ ਘੜਾ ਸਿੱਧਾ ਕਰਕੇ ਬੁੱਕਾਂ ਨਾਲ ਪਾਣੀ ਪੀਣ ਲੱਗੇ।

# ਬੰਧਨ

***- ਅਮਿਤ ਕੌਸ਼ਿਕ***

ਸੂਰਜ ਨੇ ਨਜ਼ਰ ਉੱਪਰ ਚੁੱਕੀ ਤਾਂ ਉਸ ਦਾ ਦਿਲ ਪੂਰੀ ਤਰ੍ਹਾਂ ਮਚਲ ਗਿਆ। ਉਸ ਨੇ ਕਦੇ ਸੁਪਨੇ ਵਿੱਚ ਵੀ ਉਮੀਦ ਨਹੀਂ ਕੀਤੀ ਸੀ ਕਿ ਕਸ਼ਮੀਰ ਦੇ ਇਸ ਪਹਾੜੀ ਪਿੰਡ ਵਿੱਚ ਉਸ ਦਾ ਸਾਹਮਣਾ ਇੰਨੀ ਖੂਬਸੂਰਤ ਲੜਕੀ ਨਾਲ ਹੋ ਜਾਵੇਗਾ।

ਉਸ ਨੂੰ ਦੇਖ ਕੇ ਸੂਰਜ ਇੱਕ ਤਰ੍ਹਾਂ ਨਾਲ ਆਪਣੀਆਂ ਪਲਕਾਂ ਝਪਕਾਉਣੀਆਂ ਹੀ ਭੁੱਲ ਗਿਆ। ਇੰਨੀ ਸੁੰਦਰ ਲੜਕੀ ਉਸਨੇ ਪਹਿਲਾਂ ਕਦੇ ਨਹੀਂ ਸੀ ਦੇਖੀ। ਉਹ ਪਤਾ ਨਹੀਂ ਉਸ ਵੱਲ ਹੋਰ ਕਿੰਨੀ ਦੇਰ ਟਿਕਟਿਕੀ ਲਗਾਈ ਰੱਖਦਾ, ਜੇਕਰ ਉਸ ਦੇ ਦੋਸਤ ਕਰੀਮ ਨੇ ਉਸ ਨੂੰ ਟੋਕਿਆ ਨਾ ਹੁੰਦਾ।

"ਓਹ ਸੂਰਜ, ਕਿੱਥੇ ਗੁਆਚ ਗਿਆ ਦੋਸਤ! ਇਹ ਮੇਰੀ ਛੋਟੀ ਭੈਣ ਹੈ, ਨਗੀਨਾ।" ਉਸ ਤੋਂ ਵਾਕਿਫ਼ ਹੋ ਕੇ ਸੂਰਜ ਹੈਰਾਨ ਅਤੇ ਸ਼ਰਮਸਾਰ ਜਿਹਾ ਹੋ ਗਿਆ। ਫੇਰ ਉਸ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਨਮਸਤੇ।"

"ਸਲਾਮ!" ਨਗੀਨਾ ਨੇ ਸ਼ਰਾਰਤੀ ਹਾਸੇ ਨਾਲ ਇੱਕ ਹੱਥ ਆਪਣੇ ਮੱਥੇ ਨਾਲ ਲਗਾ ਕੇ ਸੂਰਜ ਦੀ ਨਮਸਤੇ ਦਾ ਜਵਾਬ ਦਿੱਤਾ।

"ਵੀਰ ਜੀ, ਚਾਹ ਠੰਢੀ ਹੋ ਰਹੀ ਹੈ।" ਨਗੀਨਾ ਨੇ ਆਪਣੇ ਭਰਾ ਨੂੰ ਉੱਚੀ ਅਵਾਜ਼ ਵਿੱਚ ਕਿਹਾ।

"ਉਹ ਹਾਂ!" ਕਰੀਮ ਨੇ ਉੱਠ ਕੇ ਕੇਤਲੀ 'ਚੋਂ ਕੱਪ ਵਿੱਚ ਚਾਹ ਪਾਈ।

ਚਾਹ ਨਗੀਨਾ ਬਣਾ ਕੇ ਲਿਆਈ ਸੀ। ਇੱਕ ਕੱਪ ਸੂਰਜ ਨੂੰ ਫੜਾਉਣ ਤੋਂ ਬਾਅਦ ਕਰੀਮ ਨੇ ਦੂਸਰਾ ਕੱਪ ਆਪਣੇ ਪਿਤਾ ਅਸ਼ਰਫ ਮੀਆਂ ਨੂੰ ਦੇ ਦਿੱਤਾ। ਤੀਸਰਾ ਕੱਪ ਉਸ ਨੇ ਖੁਦ ਲਿਆ ਅਤੇ ਤਿੰਨੋਂ ਹੌਲੀ ਹੌਲੀ ਚਾਹ ਦੀਆਂ ਚੁਸਕੀਆਂ ਲੈਣ ਲੱਗੇ।

"ਸੂਰਜ ਬੇਟੇ, ਕਿਵੇਂ ਲੱਗਾ ਸਾਡਾ ਇਹ ਪਿੰਡ ?" ਚਾਹ ਪੀਂਦੇ ਹੋਏ ਅਸ਼ਰਫ ਮੀਆਂ ਨੇ ਸੂਰਜ ਤੋਂ ਪੁੱਛਿਆ।

"ਵੈਰੀ ਗੁੱਡ ਅੰਕਲ, ਫਨਟੈਸਟਿਕ।" ਸੂਰਜ ਨੇ ਚੋਰ ਅੱਖ ਨਾਲ ਨਗੀਨਾ ਵੱਲ ਦੇਖ ਕੇ ਕਿਹਾ, "ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਸਾਡੀ ਦੁਨੀਆਂ ਏਨੀ ਖੂਬਸੂਰਤ ਹੈ। ਇਥੇ ਤਾਂ ਹਰ ਚੀਜ਼ ਲਾਜਵਾਬ ਹੈ।"

"ਬੇਟਾ, ਇਸੇ ਕਰਕੇ ਹੀ ਤਾਂ ਕਸ਼ਮੀਰ ਨੂੰ ਦੁਨੀਆਂ ਦਾ ਸਵਰਗ ਕਿਹਾ ਗਿਆ ਹੈ।" ਅਸ਼ਰਫ ਮੀਆਂ ਖੁਦ ਕਸ਼ਮੀਰੀ ਹੋਣ ਦਾ ਮਾਣ ਹਾਸਿਲ ਕਰਦੇ ਹੋਏ ਬੋਲੇ।

"ਤੁਸੀਂ ਠੀਕ ਕਹਿੰਦੇ ਹੋ ਅੰਕਲ।" ਸੂਰਜ ਨੇ ਕੱਪ ਮੇਜ਼ 'ਤੇ ਰੱਖਦੇ ਹੋਏ ਕਿਹਾ, "ਵਾਕਿਆ ਹੀ ਕਸ਼ਮੀਰ ਧਰਤੀ ਦਾ ਸਵਰਗ ਹੈ। ਇਹ ਜਗ੍ਹਾ ਇੰਨੀ ਸੁੰਦਰ ਤੇ ਦਿਲਕਸ਼ ਹੈ ਅਤੇ ਇਥੋਂ ਦੇ ਲੋਕ ਵੀ ਇੰਨੇ ਚੰਗੇ ਹਨ ਕਿ ਮਨ ਕਰਦਾ ਹੈ ਇਥੋਂ ਜਾਵਾਂ ਹੀ ਨਾ।" ਸੂਰਜ ਨੇ ਇਹ ਗੱਲ ਕਹੀ ਤਾਂ ਸਾਰਿਆਂ ਦਾ ਇਕਦਮ ਹਾਸਾ ਨਿਕਲ ਗਿਆ।

ਨਗੀਨਾ ਦਾ ਹਾਸਾ ਦੇਖ ਕੇ ਸੂਰਜ 'ਤੇ ਬਿਜਲੀ ਜਿਹੀ ਟੁੱਟ ਪਈ। ਉਹ ਸੋਚ



ਰਿਹਾ ਸੀ ਕਿ ਇਹ ਲੜਕੀ ਵਾਕਿਆ ਹੀ ਇਸ ਦੁਨੀਆਂ ਦੀ ਹੈ ਜਾਂ ਕੁਦਰਤ ਦੀ ਕੋਈ ਰਚਨਾ। ਸੂਰਜ ਨੂੰ ਵਾਰ-ਵਾਰ ਆਪਣੇ ਦਿਲ 'ਤੇ ਹੱਥ ਰੱਖਣਾ ਪੈ ਰਿਹਾ ਸੀ।

ਇਸ ਵਾਰ ਸੂਰਜ ਨੂੰ ਅਸ਼ਰਫ ਮੀਆਂ ਦੀ ਅਵਾਜ਼ ਨੇ ਚੌਂਕਾਇਆ, "ਓਹ ਕਰੀਮ ਬੇਟਾ, ਜਾਓ ਆਪਣੇ ਦੋਸਤ ਨੂੰ ਪਿੰਡ ਦੀ ਸੈਰ ਕਰਾਓ, ਨਾਲੇ ਇਸ ਨੂੰ ਆਪਣੇ ਖੇਤ ਦਿਖਾਉਣੇ ਨਾ ਭੁੱਲਣਾ।"

"ਤੁਸੀਂ ਦੋਨੋਂ ਰੱਖੜੀ ਲਈ ਚਾਰ ਦਿਨ ਦੀਆਂ ਛੁੱਟੀਆਂ ਖਾਤਿਰ ਆਏ ਹੋ। ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਚਾਰਾਂ ਦਿਨਾਂ ਵਿੱਚ ਸੂਰਜ ਇਥੋਂ ਦੀ ਹਰ ਚੀਜ਼ ਦੇਖ ਲਵੇ।"

ਉਸ ਦਿਨ ਸੂਰਜ ਨੇ ਧਰਤੀ ਦੇ ਦੂਸਰੇ ਹੀ ਰੂਪ ਨੂੰ ਦੇਖਿਆ ਸੀ। ਉੱਚੇ-ਉੱਚੇ ਬਰਫ਼ ਨਾਲ ਢਕੇ ਅਸਮਾਨ ਨੂੰ ਛੂੰਹਦੇ ਪਹਾੜਾਂ ਨਾਲ ਟਕਰਾਉਂਦੇ ਬੱਦਲਾਂ ਦੇ ਛੋਟੇ-ਛੋਟੇ ਟੁਕੜੇ ਜਿਵੇਂ ਉਨ੍ਹਾਂ ਨਾਲ ਲੁਕਣਮੀਟੀ ਖੇਡ ਰਹੇ ਸਨ। ਦੂਰ-ਦੂਰ ਤੱਕ ਫੈਲੇ ਲਹਿਰਾਉਂਦੇ ਖੇਤ, ਲੰਬੇ ਸਿੱਧੇ ਸ਼ਾਂਤ ਖੜ੍ਹੇ ਚਿਨਾਰ, ਅਖਰੋਟ, ਬਦਾਮ ਅਤੇ ਕਾਜੂਆਂ ਨਾਲ ਲੱਦੇ ਦਰੱਖਤਾਂ ਨੂੰ ਦੇਖ ਕੇ ਸੂਰਜ ਨੂੰ ਇਸ ਇਲਾਕੇ ਦੀ ਖੁਸ਼ਹਾਲੀ ਦਾ ਅੰਦਾਜ਼ਾ ਲੱਗ ਚੁੱਕਾ ਸੀ।

ਹੈਰਾਨ ਜਿਹਾ ਹੋ ਕੇ ਉਹ ਹਰੀਆਂ-ਭਰੀਆਂ ਵਾਦੀਆਂ ਨੂੰ ਤੱਕ ਰਿਹਾ ਸੀ। ਖੂਬਸੂਰਤ ਨਜ਼ਾਰਿਆਂ ਨੂੰ ਤੱਕਦੇ ਕਦ ਸ਼ਾਮ ਹੋ ਗਈ, ਉਨ੍ਹਾਂ ਦੋਨਾਂ ਨੂੰ ਪਤਾ ਹੀ ਨਾ ਲੱਗਾ। ਜਦ ਹਨੇਰਾ ਵਧਣ ਲੱਗਾ ਤਾਂ ਕਰੀਮ ਅਤੇ ਸੂਰਜ ਨੇ ਪਿੰਡ ਦਾ ਰਸਤਾ ਫੜਿਆ।

"ਕਿਉਂ ਦੋਸਤ ਕਿਵੇਂ ਲੱਗੀ ਸਾਡੀ ਇਹ ਵਾਦੀ ?" ਕਰੀਮ ਨੇ ਸੂਰਜ ਦੇ ਮੋਢੇ 'ਤੇ ਹੱਥ ਰੱਖਦੇ ਹੋਏ ਪੁੱਛਿਆ।

"ਸੱਚਮੁੱਚ ਕਰੀਮ, ਇੰਨੀ ਸੁੰਦਰ ਜਗ੍ਹਾ ਹੋਰ ਕਿਤੇ ਨਹੀਂ ਹੋਵੇਗੀ। ਇਥੋਂ ਦੀ ਤਾਰੀਫ਼ ਕਰਨ ਲਈ ਮੈਨੂੰ ਸ਼ਬਦ ਨਹੀਂ ਮਿਲ ਰਹੇ।" ਕਦੀ-ਕਦੀ ਅੱਤਵਾਦੀਆਂ ਦਾ ਜੇਕਰ ਕੋਈ ਗਰੁੱਪ ਇਧਰ ਆਉਂਦਾ ਹੈ ਤਾਂ ਪਿੰਡ ਨਿਵਾਸੀ ਬੜੀ ਬਹਾਦਰੀ ਨਾਲ ਉਨ੍ਹਾਂ ਦਾ ਮੁਕਾਬਲਾ ਕਰਦੇ ਸਨ।

"ਪਿੰਡ ਵਿੱਚ ਏਕਤਾ ਅਤੇ ਭਾਈਚਾਰਾ ਬਹੁਤ ਹੈ। ਹਿੰਦੂ, ਮੁਸਲਮਾਨ, ਸਿੱਖ ਸਾਰੇ ਹੀ ਧਰਮਾਂ ਦੇ ਲੋਕ ਬਹੁਤ ਪਿਆਰ ਨਾਲ ਰਹਿੰਦੇ ਹਨ।" ਕਰੀਮ ਆਪਣੇ ਪਿੰਡ ਬਾਰੇ ਜੋ ਕੁੱਝ ਸੁਣਾ ਰਿਹਾ ਸੀ, ਸੂਰਜ ਵੀ ਉਸ ਨੂੰ ਧਿਆਨ ਨਾਲ ਸੁਣ ਰਿਹਾ ਸੀ।

ਸੂਰਜ ਅਤੇ ਕਰੀਮ ਆਪਣੀਆਂ ਗੱਲਾਂ 'ਚ ਗੁਆਚੇ ਹੋਏ ਅੱਗੇ ਵਧ ਰਹੇ ਸਨ ਕਿ ਅਚਾਨਕ ਉਹ ਦੋਨੋਂ ਚੌਂਕ ਗਏ ਕਿਉਂਕਿ ਉਨ੍ਹਾਂ ਨੂੰ ਗੋਲੀ ਚੱਲਣ ਦੀ ਅਵਾਜ਼ ਸੁਣਾਈ ਦਿੱਤੀ ਸੀ। ਪਹਿਲਾਂ ਤਾਂ ਦੋਨੋਂ ਸਮਝ ਨਾ ਸਕੇ ਕਿ ਗੋਲੀਆਂ ਦੀ ਅਵਾਜ਼ ਕਿਧਰੋਂ ਆ ਰਹੀ ਹੈ। ਫਿਰ ਅਚਾਨਕ ਕਰੀਮ ਨੇ ਚੌਂਕ ਕੇ ਕਿਹਾ, "ਸੂਰਜ ਮੇਰੇ ਪਿੱਛੇ ਤੇਜ਼ੀ ਨਾਲ ਆਓ।"

ਕਰੀਮ ਅਤੇ ਸੂਰਜ ਨੇ ਆਪਣੇ ਪਿੰਡ ਵੱਲ ਦੌੜਨਾ ਸ਼ੁਰੂ ਕਰ ਦਿੱਤਾ। ਸੂਰਜ ਸਮਝ ਗਿਆ ਕਿ ਗੋਲੀ ਚੱਲਣ ਦੀ ਅਵਾਜ਼ ਪਿੰਡ ਵੱਲੋਂ ਹੀ ਆ ਰਹੀ ਹੈ।

"ਕੀ ਹੋਇਆ ਕਰੀਮ, ਕੁੱਝ ਦੱਸ ਤਾਂ ਸਹੀ ?" ਸੂਰਜ ਨੇ ਪੁੱਛਿਆ ਤਾਂ ਕਰੀਮ ਨੇ ਦੌੜਦੇ ਹੋਏ ਹੀ ਉਸ ਦਾ ਜਵਾਬ ਦਿੱਤਾ, "ਸੂਰਜ ਫਾਇਰਿੰਗ ਸਾਡੀ ਹਵੇਲੀ ਦੇ

ਆਸ-ਪਾਸ ਹੀ ਹੋ ਰਹੀ ਹੈ।"

ਸੂਰਜ ਦਾ ਦਿਲ ਤੇਜ਼ੀ ਨਾਲ ਧੜਕਣ ਲੱਗਾ। ਤੂਫਾਨ ਵਾਂਗ ਭੱਜਦੇ ਹੋਏ ਉਹ ਦੋਨੋਂ ਪਿੰਡ ਵਿੱਚ ਦਾਖਲ ਹੋਏ। ਗੋਲੀਆਂ ਦੀ ਅਵਾਜ਼ ਆਉਣੀ ਬੰਦ ਹੋ ਗਈ ਸੀ। ਦੋਨਾਂ ਦੇ ਹਵੇਲੀ ਕੋਲ ਪਹੁੰਚ ਕੇ ਛਾਏ ਸੰਨਾਟੇ ਨੂੰ ਦੇਖ ਕੇ ਕਲੇਜੇ ਬਾਹਰ ਆਉਣ ਲੱਗੇ।

ਕਰੀਮ ਅਤੇ ਸੂਰਜ ਨੂੰ ਆਉਂਦੇ ਦੇਖ ਕੇ ਹਵੇਲੀ ਦੇ ਗੁਆਂਢ 'ਚ ਰਹਿਣ ਵਾਲੇ ਪੰਡਿਤ ਜੀ ਆਪਣੇ ਘਰੋਂ ਬਾਹਰ ਆਏ। ਉਨ੍ਹਾਂ ਦਾ ਚਿਹਰਾ ਗੁੱਸੇ ਵਿੱਚ ਲਾਲ ਸੁਰਖ ਹੋਇਆ ਪਿਆ ਸੀ। ਕਰੀਮ ਨੇ ਲੰਬਾ ਸਾਹ ਲੈਂਦੇ ਹੋਏ ਪੰਡਿਤ ਜੀ ਨੂੰ ਪੁੱਛਿਆ, "ਕੀ ਹੋਇਆ ਚਾਚਾ ? ਇਹ ਗੋਲੀਆਂ ਦੀ ਅਵਾਜ਼ ਕਿਉਂ ਆ ਰਹੀ ਸੀ ?"

"ਕੀ ਦੱਸਾਂ ਬੇਟੇ, ਤਿੰਨ ਅੱਤਵਾਦੀ ਸ਼ੀਲਾ ਨੂੰ ਚੁੱਕਣ ਆਏ ਸਨ।"

"ਸ਼ੀਲਾ ਦੀਦੀ", ਕਰੀਮ ਤੜਪ ਉਠਿਆ। "ਫੇਰ ਕੀ ਹੋਇਆ ਚਾਚਾ, ਜਲਦੀ ਦੱਸੋ ਸ਼ੀਲਾ ਠੀਕ ਤਾਂ ਹੈ ਨਾ।"

"ਹਾਂ ਬੇਟਾ, ਸ਼ੀਲਾ ਠੀਕ ਹੈ। ਉਨ੍ਹਾਂ ਅੱਤਵਾਦੀਆਂ ਦੇ ਡਰੋਂ ਮੈਂ ਅਤੇ ਸ਼ੀਲਾ ਰੌਲਾ ਪਾਉਣ ਲੱਗੇ ਤਾਂ ਅਸ਼ਰਫ ਭਾਈ ਨੇ ਹਵੇਲੀ ਦੀ ਛੱਤ ਤੋਂ ਉਨ੍ਹਾਂ 'ਤੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਦੋਨੋਂ ਪਾਸਿਓਂ ਗੋਲੀਆਂ ਚੱਲੀਆਂ। ਨਗੀਨਾ ਵੀ ਬੰਦੂਕ ਲੈ ਕੇ ਸਾਡੇ ਵਿਹੜੇ ਵਿੱਚ ਕੁੱਦ ਪਈ, ਬੇਟਾ।"

"ਉਨ੍ਹਾਂ ਨੇ ਆਪਣੀ ਜਾਨ ਖਤਰੇ ਵਿੱਚ ਪਾ ਕੇ ਤਿੰਨਾਂ ਅੱਤਵਾਦੀਆਂ ਨੂੰ ਮੌਤ ਦੀ ਨੀਂਦ ਸੁਆ ਦਿੱਤਾ।" ਪੰਡਿਤ ਜੀ ਦਾ ਪੂਰਾ ਸਰੀਰ ਪਸੀਨੇ ਨਾਲ ਭਿੱਜਿਆ ਹੋਇਆ ਸੀ। ਉਸ ਦੇ ਚਿਹਰੇ 'ਤੇ ਇੱਕਦਮ ਚਿੰਤਾ ਦੀਆਂ ਰੇਖਾਵਾਂ ਉੱਭਰ ਆਈਆਂ ਤਾਂ ਕਰੀਮ ਦੇ ਨਾਲ-ਨਾਲ ਸੂਰਜ ਵੀ ਚੌਂਕਿਆ।

"ਅੱਬਾ ਅਤੇ ਨਗੀਨਾ ਤਾਂ ਠੀਕ ਹਨ ?" ਕਰੀਮ ਨੇ ਪੁੱਛਿਆ। ਸੂਰਜ ਦੀ ਬੇਚੈਨੀ ਇੱਕਦਮ ਵਧ ਗਈ। ਉਹ ਪੰਡਿਤ ਜੀ ਦੇ ਮੂੰਹ ਵੱਲ ਦੇਖਣ ਲੱਗਾ।"

"ਅਸ਼ਰਫ ਭਾਈ ਤਾਂ ਠੀਕ ਹਨ ਬੇਟਾ, ਪਰ......।" ਪੰਡਿਤ ਜੀ ਕੁੱਝ ਰੁਕੇ ਤਾਂ ਸੂਰਜ ਚੌਂਕ ਉੱਠਿਆ, "ਕੀ ਹੋਇਆ ਜਲਦੀ ਦੱਸੋ ?"

"ਸ਼ੀਲਾ ਨੂੰ ਬਚਾਉਣ ਲਈ ਨਗੀਨਾ ਨੇ ਆਪਣੇ ਸੀਨੇ 'ਤੇ ਗੋਲੀ ਖਾ ਲਈ।" ਕਹਿ ਕੇ ਪੰਡਤ ਜੀ ਧਾਹ ਮਾਰ ਕੇ ਰੋ ਪਏ।

ਨਗੀਨਾ ਨੂੰ ਗੋਲੀ ਲੱਗਣ ਦੀ ਖ਼ਬਰ ਸੂਰਜ ਸਹਿ ਨਾ ਸਕਿਆ। ਉਸ ਨੂੰ ਇੰਝ ਲੱਗਾ ਜਿਵੇਂ ਉਸ ਦਾ ਦਿਲ ਕਿਸੇ ਨੇ ਮੁੱਠੀ 'ਚ ਲੈ ਕੇ ਘੁੱਟ ਦਿੱਤਾ ਹੋਵੇ।

ਤਦ ਹੀ ਅਸ਼ਰਫ ਮੀਆਂ ਨਗੀਨਾ ਨੂੰ ਲੈ ਕੇ ਪੰਡਿਤ ਜੀ ਦੇ ਘਰੋਂ ਨਿਕਲੇ। ਸ਼ੀਲਾ ਉਸ ਦੇ ਨਾਲ ਸੀ। ਅਸ਼ਰਫ ਮੀਆਂ ਨੇ ਨਗੀਨਾ ਨੂੰ ਆਪਣੀਆਂ ਬਾਹਾਂ ਵਿੱਚ ਚੁੱਕਿਆ ਹੋਇਆ ਸੀ। ਉਸ ਦਾ ਸਫੈਦ ਲਿਬਾਸ ਖੂਨ ਨਾਲ ਰੰਗਦਾ ਜਾ ਰਿਹਾ ਸੀ।

"ਨਗੀਨਾ ਨੂੰ ਕੁੱਝ ਨਹੀਂ ਹੋਇਆ, ਮੇਰੇ ਬੱਚੇ। ਗੋਲੀ ਮੋਢੇ ਨੂੰ ਚੀਰਦੀ ਹੋਈ ਪਾਰ ਨਿਕਲ ਗਈ ਹੈ। ਮੈਨੂੰ ਖੁਸ਼ੀ ਇਸ ਗੱਲ ਦੀ ਹੈ ਕਿ ਸ਼ੀਲਾ ਬੇਟੀ ਸਹੀ ਸਲਾਮਤ ਹੈ। ਹੁਣ ਦੇਰ ਨਾ ਕਰੋ, ਕਰੀਮ। ਜਲਦੀ ਨਾਲ ਜੀਪ ਕੱਢੋ, ਨਗੀਨਾ ਨੂੰ ਨਾਲ ਦੇ ਸੈਨਿਕ ਕੈਂਪ ਵਿੱਚ ਲੈ ਕੇ ਜਾਣਾ ਹੈ।"



ਅਸ਼ਰਫ ਮੀਆਂ ਦੀ ਗੱਲ ਸੁਣਦਿਆਂ ਹੀ ਸੂਰਜ ਦੇ ਜਿਸਮ ਵਿੱਚ ਇੱਕ ਤਰ੍ਹਾਂ ਨਾਲ ਬਿਜਲੀ ਦੌੜ ਗਈ। ਉਹ ਭੱਜ ਕੇ ਹਵੇਲੀ ਦੇ ਗੈਰਾਜ ਤੱਕ ਪੁੱਜਾ ਅਤੇ ਤੇਜ਼ੀ ਨਾਲ ਜੀਪ ਅਸ਼ਰਫ ਮੀਆਂ ਕੋਲ ਲੈ ਆਇਆ।

ਅਸ਼ਰਫ ਮੀਆਂ ਨੇ ਨਗੀਨਾ ਨੂੰ ਪਿਛਲੀ ਸੀਟ 'ਤੇ ਲਿਟਾ ਦਿੱਤਾ। ਅਸ਼ਰਫ ਮੀਆਂ ਅਤੇ ਸ਼ੀਲਾ ਪਿੱਛੇ ਨਗੀਨਾ ਕੋਲ ਹੀ ਬੈਠ ਗਏ। ਕਰੀਮ ਅਤੇ ਪੰਡਿਤ ਜੀ ਸੂਰਜ ਕੋਲ ਬੈਠ ਗਏ। ਸੂਰਜ ਨੇ ਜੀਪ ਚਲਾਉਣੀ ਸ਼ੁਰੂ ਕੀਤੀ ਅਤੇ ਕਰੀਮ ਉਸ ਨੂੰ ਰਸਤਾ ਦੱਸਦਾ ਗਿਆ।

"ਤੁਸੀਂ ਸਹੀ ਸਮੇਂ 'ਤੇ ਆਪਣੀ ਬੇਟੀ ਨੂੰ ਇਥੇ ਲੈ ਆਏ। ਜ਼ਖਮ ਅਸੀਂ ਸਿਉਂ ਦਿੱਤਾ ਹੈ ਪ੍ਰੰਤੂ ਖੂਨ ਬਹੁਤ ਜ਼ਿਆਦਾ ਵਗ ਗਿਆ ਹੈ, ਜੇਕਰ ਹੁਣ ਇਸੇ ਗਰੁੱਪ ਦਾ ਖੂਨ ਨਾ ਮਿਲਿਆ ਤਾਂ ਮਰੀਜ਼ ਦੀ ਹਾਲਤ ਵਿਗੜ ਵੀ ਸਕਦੀ ਹੈ।" ਅਪਰੇਸ਼ਨ ਥੀਏਟਰ ਤੋਂ ਬਾਹਰ ਆ ਕੇ ਡਾਕਟਰ ਨੇ ਕਿਹਾ।

"ਨਗੀਨਾ ਦਾ ਬਲੱਡ ਗਰੁੱਪ ਕਿਹੜਾ ਹੈ, ਡਾਕਟਰ ?" ਕਰੀਮ ਨੇ ਪੁੱਛਿਆ।

ਡਾਕਟਰ ਨੇ ਬਲੱਡ ਗਰੁੱਪ ਦੱਸਿਆ ਤਾਂ ਸੂਰਜ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਸ ਦਾ ਖੂਨ ਗਰੁੱਪ ਵੀ ਨਗੀਨਾ ਦੇ ਖੂਨ ਗਰੁੱਪ ਨਾਲ ਮਿਲਦਾ ਸੀ।

ਉਸ ਦਿਨ ਰੱਖੜੀ ਸੀ। ਸੂਰਜ ਦਾ ਖੂਨ ਚੜ੍ਹਾਉਣ ਤੋਂ ਬਾਅਦ ਨਗੀਨਾ ਦੀ ਸਿਹਤ ਵਿੱਚ ਤੇਜ਼ੀ ਨਾਲ ਸੁਧਾਰ ਆਇਆ। ਇਸ ਲਈ ਡਾਕਟਰ ਨੇ ਦੋ ਦਿਨ ਦੀ ਬੈੱਡ ਰੈਸਟ ਕਰਨ ਦੀ ਸਲਾਹ ਦੇ ਕੇ ਨਗੀਨਾ ਨੂੰ ਛੁੱਟੀ ਦੇ ਦਿੱਤੀ।

ਨਗੀਨਾ ਬੈੱਡ ਦੇ ਸਿਰਹਾਣੇ ਬੈਠੀ ਹੋਈ ਸੀ। ਅਸ਼ਰਫ ਮੀਆਂ ਅਤੇ ਪੰਡਿਤ ਜੀ ਇੱਕ ਪਾਸੇ ਸੋਫੇ 'ਤੇ ਬੈਠੇ ਗੱਲਾਂ ਕਰ ਰਹੇ ਸਨ ਜਦ ਕਿ ਕਰੀਮ ਅਤੇ ਸੂਰਜ ਨਗੀਨਾ ਕੋਲ ਹੀ ਬੈਠੇ ਸ਼ੀਲਾ ਦਾ ਇੰਤਜ਼ਾਰ ਕਰ ਰਹੇ ਸਨ, ਜੋ ਕਰੀਮ ਨੂੰ ਰੱਖੜੀ ਬੰਨ੍ਹਣ ਆਉਣ ਵਾਲੀ ਸੀ।

ਤਦ ਹੀ ਸ਼ੀਲਾ ਕਮਰੇ ਵਿੱਚ ਆਈ। ਉਸ ਦੇ ਹੱਥ ਵਿੱਚ ਥਾਲੀ ਸੀ ਜਿਸ ਵਿੱਚ ਚੌਲ, ਕੁੱਝ ਮਿਠਾਈਆਂ ਅਤੇ ਦੋ ਰੱਖੜੀਆਂ ਸਨ। ਸ਼ੀਲਾ ਨੂੰ ਦੇਖ ਕੇ ਕਰੀਮ ਉੱਠ ਕੇ ਖੜ੍ਹਾ ਹੋ ਗਿਆ। ਸ਼ੀਲਾ ਨੇ ਉਸ ਦੇ ਟਿੱਕਾ ਲਗਾਇਆ, ਮਿਠਾਈ ਖਵਾਈ ਅਤੇ ਉਸ ਦੇ ਹੱਥ 'ਤੇ ਰੱਖੜੀ ਬੰਨ ਦਿੱਤੀ। ਕਰੀਮ ਨੇ ਜੇਬ ਵਿੱਚੋਂ ਸੋਨੇ ਦੀ ਇੱਕ ਚੇਨ ਕੱਢੀ ਅਤੇ ਸ਼ੀਲਾ ਨੂੰ ਦੇ ਦਿੱਤੀ।

ਸ਼ੀਲਾ ਨੇ ਸੋਨੇ ਦੀ ਮਹਿੰਗੀ ਚੇਨ ਦੇਖ ਕੇ ਹੈਰਾਨੀ ਨਾਲ ਕਰੀਮ ਵੱਲ ਦੇਖਿਆ। ਕਰੀਮ ਨੇ ਉਸ ਦੇ ਹੱਥ 'ਤੇ ਪਿਆਰ ਨਾਲ ਹੱਥ ਫੇਰਿਆ ਤੇ ਕਿਹਾ, "ਰੱਖ ਲੈ ਦੀਦੀ, ਤੇਰੇ ਦਹੇਜ ਵਿੱਚ ਕੰਮ ਆਵੇਗੀ।" ਕਰੀਮ ਸ਼ਰਾਰਤ ਨਾਲ ਬੋਲਿਆ ਤਾਂ ਸ਼ੀਲਾ ਸ਼ਰਮਾ ਗਈ।

"ਓਹ ਸ਼ੀਲਾ, ਇਹ ਦੂਸਰੀ ਰੱਖੜੀ ਕਿਸ ਲਈ ਹੈ ਬੇਟੀ ?" ਅਸ਼ਰਫ ਮੀਆਂ ਨੇ ਥਾਲੀ ਵਿਚਲੀ ਰੱਖੜੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

"ਇਹ ਗੱਲ ਤਾਂ ਸਾਡੀ ਪਿਆਰੀ ਦੀਦੀ ਨਗੀਨਾ ਹੀ ਦੱਸੇਗੀ।" ਸ਼ੀਲਾ ਨੇ ਕਿਹਾ ਤੇ ਉਹ ਸੂਰਜ ਨੂੰ ਖਿੱਚ ਕੇ ਨਗੀਨਾ ਕੋਲ ਲੈ ਗਈ।

ਨਗੀਨਾ ਨੇ ਪਹਿਲਾਂ ਰਿਵਾਜ ਮੁਤਾਬਿਕ ਸੂਰਜ ਦੇ ਮੱਥੇ 'ਤੇ ਟਿੱਕਾ ਲਗਾਇਆ

ਤੇ ਫੇਰ ਬਰਫ਼ੀ ਦਾ ਇੱਕ ਟੁਕੜਾ ਉਸ ਨੂੰ ਖਵਾਇਆ। ਸੂਰਜ ਦਾ ਹੱਥ ਆਪਣੇ ਆਪ ਨਗੀਨਾ ਵੱਲ ਵਧ ਗਿਆ। ਉਹ ਜਜ਼ਬਾਤੀ ਹੋ ਗਿਆ ਅਤੇ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਟਪਕਣ ਲੱਗੇ। ਉਸ ਦੇ ਦਿਲ ਵਿੱਚ ਨਗੀਨਾ ਲਈ ਜੋ ਪਿਆਰ ਪੈਦਾ ਹੋਇਆ ਸੀ ਉਹ ਭੈਣ-ਭਰਾ ਦੇ ਰਿਸ਼ਤੇ ਵਿੱਚ ਬਦਲ ਚੁੱਕਾ ਸੀ।

"ਨਗੀਨਾ, ਤੂੰ ਅੱਜ ਮੇਰੀ ਜ਼ਿੰਦਗੀ ਦੀ ਬਹੁਤ ਵੱਡੀ ਕਮੀ ਪੂਰੀ ਕਰ ਦਿੱਤੀ। ਮੇਰੇ ਭੈਣ ਨਹੀਂ ਸੀ, ਪ੍ਰੰਤੂ ਅੱਜ ਮੈਨੂੰ ਮੇਰੀ ਭੈਣ ਮਿਲ ਗਈ ਹੈ। ਪਰ ਭੈਣ, ਅੱਜ ਤੇਰੇ ਇਸ ਭਰਾ ਕੋਲ ਤੈਨੂੰ ਦੇਣ ਲਈ ਕੁੱਝ ਵੀ ਨਹੀਂ ਹੈ।" ਸੂਰਜ ਨੇ ਭਰੇ ਗਲੇ ਨਾਲ ਕਿਹਾ ਤਾਂ ਨਗੀਨਾ ਵੀ ਭਾਵੁਕ ਹੋ ਗਈ।

"ਵੀਰ ਜੀ, ਇੰਝ ਨਾ ਕਹੋ, ਤੁਸੀਂ ਹੀ ਤਾਂ ਆਪਣਾ ਖ਼ੂਨ ਦੇ ਕੇ ਮੇਰੀ ਜਾਨ ਬਚਾਈ ਹੈ। ਅੱਜ ਤੁਸੀਂ ਮੇਰੇ ਨਾਲ ਇੱਕ ਵਾਅਦਾ ਕਰੋ ਕਿ ਹਰ ਸਾਲ ਤੁਸੀਂ ਰੱਖੜੀ ਇਥੇ ਆ ਕੇ ਮੈਥੋਂ ਬਨ੍ਹਾਇਆ ਕਰੋਗੇ।"

ਸੂਰਜ ਮੁਸਕਰਾ ਪਿਆ ਅਤੇ ਬੋਲਿਆ, "ਮੈਂ ਤਾਂ ਤੈਥੋਂ ਰੱਖੜੀ ਬੰਨ੍ਹਵਾਉਣ ਸਿਰਫ਼ ਅਗਲੀ ਵਾਰ ਹੀ ਆਵਾਂਗਾ।"

ਸਾਰੇ ਇਸ ਗੱਲ 'ਤੇ ਚੌਂਕ ਗਏ। ਨਗੀਨਾ ਦੀਆਂ ਅੱਖਾਂ ਵਿੱਚੋਂ ਵੀ ਹੰਝੂ ਝਿਲਮਿਲਾਉਣ ਲੱਗੇ। ਤਦ ਹੀ ਸੂਰਜ ਨੇ ਆਪਣੀ ਗੱਲ ਪੂਰੀ ਕੀਤੀ, "ਕਿਉਂਕਿ ਅਗਲੀ ਵਾਰ ਜਦ ਮੈਂ ਰੱਖੜੀ ਬੰਨ੍ਹਵਾਉਣ ਆਵਾਂਗਾ, ਤਾਂ ਤੇਰੇ ਲਈ ਇੱਕ ਸੁੰਦਰ ਜਿਹਾ ਲੜਕਾ ਵੀ ਲੱਭ ਕੇ ਲਿਆਵਾਂਗਾ। ਉਸ ਤੋਂ ਬਾਅਦ ਤਾਂ ਤੈਥੋਂ ਰੱਖੜੀ ਬੰਨ੍ਹਵਾਉਣ ਤੇਰੇ ਸਹੁਰੇ ਘਰ ਹੀ ਆਇਆ ਕਰਾਂਗਾ।"

ਸੂਰਜ ਦੀ ਗੱਲ ਪੂਰੀ ਹੋਈ ਤਾਂ ਸਭ ਹੱਸਣ ਲੱਗੇ। ਨਗੀਨਾ ਸ਼ਰਮਾ ਗਈ। "ਜਾਹ ਵੀਰੇ, ਮੈਂ ਨਹੀਂ ਤੇਰੇ ਨਾਲ ਬੋਲਦੀ" ਕਹਿ ਕੇ ਉਸ ਨੇ ਚਾਦਰ ਖਿੱਚ ਕੇ ਆਪਣਾ ਚਿਹਰਾ ਛੁਪਾ ਲਿਆ।



# ਜੂੜੇ 'ਚ ਟੰਗਿਆ ਫੁੱਲ

**- ਮਾਇਆ ਪ੍ਰਧਾਨ**

ਧੁੱਪ ਦੀਆਂ ਰੇਸ਼ਮੀ ਕਿਰਨਾਂ ਖਿੜਕੀ ਦੀਆਂ ਸਲਾਖਾਂ ਵਿੱਚੋਂ ਲੰਘ ਕੇ ਮੀਤਾ ਦੇ ਚਿਹਰੇ ਉੱਪਰ ਪੈ ਰਹੀਆਂ ਸਨ। ਹੁਣੇ ਹੁਣੇ ਬੜੀ ਮਿਹਨਤ ਨਾਲ ਸਜਾਏ ਗਏ ਚਿਹਰੇ ਦਾ ਨਿਖ਼ਾਰ ਇਸ ਤਰ੍ਹਾਂ ਹੋਰ ਵੀ ਵਧ ਗਿਆ ਸੀ। ਆਖਰੀ ਵਾਰ ਸ਼ੀਲਾ ਸ਼ੀਸ਼ਾ ਵੇਖ ਕੇ ਸੰਤੁਸ਼ਟ ਜਿਹੀ ਹੋ ਕੇ ਬੋਲੀ, "ਮੈਂ ਕਿਹੜੀ ਸਾੜ੍ਹੀ ਪਹਿਨ ਕੇ ਗਈ ਸੀ, ਤੁਹਾਨੂੰ ਕੁੱਝ ਯਾਦ ਹੈ ?"

ਪੁਸ਼ਕਰ ਅਖ਼ਬਾਰ ਪੜ੍ਹ ਰਿਹਾ ਸੀ। ਮੀਤਾ ਵੱਲ ਵੇਖਦੇ ਹੋਏ ਉਹ ਬੋਲਿਆ, "ਕਿੱਥੇ ?"

"ਸਵੇਰ ਦੀ ਕਿੰਨੀ ਵਾਰ ਦੱਸ ਚੁੱਕੀ ਹਾਂ ਕਿ ਅੱਜ ਸਾਡੀ ਮਹਿਲਾ ਮੰਡਲ ਦੀ ਮੀਟਿੰਗ ਹੈ, ਤੁਹਾਨੂੰ ਇਹ ਵੀ ਯਾਦ ਨਹੀਂ ?" ਮੀਤਾ ਥੋੜ੍ਹਾ ਜਿਹਾ ਅੱਕ ਕੇ ਬੋਲੀ।

ਪੁਸ਼ਕਰ ਨੇ ਲੰਬਾ ਸਾਹ ਲਿਆ ਅਤੇ ਬੋਲਿਆ, "ਬੇਗਮ, ਆਪਣੀ ਯਾਦਾਸ਼ਤ ਦੀ ਦਾਦ ਦਿਓ ਪਹਿਲਾਂ, ਹੁਣੇ ਹੁਣੇ ਤਾਂ ਤੁਸੀਂ ਸ਼ਾਇਦ ਸਾੜ੍ਹੀ ਦੀ ਗੱਲ ਕਰ ਰਹੇ ਸੀ ਅਤੇ ਹੁਣ ਮਹਿਲਾ ਮੰਡਲ ਦੀ ਮੀਟਿੰਗ ਦੀ ਗੱਲ ਕਰ ਰਹੀ ਏਂ।"

"ਦੇਖੋ, ਤੰਗ ਨਾ ਕਰੋ। ਦਰਅਸਲ ਮੈਨੂੰ ਬਹੁਤ ਜਲਦੀ ਹੈ, ਕੁੱਝ ਵੀ ਯਾਦ ਨਹੀਂ ਆ ਰਿਹਾ।"

ਪੁਸ਼ਕਰ ਨੇ ਅਖ਼ਬਾਰ ਮੇਜ਼ 'ਤੇ ਰੱਖ ਦਿੱਤਾ ਅਤੇ ਬੋਲਿਆ, "ਇੰਝ ਕਰੋ ਪਹਿਲਾਂ ਇੱਕ ਸੂਚੀ ਤਿਆਰ ਕਰ ਲਓ ਕਿ ਕਿਹੜੇ ਮਹੀਨੇ ਦੇ ਕਿਹੜੇ ਹਫ਼ਤੇ ਕਿਹੜੀ ਸਾੜ੍ਹੀ ਪਹਿਨੀ ਸੀ। ਬੱਸ, ਅਗਲੀ ਵਾਰ ਦੀ ਸਮੱਸਿਆ ਹੱਲ ਹੋ ਜਾਵੇਗੀ।"

"ਤੁਸੀਂ ਫਿਰ ਮਜ਼ਾਕ ਕਰ ਰਹੇ ਹੋ।"

"ਮਜ਼ਾਕ ਕਾਹਦਾ, ਹੁਣੇ ਤੂੰ ਪੁੱਛੇਂਗੀ ਕਿ ਮੈਂ ਕਿਹੜਾ ਹਾਰ, ਕਿਹੜੇ ਟੌਪਸ ਅਤੇ ਕਿਹੜੀਆਂ ਵੰਗਾਂ ਪਹਿਨੀਆਂ ਸਨ।"

"ਬੱਸ, ਬੱਸ ...... ਬਾਤ ਦਾ ਬਤੰਗੜ ਬਣਾਈ ਜਾਂਦੇ ਹੋ।" ਮੀਤਾ ਨੇ ਅਲਮਾਰੀ ਖੋਲ੍ਹ ਕੇ ਹੈਂਗਰ 'ਤੇ ਟੰਗੀਆਂ ਸਾੜ੍ਹੀਆਂ 'ਤੇ ਉਂਗਲੀਆਂ ਘੁਮਾਉਣੀਆਂ ਸ਼ੁਰੂ ਕੀਤੀਆਂ। ਫਿਰ ਬੈਂਗਣੀ ਰੰਗ ਦੀ ਸਾੜ੍ਹੀ ਬਾਹਰ ਕੱਢ ਕੇ ਬੋਲੀ, "ਮੇਰੇ ਖ਼ਿਆਲ 'ਚ ਇਹ ਸਾੜ੍ਹੀ ਮੈਂ ਉਥੇ ਪਹਿਨ ਕੇ ਨਹੀਂ ਗਈ," ਅਤੇ ਸਾੜ੍ਹੀ ਲੈ ਕੇ ਉਹ ਦੂਸਰੇ ਕਮਰੇ ਵਿੱਚ ਚਲੀ ਗਈ।

ਪੁਸ਼ਕਰ ਨੇ ਹਰੀ ਨੂੰ ਅਵਾਜ਼ ਦਿੱਤੀ ਅਤੇ ਦੋ ਪਿਆਲੀਆਂ ਚਾਹ ਲਿਆਉਣ ਲਈ ਕਿਹਾ।

"ਮੇਰਾ ਇੱਕ ਕੰਮ ਕਰੋਗੇ ?" ਮੀਤਾ ਦੀ ਅਵਾਜ਼ ਵਿੱਚੋਂ ਖ਼ੁਸ਼ਾਮਦ ਝਲਕ ਰਹੀ ਸੀ।

"ਫਰਮਾਓ।"

"ਸਾੜੀ ਦੇ ਰੰਗ ਨਾਲ ਮਿਲਦਾ-ਜੁਲਦਾ ਫੁੱਲ ਤੋੜ ਲਿਆਓ ਨਾ।"

"ਪਹਿਲਾਂ ਯਾਦ ਕਰ ਲੈ ਕਿ ਹੁਣ ਤੱਕ ਕਿਹੜੀ ਕਿਸਮ ਦਾ ਫੁੱਲ ਲਗਾ ਕੇ ਉਥੇ ਨਹੀਂ ਗਈ।"

"ਫਿਰ ਉਹੀ ਮਜ਼ਾਕ। ਜਲਦੀ ਜਾਓ ਨਾ। ਸਨੇਹ ਹੁਣੇ ਕਾਰ ਲੈ ਕੇ ਆ ਜਾਵੇਗੀ।"

"ਜੋ ਆਗਿਆ, ਦੇਵੀ ਜੀ।" ਪੁਸ਼ਕਰ ਉੱਠ ਕੇ ਬਾਗ਼ ਵਿੱਚ ਚਲਾ ਗਿਆ।

ਹਰੀ ਚਾਹ ਲੈ ਆਇਆ ਸੀ। ਸਾੜੀ ਠੀਕ ਕਰਕੇ ਮੀਤਾ ਨੇ ਆਪਣੀ ਪਿਆਲੀ ਚੁੱਕ ਲਈ।

ਪੁਸ਼ਕਰ ਬੈਂਗਣੀ ਰੰਗ ਦਾ ਪੈਂਜੀ ਦਾ ਫੁੱਲ ਤੋੜ ਲਿਆਇਆ ਸੀ। ਮੇਜ 'ਤੇ ਫੁੱਲ ਰੱਖਦੇ ਹੋਏ ਬੋਲਿਆ, "ਦੇਖ, ਹੁਣ ਇਹ ਨਾ ਕਹੀਂ ਕਿ ਇਸ ਨੂੰ ਜੂੜੇ ਵਿੱਚ ਵੀ ਸਜਾ ਦਿਓ, ਨਹੀਂ ਤਾਂ ਮੇਰੀ ਚਾਹ ਠੰਢੀ ਹੋ ਜਾਵੇਗੀ।

ਮੀਤਾ ਨੇ ਖੁਦ ਹੀ ਫੁੱਲ ਜੂੜੇ ਵਿੱਚ ਸਜਾ ਲਿਆ।

ਬਾਹਰ ਕਾਰ ਦੀ ਅਵਾਜ਼ ਸੁਣਾਈ ਦਿੱਤੀ ਤਾਂ ਮੀਤਾ ਅੱਧੀ ਚਾਹ ਛੱਡ ਕੇ ਭੱਜੀ।

ਸਨੇਹ ਨੇ ਮੀਤਾ ਨੂੰ ਦੇਖਦੇ ਹੀ ਕਿਹਾ, "ਹਾਏ......ਗਜ਼ਬ, ਅੱਜ ਤਾਂ ਲਗਦਾ ਹੈ ਤੇਰੇ ਪਤੀ ਦੇਵ ਨੇ ਤੈਨੂੰ ਖੁਦ ਆਪਣੇ ਹੱਥਾਂ ਨਾਲ ਸਜਾ ਕੇ ਭੇਜਿਆ ਹੈ।"

ਮਹਿਲਾ ਮੰਡਲ ਦੀਆਂ ਕਾਫੀ ਮੈਂਬਰ ਆ ਚੁੱਕੀਆਂ ਸਨ। ਸਨੇਹ ਨਾਲ ਮੀਤਾ ਜਦ ਅੰਦਰ ਪਹੁੰਚੀ ਤਾਂ ਕਮਲਾ ਨੇ ਮੁਸਕਰਾ ਕੇ ਕਿਹਾ, "ਬਈ, ਮੀਤਾ ਕਿੱਥੋਂ ਚੁਣ-ਚੁਣ ਕੇ ਕੱਢਦੀ ਏਂ ਇਹੋ ਜਿਹੀਆਂ ਸਾੜੀਆਂ ?"

ਮੀਤਾ ਖੁਸ਼ੀ ਨਾਲ ਮੁਸਕਰਾਈ।

ਸਨੇਹ ਨੇ ਹਸਰਤ ਭਰੀ ਨਜ਼ਰ ਸਾੜੀ 'ਤੇ ਮਾਰੀ ਅਤੇ ਕਮਲਾ ਨੇ ਪੁੱਛਿਆ, "ਬਈ ਅੱਜ ਸਭਾ ਦਾ ਵਿਸ਼ਾ ਕੀ ਹੈ?"

"ਇਹ ਲਓ, ਨੋਟਿਸ ਵਿੱਚ ਲਿਖਿਆ ਤਾਂ ਹੈ ਕਿ ਹੋਲੀ ਮਿਲਾਪ ਦੇ ਪ੍ਰੋਗਰਾਮ ਦੀ ਰੂਪ-ਰੇਖਾ ਨਿਸ਼ਚਿਤ ਕੀਤੀ ਜਾਵੇਗੀ।" ਕਮਲਾ ਨੇ ਕਿਹਾ।

"ਦੇਖੋ, ਸਾਡੇ ਜ਼ਿੰਮੇ ਕੁਝ ਬਣਾਉਣ ਦੀ ਜ਼ਿੰਮੇਵਾਰੀ ਨਾ ਲਗਾਉਣਾ।" ਸਨੇਹ ਨੇ ਆਪਣੀ ਸਫ਼ਾਈ ਦਿੱਤੀ।

ਤਦ ਤੱਕ ਕੁਝ ਹੋਰ ਵੀ ਮੈਂਬਰ ਉੱਥੇ ਆ ਪਹੁੰਚੀਆਂ। ਅਲਕਾ ਨੇ ਆਉਂਦਿਆਂ ਹੀ ਮੀਤਾ ਦਾ ਨਿਰੀਖਣ ਸ਼ੁਰੂ ਕੀਤਾ, "ਓ......ਹੋ......ਕਿੰਨਾ ਸੁੰਦਰ ਪੈਂਜੀ ਦਾ ਫੁੱਲ ਹੈ। ਸਾਡੇ ਵਰਗੀਆਂ ਤਾਂ ਐਵੇਂ ਹੀ ਗੁਲਾਬ ਦੇ ਪਿੱਛੇ ਭੱਜਦੀਆਂ ਰਹਿੰਦੀਆਂ ਹਨ, ਮੇਲ ਖਾਵੇ ਜਾਂ ਨਾ।"

"ਬੱਸ, ਫੁੱਲ ਦੀ ਹੀ ਤਾਰੀਫ ਕਰੇਂਗੀ ਜਾਂ ਲਗਾਉਣ ਵਾਲੇ ਦੀ ਵੀ।" ਕਿਸੇ ਨੇ ਟੋਕਿਆ।

ਮੀਤਾ ਨੇ ਸ਼ਰਮਾਉਣ ਦਾ ਬਹਾਨਾ ਕਰਦਿਆਂ ਗਦਗਦ ਹੋ ਕੇ ਕਿਹਾ, "ਉਨ੍ਹਾਂ ਨੇ ਹੀ ਲਗਾਇਆ ਹੈ, ਕੀ ਕਰਦੀ, ਲੈ ਜੋ ਆਏ ਤੋੜ ਕੇ।"

"ਬਈ ਵਾਹ, ਫਿਰ ਤਾਂ ਪੁਸ਼ਕਰ ਸਾਹਿਬ ਦੀ ਤਾਰੀਫ਼ ਕਰਨੀ ਹੀ ਪਵੇਗੀ।"



ਰਤਨਾ ਨੇ ਚੁਟਕੀ ਮਾਰਦੇ ਹੋਏ ਕਿਹਾ।

ਸਨੇਹ ਨੇ ਹੌਂਕਾ ਲੈਂਦੇ ਹੋਏ ਕਿਹਾ, "ਬਈ, ਹਰ ਕਿਸੇ ਦਾ ਨਸੀਬ ਇਹੋ ਜਿਹਾ ਕਿੱਥੇ ਕਿ ਪਤਨੀ ਤਿਆਰ ਹੋ ਕੇ ਖੜ੍ਹੇ ਤਾਂ ਮੀਆਂ ਜੀ ਵਾਲਾਂ ਵਿੱਚ ਫੁੱਲ ਲਗਾ ਦੇਣ।"

ਸਭ ਦੀਆਂ ਤਾਰੀਫ਼ਾਂ ਨਾਲ ਮੀਤਾ ਫੁੱਲ ਕੇ ਗੁਬਾਰਾ ਹੋਈ ਜਾਂਦੀ ਸੀ, ਕਿ ਵਿਮਲਾ ਦੀ ਅਵਾਜ਼ ਆਈ, ਸਨੇਹ, ਜ਼ਰਾ ਪ੍ਰਧਾਨ ਜੀ ਨੂੰ ਫੋਨ ਤਾਂ ਕਰਨਾ। ਸਾਰੇ ਆ ਗਏ, ਉਹੀ ਨਹੀਂ ਆਈ, ਸਭਾ ਸ਼ੁਰੂ ਕਿਵੇਂ ਕਰੀਏ ?"

"ਓ......ਮੀਤਾ, ਅੱਜ ਬੜੀ ਦੇਰ ਕਰ ਦਿੱਤੀ ਤੂੰ, ਕੀ ਗੱਲ ਹੈ।" ਭਾਰਤੀ ਮੀਤਾ ਕੋਲ ਬੈਠਦੀ ਹੋਈ ਬੋਲੀ।

"ਅੱਜ ਸ਼ਾਹ ਬਹਾਦਰ ਖੁਦ ਸਜਾ ਰਹੇ ਸਨ, ਇਸ ਲਈ।" ਰਤਨਾ ਨੇ ਫਿਰ ਚੁਟਕੀ ਮਾਰੀ।

"ਓ.......ਹੋ......ਏਸੇ ਕਰਕੇ ਤਾਂ ਮੈਂ ਸੋਚ ਰਹੀ ਹਾਂ ਕਿ ਅੱਜ ਬਿਜਲੀਆਂ ਕਿਉਂ ਡਿੱਗ ਰਹੀਆਂ ਹਨ ?"

ਕਿਉਂ ਸ਼ਰਮਿੰਦਾ ਕਰਦੀ ਏਂ।" ਮੀਤਾ ਨੇ ਸ਼ਰਮਾਉਣ ਦਾ ਬਹਾਨਾ ਕਰਦੇ ਹੋਏ ਸਾੜੀ ਦਾ ਪੱਲੂ ਠੀਕ ਕਰਕੇ ਕਿਹਾ, "ਇਹ ਤਾਂ ਦੱਸੋ ਪ੍ਰੋਗਰਾਮ ਦੀ ਰੂਪ ਰੇਖਾ ਵਗੈਰਾ ਤਿਆਰ ਹੋ ਗਈ ਹੈ ਕਿ ਨਹੀਂ ?"

"ਹਾਲੇ ਕਿੱਥੇ......ਪ੍ਰਧਾਨ ਜੀ ਆਉਣ ਤਾਂ ਨਾ।"

"ਪਰ ਪ੍ਰੋਗਰਾਮ ਦੀ ਰੂਪ ਰੇਖਾ ਤਾਂ ਤੁਸੀਂ ਹੀ ਤਿਆਰ ਕਰਦੇ ਹੋ ?" ਮੀਤਾ ਨੇ ਵਿਸ਼ੇ ਨੂੰ ਮੋੜ ਦਿੱਤਾ।

"ਹਾਂ," ਵਿਮਲਾ ਨੇ ਲੰਬਾ ਸਾਹ ਲਿਆ, "ਪ੍ਰਧਾਨ ਜੀ ਦਾ ਫੋਨ ਆਇਆ ਸੀ ਕਿ ਹੋਲੀ ਮਿਲਾਪ ਪ੍ਰੋਗਰਾਮ ਧੂਮਧਾਮ ਨਾਲ ਹੋਵੇਗਾ। ਉਹ ਖੁਦ ਹੀ ਕੁੱਝ ਨਿਸ਼ਚਿਤ ਕਰੇਗੀ।"

"ਮੇਰੇ ਵਿਚਾਰ ਅਨੁਸਾਰ ਇਸ ਵਾਰ ਜ਼ਿਆਦਾ ਕੰਮ ਕਮਲਾ ਨੂੰ ਹੀ ਸੌਂਪਿਆ ਜਾਵੇਗਾ," ਅਲਕਾ ਨੇ ਕਿਹਾ।

"ਦੇਖੋ, ਕਹਿ ਤਾਂ ਰਹੀ ਸੀ ਕਿ ਇਸ ਵਾਰ ਸੁਭਾ ਪਕਵਾਨ ਬਣਾਏ ਜਾਣਗੇ। ਹੋਲੀ ਦੇ ਗੀਤਾਂ ਦਾ ਇੱਕ ਛੋਟਾ ਜਿਹਾ ਸੱਭਿਆਚਾਰਕ ਪ੍ਰੋਗਰਾਮ ਵੀ ਹੋਵੇਗਾ।

ਤਦ ਤੱਕ ਫੋਨ ਕਰਕੇ ਸਨੇਹ ਵਾਪਸ ਆ ਗਈ। ਉਹ ਬੋਲੀ, "ਬਈ......ਉਨ੍ਹਾਂ ਨੂੰ ਹਾਲੇ 20-25 ਮਿੰਟ ਲੱਗ ਜਾਣਗੇ। ਉਨ੍ਹਾਂ ਦਾ ਦਿਉਰ ਅਚਾਨਕ ਚੰਡੀਗੜ੍ਹ ਤੋਂ ਆ ਗਿਆ ਅਤੇ ਹੁਣੇ ਵਾਪਸ ਜਾ ਰਿਹਾ ਏ। ਉਨ੍ਹਾਂ ਦੇ ਜਾਣ ਤੋਂ ਬਾਅਦ ਹੀ ਪ੍ਰਧਾਨ ਜੀ ਆਵੇਗੀ।"

ਸਭ ਦੇ ਚਿਹਰੇ ਲਟਕ ਗਏ। ਬਰਾਂਡੇ 'ਚੋਂ ਉਹ ਅੰਦਰ ਜਾ ਕੇ ਬੈਠਣ ਲੱਗੀਆਂ। ਰਤਨਾ ਕਹਿੰਦੀ ਜਾ ਰਹੀ ਸੀ, "ਸਾਨੂੰ ਤਾਂ ਸਮੇਂ ਸਿਰ ਪਹੁੰਚਣ ਦਾ ਭਾਸ਼ਣ ਦਿੰਦੀ ਹੈ, ਪਰ ਖੁਦ ਹਮੇਸ਼ਾ ਲੇਟ ਆਉਂਦੀ ਹੈ।"

"ਬਈ......ਹੋਲੀ ਦਾ ਤਿਉਹਾਰ ਹੈ, ਦਿਉਰ ਭਾਬੀ ਹੋਲੀ ਤੋਂ ਪਹਿਲਾਂ ਹੀ ਖੇਡਣ ਲੱਗ ਗਏ ਹੋਣਗੇ," ਇੱਕ ਜ਼ੋਰ ਦਾ ਠਹਾਕਾ ਲੱਗਾ ਅਤੇ ਫਿਰ ਔਰਤਾਂ ਅਲੱਗ-ਅਲੱਗ ਟੋਲੀਆਂ ਬਣਾ ਕੇ ਬੈਠ ਗਈਆਂ। ਕਿਸੇ ਦੇ ਪਤੀ ਦੀ ਅਤੇ ਕਿਸੇ ਦੀ ਸੱਸ ਦੀਆਂ

ਚਰਚਾਵਾਂ ਜ਼ੋਰ ਫੜਨ ਲੱਗੀਆਂ, ਗਰਮਾ-ਗਰਮ ਚਰਚਾਵਾਂ ਨਾਲ ਸਭ ਦੇ ਮੇਕਅੱਪ ਕਮਲਾਉਣ ਲੱਗੇ।

ਥੋੜ੍ਹੀ ਦੇਰ ਬਾਅਦ ਹੀ ਪ੍ਰਧਾਨ ਜੀ ਦੀ ਕਾਰ ਫਾਟਕ ਕੋਲ ਆ ਕੇ ਰੁਕੀ। ਮਹਿਲਾ ਮੰਡਲ ਦੀਆਂ ਮੈਂਬਰਾਂ ਵਿੱਚ ਭਗਦੜ ਮੱਚ ਗਈ। 'ਆ ਗਈ, ਆ ਗਈ' ਦਾ ਸ਼ੋਰ ਮੱਚ ਗਿਆ। ਕਿਸੇ ਨੇ ਆਪਣੀ ਸਾੜ੍ਹੀ ਠੀਕ ਕੀਤੀ ਤੇ ਕਿਸੇ ਨੇ ਜੂੜਾ।

ਅਲਕਾ ਨੇ ਆਪਣਾ ਪਰਸ ਖੋਲ੍ਹ ਕੇ ਆਪਣਾ ਛੋਟਾ ਜਿਹਾ ਸ਼ੀਸ਼ਾ ਕੱਢਿਆ ਅਤੇ ਲਿਪਸਟਿਕ ਤਾਜ਼ਾ ਕਰਨ ਲੱਗੀ। ਮੀਤਾ ਨੇ ਵੀ ਉਸੇ ਦਾ ਸ਼ੀਸ਼ਾ ਲੈ ਕੇ ਆਪਣਾ ਨਿਰੀਖਣ ਕੀਤਾ। ਤਦ ਹੀ ਉਸ ਦੀ ਨਜ਼ਰ ਫੁੱਲ 'ਤੇ ਗਈ। ਮੀਤਾ ਦਾ ਦਿਲ ਕੀਤਾ ਕਿ ਉਹ ਤੁਰੰਤ ਹੀ ਘਰ ਪਰਤ ਜਾਵੇ ਪਰ ਉਸ ਨੂੰ ਠਹਿਰਨਾ ਪਿਆ।

ਘਰ ਆ ਕੇ ਸ਼ੀਸ਼ੇ ਸਾਹਮਣੇ ਖੜੀ ਹੋ ਕੇ ਜੂੜਾ ਖੋਲ੍ਹਦੀ ਹੋਈ ਮੀਤਾ ਬੋਲੀ, "ਅੱਜ ਕੱਲ ਕਿਹੜੇ ਕਿਹੜੇ ਫੁੱਲ ਹੁੰਦੇ ਹਨ ?"

ਪੁਸ਼ਕਰ ਨੇ ਹੱਸ ਕੇ ਕਿਹਾ, "ਇਹ ਪੁੱਛੋ ਕਿ ਕਿਹੜੇ ਕਿਹੜੇ ਨਹੀਂ ਹੁੰਦੇ।"

"ਕੀ ਮੇਰੀ ਸਾੜ੍ਹੀ ਨਾਲ ਮੇਲ ਖਾਂਦਾ ਕੋਈ ਹੋਰ ਫੁੱਲ ਨਹੀਂ ਸੀ ?" ਮੀਤਾ ਸਟੂਲ 'ਤੇ ਧੜੱਮ ਕਰਕੇ ਬੈਠ ਗਈ।

ਪੁਸ਼ਕਰ ਉਸ ਦੇ ਨੇੜੇ ਆ ਕੇ ਬੋਲਿਆ, "ਕਿਉਂ ਨਹੀਂ, ਮਟਰ ਦੇ ਫੁੱਲ ਵੀ ਬੈਂਗਣੀ ਨੀਲੇ ਹੁੰਦੇ ਹਨ।"

"ਮੈਨੂੰ ਹੋਰ ਨਾ ਸਤਾਓ," ਮੀਤਾ ਰੋਣਹਾਰੀ ਹੋ ਗਈ, "ਤੁਸੀਂ ਇੰਨੀ ਜਲਦੀ ਕਮਲਾਉਣ ਵਾਲਾ ਫੁੱਲ ਕਿਉਂ ਲਿਆਂਦਾ ?"

ਪੁਸ਼ਕਰ ਨੇ ਉਸ ਦੇ ਦੋਵੇਂ ਮੋਢਿਆਂ ਨੂੰ ਦਬਾਉਂਦਿਆਂ ਹੋਇਆਂ ਕਿਹਾ, "ਇਸ ਲਈ ਸ੍ਰੀਮਤੀ ਜੀ ਕਿ ਤੁਸੀਂ ਫੁੱਲ ਕਮਲਾਉਣ ਦੇ ਡਰ ਨਾਲ ਜਲਦੀ ਵਾਪਸ ਆ ਜਾਵੋ ਵਰਨਾ ਅੱਜ ਛੁੱਟੀ ਦੇ ਦਿਨ ਬੰਦਾ ਇਥੇ ਬੈਠਾ-ਬੈਠਾ ਬੋਰ ਹੋ ਰਿਹਾ ਸੀ।"

ਮੀਤਾ ਦੇ ਗੁੱਸੇ ਭਰੇ ਚਿਹਰੇ 'ਤੇ ਵੀ ਪੁਸ਼ਕਰ ਦੀ ਸ਼ਰਾਰਤੀ ਆਵਾਜ਼ ਨਾਲ ਹਾਸਾ ਪਰਤ ਆਇਆ ਅਤੇ ਉਸ ਦੀਆਂ ਉਂਗਲਾਂ ਤੇਜ਼ੀ ਨਾਲ ਜੂੜਾ ਖੋਲ੍ਹਣ ਲੱਗੀਆਂ।



# ਉਡਦਾ ਹੋਇਆ ਪਰਿੰਦਾ

**- ਨੀਰ ਸ਼ਬਨਮ**

"ਲਲਿਤਾ ਕੀ ਤੋਂ ਕੀ ਬਣ ਗਈ ਹੈ, ਉਸ ਦੇ ਪੈਰ ਤਾਂ ਇੱਕ ਤਰ੍ਹਾਂ ਜ਼ਮੀਨ 'ਤੇ ਨਹੀਂ ਲੱਗ ਰਹੇ। ਕਿੰਨਾ ਅੰਤਰ ਆ ਗਿਆ ਹੈ ਉਸ ਵਿੱਚ ?" ਜਤਿੰਦਰ ਸੋਚਣ ਲੱਗਾ ਅਤੇ ਅਤੀਤ ਦੀਆਂ ਯਾਦਾਂ ਉਸ ਦੇ ਸਾਹਮਣੇ ਇੱਕ-ਇੱਕ ਕਰ ਕੇ ਆਉਣ ਲੱਗੀਆਂ।

ਕਹਿਣ ਨੂੰ ਤਾਂ ਜਤਿੰਦਰ ਇੱਕ ਕਲਰਕ ਹੀ ਸੀ ਪਰ ਉਸ ਦਾ ਹੌਂਸਲਾ ਅਸਮਾਨ ਨੂੰ ਛੂਹਦਾ ਸੀ। ਵਿਆਹ ਤੋਂ ਪਹਿਲਾਂ ਲਲਿਤਾ ਮੈਟ੍ਰਿਕ ਤੱਕ ਹੀ ਪੜ੍ਹੀ ਸੀ ਪ੍ਰੰਤੂ ਜਤਿੰਦਰ ਨੇ ਹੀ ਉਸ ਨੂੰ ਅੱਗੇ ਪੜ੍ਹਾਉਣਾ ਚਾਹਿਆ ਸੀ।

"ਕੀ ?" ਲਲਿਤਾ ਸੁਣ ਕੇ ਜਿਵੇਂ ਅਸਮਾਨ ਤੋਂ ਥੱਲੇ ਆ ਡਿੱਗੀ।

"ਹਾਂ, ਮੈਂ ਤੈਨੂੰ ਪੜ੍ਹਾਉਣਾ ਚਾਹੁੰਦਾ ਹਾਂ, ਜਿੰਨਾ ਤੂੰ ਪੜ੍ਹ ਸਕੇਂ।"

ਲਲਿਤਾ ਖਿੜਖਿੜਾ ਕੇ ਹੱਸ ਪਈ, "ਤੁਸੀਂ ਮੈਨੂੰ ਪੜ੍ਹਾਓਗੇ, ਇੰਨੀ ਤਾਕਤ ਹੈ ਤੁਹਾਡੇ ਵਿੱਚ ? ਕਾਲਜ ਦਾ ਖਰਚਾ ਚੁੱਕ ਸਕੋਗੇ ?"

"ਬੱਸ ਤੂੰ ਇੱਕ ਵਾਰ ਹਾਂ ਕਹਿ ਦੇ।"

"ਮੇਰੇ ਹਾਂ ਕਹਿਣ ਨਾਲ ਕੀ ਹੋਵੇਗਾ ?"

"ਤੈਥੋਂ ਤਾਂ ਮੈਂ ਹਾਂ ਕਰਵਾ ਕੇ ਹੀ ਰਹਾਂਗਾ।"

ਅਸਲੀਅਤ ਵਿੱਚ ਤਾਂ ਲਲਿਤਾ ਨੂੰ ਪੜ੍ਹਨ ਦਾ ਬਿਲਕੁਲ ਸ਼ੌਕ ਨਹੀਂ ਸੀ। ਪਹਿਲਾਂ ਤਾਂ ਉਹ ਜਤਿੰਦਰ ਦੀ ਗਰੀਬੀ ਦਾ ਹਵਾਲਾ ਦੇ ਕੇ ਉਸਦਾ ਮਜ਼ਾਕ ਉਡਾਉਂਦੀ ਰਹੀ ਪਰ ਜਦ ਉਸ ਨੇ ਦੇਖਿਆ ਕਿ ਜਤਿੰਦਰ ਨੇ ਉਸ ਨੂੰ ਅੱਗੇ ਪੜ੍ਹਾਉਣ ਦਾ ਨਿਸ਼ਚਾ ਕਰ ਹੀ ਲਿਆ ਹੈ ਤਾਂ ਉਹ ਤਿਲਮਿਲਾ ਉੱਠੀ। ਉਸ ਨੇ ਆਪਣਾ ਆਖਰੀ ਤੀਰ ਛੱਡਿਆ, "ਨਹੀਂ ਨਹੀਂ, ਮੈਂ ਨਹੀਂ ਪੜ੍ਹਾਂਗੀ। ਵਿਆਹ ਨੂੰ ਛੇ ਮਹੀਨੇ ਹੋ ਚੁੱਕੇ ਹਨ। ਜੇਕਰ ਕੋਈ ਝਮੇਲਾ ਹੋਇਆ ਤਾਂ ਕੀ ਮੈਂ ਕਾਲਜ ਜਾ ਸਕਾਂਗੀ ਭਲਾਂ ? ਲੋਕ ਮਜ਼ਾਕ ਉਡਾਉਣਗੇ।"

"ਉਹ ਵੀ ਮੈਂ ਸੋਚ ਲਿਆ ਹੈ, ਮੈਂ ਪੰਜ ਸਾਲ ਤੱਕ ਅਜਿਹਾ ਖ਼ਤਰਾ ਤੈਨੂੰ ਨਹੀਂ ਉਠਾਉਣ ਦੇਵਾਂਗਾ। ਤਦ ਤੱਕ ਤੂੰ ਗਰੈਜੂਏਟ ਵੀ ਹੋ ਜਾਵੇਂਗੀ ਅਤੇ ਕੋਸ਼ਿਸ਼ ਕਰਨ 'ਤੇ ਤੈਨੂੰ ਨੌਕਰੀ ਵੀ ਮਿਲ ਜਾਵੇਗੀ।" ਜਤਿੰਦਰ ਦੇ ਬੋਲਾਂ ਵਿੱਚ ਦ੍ਰਿੜ ਨਿਸਚਾ ਸੀ।

ਜਤਿੰਦਰ ਦੀ ਜ਼ਿਦ ਅੱਗੇ ਲਲਿਤਾ ਦੀ ਇੱਕ ਨਾ ਚੱਲੀ ਅਤੇ ਉਸ ਦੇ ਬੋਲ ਪੂਰੇ ਹੋ ਗਏ। ਲਲਿਤਾ ਨੂੰ ਗਰੈਜੂਏਟ ਹੁੰਦਿਆਂ ਹੀ ਨੌਕਰੀ ਮਿਲ ਗਈ। ਇਸ ਦੇ ਬਾਵਜੂਦ ਵੀ ਜਤਿੰਦਰ ਉਸ ਨੂੰ ਅੱਗੇ ਪੜ੍ਹਾਉਂਦਾ ਰਿਹਾ। ਇਹੀ ਨਹੀਂ, ਜਦ ਟਰੇਨਿੰਗ ਦੀ ਗੱਲ ਚੱਲੀ ਤਾਂ ਉਸ ਨੇ ਕਿਹਾ, "ਦੇਖੋ, ਹੁਣ ਮੈਂ ਡਰਾਫਟਸਮੈਨ ਹੋ ਗਿਆ ਹਾਂ, ਤਨਖਾਹ ਵੀ ਚੰਗੀ ਮਿਲ ਰਹੀ ਹੈ, ਟਰੇਨਿੰਗ ਦਾ ਮੌਕਾ ਬਹੁਤ ਘੱਟ ਲੋਕਾਂ ਨੂੰ ਮਿਲਦਾ ਹੈ, ਤੂੰ ਅਸਤੀਫ਼ਾ ਦੇ ਕੇ ਚਲੀ ਜਾ। ਇਹੀ ਮੇਰੀ ਇੱਛਾ ਹੈ ਕਿਉਂਕਿ ਟਰੇਨਿੰਗ ਪੂਰੀ

ਹੋਣ 'ਤੇ ਤੈਨੂੰ ਕੋਈ ਵੱਡਾ ਅਹੁੱਦਾ ਮਿਲ ਜਾਵੇਗਾ।"

ਲਲਿਤਾ ਜਿਵੇਂ ਇਸ ਮੌਕੇ ਦੀ ਤਲਾਸ਼ ਵਿੱਚ ਪਹਿਲਾਂ ਹੀ ਸੀ। ਉਸ ਨੇ ਤੁਰੰਤ ਅਸਤੀਫ਼ਾ ਦੇ ਦਿੱਤਾ ਪ੍ਰੰਤੂ ਟਰੇਨਿੰਗ 'ਤੇ ਜਾਣ ਲਈ ਉਹ ਤਿਆਰ ਨਹੀਂ ਸੀ। ਉਸ ਨੇ ਦ੍ਰਿੜਤਾ ਨਾਲ ਕਿਹਾ, "ਨਹੀਂ, ਬਹੁਤ ਹੋ ਗਈ ਨੌਕਰੀ। ਮੈਂ ਸੰਸਾਰ ਵਿੱਚ ਆਈ ਹਾਂ ਤਾਂ ਸੰਸਾਰਕ ਸੁੱਖ ਸਾਧਨਾਂ ਤੋਂ ਵਾਂਝੀ ਕਿਉਂ ਰਹਾਂ ? ਪਰਿਵਾਰਕ ਸੁੱਖ ਵੀ ਭੋਗ ਲਵਾਂ। ਮੈਨੂੰ ਵੀ ਆਮ ਔਰਤਾਂ ਦੀ ਤਰ੍ਹਾਂ ਘਰ ਚਾਹੀਦਾ ਹੈ, ਬੱਚੇ ਚਾਹੀਦੇ ਹਨ। ਔਰਤ ਹਾਂ ਮੈਂ ਆਖਿਰ, ਔਰਤ ਦੀ ਤਰ੍ਹਾਂ ਜਿਉਣ ਦਾ ਮੈਨੂੰ ਵੀ ਹੱਕ ਹੈ।"

ਇਹ ਸੁਣ ਕੇ ਜਤਿੰਦਰ ਦੰਗ ਰਹਿ ਗਿਆ। ਇੱਕ ਸਾਲ ਤੱਕ ਉਹ ਕੁਝ ਨਾ ਬੋਲਿਆ। ਇਸ ਸਮੇਂ ਦੌਰਾਨ ਲਲਿਤਾ ਨੇ ਇੱਕ ਸੁੰਦਰ ਬੱਚੇ ਨੂੰ ਜਨਮ ਦਿੱਤਾ। ਉਹ ਜਾਣਦੀ ਸੀ ਕਿ ਬੱਚਾ ਛੋਟਾ ਹੋਣ ਕਰ ਕੇ ਟਰੇਨਿੰਗ ਦੀ ਗੱਲ ਜਤਿੰਦਰ ਕਰ ਨਹੀਂ ਸਕੇਗਾ। ਉਨ੍ਹਾਂ ਦਿਨਾਂ ਵਿੱਚ ਜਤਿੰਦਰ ਨੇ ਵੀ ਧੀਰਜ ਤੋਂ ਕੰਮ ਲਿਆ।

ਹਾਲੇ ਉਨ੍ਹਾਂ ਦਾ ਪੁੱਤਰ ਮਨੀਸ਼ ਤਿੰਨ ਮਹੀਨਿਆਂ ਦਾ ਹੀ ਸੀ ਕਿ ਜਤਿੰਦਰ ਨੇ ਲਲਿਤਾ ਦੇ ਸਾਹਮਣੇ ਪ੍ਰਵੇਸ਼ ਪੱਤਰ ਅਤੇ ਹੋਰ ਜ਼ਰੂਰੀ ਫਾਰਮ ਰੱਖ ਦਿੱਤੇ ਅਤੇ ਕਿਹਾ, "ਇਨ੍ਹਾਂ 'ਤੇ ਦਸਤਖਤ ਕਰ ਦੇ ਲਲਿਤਾ, ਤੁਰੰਤ ਜਮ੍ਹਾ ਕਰਾਉਣੇ ਹਨ।"

ਲਲਿਤਾ ਹੈਰਾਨ ਸੀ, "ਪ੍ਰੰਤੂ ਮਨੀਸ਼ ਨੂੰ ਛੱਡ ਕੇ ... ?"

"ਉਹ ਬੰਦੋਬਸਤ ਮੈਂ ਕਰ ਲਿਆ ਹੈ।"

"ਪਰ ਅਜਿਹੀ ਵੀ ਕੀ ਜ਼ਿਦ ਹੈ ?"

"ਤੂੰ ਮੈਨੂੰ ਇੱਕ ਦਿਨ ਉਲਾਂਭਾ ਦਿੱਤਾ ਸੀ ਕਿ ਮੈਂ ਤੈਨੂੰ ਆਪਣੇ ਤੋਂ ਵਧੇਰੇ ਪੜ੍ਹਾਉਣਾ ਨਹੀਂ ਚਾਹੁੰਦਾ। ਇਸ ਲਈ ਮੈਂ ਇੱਕ ਸੁਪਨਾ ਦੇਖਿਆ ਸੀ ਕਿ ਤੈਨੂੰ ਬੀ. ਡੀ. ਓ. ਬਣਾ ਕੇ ਹੀ ਰਹਾਂਗਾ। ਆਪਣੇ ਤੋਂ ਉੱਚੇ ਅਹੁੱਦੇ 'ਤੇ ਤੈਨੂੰ ਪਹੁੰਚਾ ਕੇ ਹੀ ਦਮ ਲਵਾਂਗਾ।"

ਆਖਿਰ ਲਲਿਤਾ ਨੂੰ ਟਰੇਨਿੰਗ 'ਤੇ ਜਾਣਾ ਹੀ ਪਿਆ। ਜਦ ਮਕਸਦ ਸਾਹਮਣੇ ਹੋਵੇ ਅਤੇ ਲਗਨ ਨਾਲ ਕਦਮ ਵਧਾਏ ਜਾਣ ਤਾਂ ਮੰਜ਼ਿਲ ਖ਼ੁਦ ਹੀ ਕਦਮ ਚੁੰਮ ਲੈਂਦੀ ਹੈ। ਆਖਿਰ ਲਲਿਤਾ ਜਦ ਬੀ. ਡੀ. ਓ. ਬਣ ਕੇ ਪਿੰਡ ਪਹੁੰਚੀ ਤਾਂ ਜਤਿੰਦਰ ਦੀਆਂ ਅੱਖਾਂ ਖ਼ੁਸ਼ੀ ਨਾਲ ਭਰ ਆਈਆਂ ਅਤੇ ਉਸ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ। ਉਸ ਦਾ ਸੁਪਨਾ ਸਾਕਾਰ ਹੋ ਗਿਆ ਸੀ। ਮਨੀਸ਼ ਨੂੰ ਗੋਦ ਵਿੱਚ ਲੈ ਕੇ ਉਹ ਲਲਿਤਾ ਨੂੰ ਮਿਲਿਆ। ਤਦ ਉਹ ਵੀ ਖ਼ੁਸ਼ੀ ਨਾਲ ਨਿਹਾਲ ਹੋ ਉੱਠੀ ਸੀ। ਹੁਣ ਉਸ ਨੂੰ ਆਪਣੀ ਸਿੱਖਿਆ ਦਾ ਸਹੀ ਮੁੱਲ ਸਮਝ ਆਉਣ ਲੱਗਾ ਸੀ। ਜਦ ਲੋਕ ਉਸ ਦਾ ਸਨਮਾਨ ਕਰਦੇ ਅਤੇ ਝੁਕ-ਝੁਕ ਕੇ ਉਸ ਨੂੰ ਸਲਾਮ ਕਰਦੇ ਤਾਂ ਲਲਿਤਾ ਨੂੰ ਆਪਣੇ ਪਤੀ ਦੇ ਦ੍ਰਿੜ ਨਿਸਚਿਆਂ ਬਾਰੇ ਹੋਰ ਵੀ ਪ੍ਰਸੰਨਤਾ ਹੁੰਦੀ।

ਜਤਿੰਦਰ ਲਲਿਤਾ ਦੀ ਤਰੱਕੀ ਦੇਖ ਕੇ ਇੱਕ ਵਿਲੱਖਣ ਜਿਹੀ ਖ਼ੁਸ਼ੀ ਮਹਿਸੂਸ ਕਰ ਰਿਹਾ ਸੀ। ਜੋ ਮੁਕਾਮ ਉਹ ਖ਼ੁਦ ਨਹੀਂ ਹਾਸਿਲ ਕਰ ਸਕਿਆ, ਉਹੀ ਉਸ ਨੇ ਆਪਣੀ ਪਤਨੀ ਦੇ ਜ਼ਰੀਏ ਹਾਸਿਲ ਕਰ ਲਿਆ ਸੀ। ਗ਼ਰੀਬੀ ਕਾਰਨ 19 ਸਾਲ ਦੀ ਉਮਰ ਵਿੱਚ ਹੀ ਉਸ ਦੇ ਮੋਢਿਆਂ 'ਤੇ ਪਰਿਵਾਰ ਦੀ ਜ਼ਿੰਮੇਵਾਰੀ ਆ ਪਈ ਸੀ। ਪਿਤਾ ਦੀ ਮੌਤ ਕਾਰਨ ਉਸ ਨੂੰ ਪੜ੍ਹਾਈ ਵਿਚਾਲੇ ਹੀ ਛੱਡ ਕੇ ਨੌਕਰੀ ਕਰਨੀ ਪਈ ਸੀ।



ਫਿਰ ਦੋ-ਦੋ ਭੈਣਾਂ ਦੀ ਸ਼ਾਦੀ ਦੀ ਜ਼ਿੰਮੇਵਾਰੀ ਵੀ ਉਸ ਨੂੰ ਹੀ ਨਿਭਾਉਣੀ ਪਈ ਸੀ।

ਮਾਂ ਦੀ ਬੀਮਾਰੀ ਕਾਰਨ ਉਸ ਦਾ ਵਿਆਹ ਜਲਦੀ ਕਰਨਾ ਜ਼ਰੂਰੀ ਹੋ ਗਿਆ ਸੀ ਪ੍ਰੰਤੂ ਇੱਕ ਦਿਨ ਜਦ ਲਲਿਤਾ ਨੇ ਰੋ ਕੇ ਕਿਹਾ ਕਿ "ਮੈਂ ਤਾਂ ਅੱਗੇ ਪੜ੍ਹਨਾ ਚਾਹੁੰਦੀ ਸੀ ਪ੍ਰੰਤੂ ਵਿਆਹ ਕਾਰਨ ਮੇਰੀ ਇਹ ਇੱਛਾ ਪੂਰੀ ਨਹੀਂ ਹੋ ਸਕੀ।" ਤਾਂ ਜਤਿੰਦਰ ਨੂੰ ਗਹਿਰਾ ਧੱਕਾ ਲੱਗਾ।

ਉਸ ਨੇ ਸੋਚਿਆ, ਆਪਣੇ ਸਵਾਰਥ ਦੀ ਖ਼ਾਤਿਰ ਉਹ ਇੱਕ ਮਾਸੂਮ ਲੜਕੀ ਦੇ ਸੁਪਨੇ ਚੂਰ-ਚੂਰ ਨਹੀਂ ਕਰ ਸਕਦਾ। ਲੜਕੀ ਹੈ, ਕੀ ਇਸੇ ਲਈ ਹੀ ਇਸ ਨੂੰ ਆਦਮੀ ਦਾ ਅੱਤਿਆਚਾਰ ਸਹਿਣਾ ਪਵੇਗਾ। ਤਦ ਹੀ ਉਸ ਨੇ ਨਿਸਚਾ ਕਰ ਲਿਆ ਕਿ ਉਹ ਲਲਿਤਾ ਨੂੰ ਜ਼ਰੂਰ ਪੜ੍ਹਾਵੇਗਾ। ਉਸ ਦੇ ਇਸ ਨਿਸਚੇ ਨੂੰ ਸੁਣ ਕੇ ਲਲਿਤਾ ਦੇ ਪਿਤਾ ਨੇ ਦੰਦਾਂ ਥੱਲੇ ਉਂਗਲੀਆਂ ਦਬਾ ਲਈਆਂ ਸਨ ਕਿਉਂਕਿ ਜੋ ਕੁਝ ਉਹ ਆਪਣੀ ਬੇਟੀ ਲਈ ਖ਼ੁਦ ਨਹੀਂ ਕਰ ਸਕੇ ਸਨ, ਉਹ ਜਤਿੰਦਰ ਨੇ ਕਰਨ ਦਾ ਨਿਸਚਾ ਕਰ ਲਿਆ ਸੀ। ਉਹ ਜਤਿੰਦਰ ਦੀ ਆਰਥਿਕ ਮੱਦਦ ਵੀ ਕਰਨੀ ਚਾਹੁੰਦੇ ਸਨ ਪ੍ਰੰਤੂ ਜਤਿੰਦਰ ਨੇ ਉਹ ਮੱਦਦ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਲਲਿਤਾ ਨੂੰ ਆਪਣੀ ਨੌਕਰੀ ਸੰਭਾਲਣ ਲਈ ਕਿਸੇ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ। ਉਸ ਨੂੰ ਲਗਭਗ ਹਰ ਰੋਜ਼ ਹੀ ਪਿੰਡਾਂ ਵਿੱਚ ਨਿਰੀਖਣ ਦੇ ਲਈ ਦੌਰੇ 'ਤੇ ਜਾਣਾ ਪੈਂਦਾ ਸੀ। ਇਸ ਕਰ ਕੇ ਹੁਣ ਉਹ ਜਤਿੰਦਰ ਨੂੰ ਬਹੁਤ ਘੱਟ ਸਮਾਂ ਦੇ ਪਾਉਂਦੀ ਸੀ।

ਇੱਕ ਦਿਨ ਜਤਿੰਦਰ ਨੇ ਦੇਖਿਆ ਕਿ ਲਲਿਤਾ ਬਹੁਤ ਪਰੇਸ਼ਾਨ ਹੈ। ਉਸ ਨੇ ਕਾਰਨ ਵੀ ਜਾਨਣਾ ਚਾਹਿਆ ਪ੍ਰੰਤੂ ਲਲਿਤਾ ਨੇ ਚੁੱਪ ਧਾਰ ਲਈ। ਤਦ ਜਤਿੰਦਰ ਨੇ ਚਪੜਾਸੀ ਤੋਂ ਪੁੱਛਗਿੱਛ ਕੀਤੀ ਕਿ ਸਫ਼ਰ ਦੌਰਾਨ ਅਜਿਹੀ ਕਿਹੜੀ ਗੱਲ ਹੋ ਗਈ ਕਿ ਲਲਿਤਾ ਨੂੰ ਏਨੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚਪੜਾਸੀ ਨੇ ਜਤਿੰਦਰ ਨੂੰ ਪੂਰੀ ਕਹਾਣੀ ਸੁਣਾ ਦਿੱਤੀ। ਉਸ ਸਮੇਂ ਜਤਿੰਦਰ ਨੇ ਲਲਿਤਾ ਨੂੰ ਕੁਝ ਵੀ ਕਹਿਣਾ ਉਚਿਤ ਨਾ ਸਮਝਿਆ। 15-20 ਦਿਨਾਂ ਬਾਅਦ ਉਸ ਨੇ ਇਸ ਗੱਲ ਨੂੰ ਛੇੜਨ ਦਾ ਨਿਸਚਾ ਕੀਤਾ।

ਇੱਕ ਦਿਨ ਆਪਣੇ ਕਾਲਜ ਦੇ ਹਮਜਮਾਤੀ ਨੂੰ ਦੇਖ ਕੇ ਲਲਿਤਾ ਚੌਂਕ ਉੱਠੀ, "ਓਹ ਹਰੀਸ਼, ਤੁਸੀਂ ਇੱਥੇ ਕਿਵੇਂ ?"

"ਮੈਨੂੰ ਵੀ ਤੁਹਾਨੂੰ ਦੇਖ ਕੇ ਹੈਰਾਨੀ ਹੋ ਰਹੀ ਹੈ। ਤੂੰ ਹੀ ਮੇਰੀ ਇੱਥੋਂ ਦੀ ਅਫ਼ਸਰ ਹੈਂ, ਮੇਰੀ ਇੱਥੋਂ ਦੀ ਬਦਲੀ ਹੋ ਗਈ ਹੈ। ਮੈਂ ਤਾਂ ਕਦੀ ਸੋਚਿਆ ਵੀ ਨਹੀਂ ਸੀ ਕਿ ਤੁਹਾਡੇ ਥੱਲੇ ਕੰਮ ਕਰਾਂਗਾ।"

"ਸਮਾਂ ਕਦ, ਕਿਸ ਨੂੰ, ਕਿੱਥੇ ਭੇਜ ਦੇਵੇ, ਕੌਣ ਜਾਣਦਾ ਹੈ ? ਅੱਛਾ ਹੁਣ ਤੁਸੀਂ ਜਾਓ, ਇੱਕ ਮਹੱਤਵਪੂਰਨ ਮੀਟਿੰਗ ਲਈ ਮੈਂ ਕੁਲੈਕਟਰ ਸਾਹਿਬ ਨੂੰ ਮਿਲਣ ਜਾਣਾ ਹੈ।"

"ਵਾਹ, ਕਿੰਨੀ ਨਿਖਰ ਆਈ ਹੈਂ ਤੂੰ, ਕਾਲਜ ਦੇ ਜ਼ਮਾਨੇ ਵਿੱਚ ਤੂੰ ਇੰਨੀ ਸੁੰਦਰ ਨਹੀਂ ਸੀ ਪ੍ਰੰਤੂ ਸ਼ਾਇਦ ਤੂੰ ਭੁੱਲੀ ਨਾ ਹੋਵੇਂ ਕਿ ਮੈਂ ਤੇਰੇ ਕਟੀਲੇ ਨੈਣਾਂ 'ਤੇ ਮਰ ਮਿਟਿਆ ਸੀ।" ਹਰੀਸ਼ ਮੁਸਕਰਾਉਂਦੇ ਹੋਏ ਬੋਲਿਆ।

ਲਲਿਤਾ ਉੱਠ ਕੇ ਸ਼ਰਮਾਉਂਦੀ ਹੋਈ ਚਲੀ ਗਈ।

ਰਾਤ ਨੂੰ ਬਿਸਤਰੇ 'ਤੇ ਪਏ-ਪਏ ਲਲਿਤਾ ਇਹੀ ਸੋਚ ਰਹੀ ਸੀ ਕਿ ਕਾਲਜ ਦੇ ਜ਼ਮਾਨੇ ਵਿੱਚ ਹਰੀਸ਼ ਕਿਵੇਂ ਉਸ ਦੇ ਆਸੇ-ਪਾਸੇ ਭੌਰੇ ਵਾਂਗ ਮੰਡਰਾਉਂਦਾ ਰਹਿੰਦਾ ਸੀ। ਕਦੀ-ਕਦੀ ਤਾਂ ਲਲਿਤਾ ਨੂੰ ਵੀ ਲੱਗਦਾ, "ਕਾਸ਼ ! ਮੇਰਾ ਵਿਆਹ ਨਾ ਹੋਇਆ ਹੁੰਦਾ।" ਹਰੀਸ਼ ਨੇ ਵਾਰ-ਵਾਰ ਕਿਹਾ ਸੀ ਕਿ ਵਿਆਹ ਦੀ ਗੱਲ ਭੁੱਲ ਜਾਓ। "ਵਿਆਹ ਹੋ ਜਾਣ 'ਤੇ ਵੀ ਕੀ ਸਾਡੀ ਦੋਸਤੀ ਨਹੀਂ ਰਹਿ ਸਕਦੀ ? ਵਿਆਹ ਆਪਣੀ ਜਗ੍ਹਾ ਹੈ, ਦੋਸਤੀ ਆਪਣੀ ਜਗ੍ਹਾ।" ਪ੍ਰੰਤੂ ਲਲਿਤਾ ਨੇ ਚਾਹ ਕੇ ਵੀ ਕਦੇ ਹਰੀਸ਼ ਨੂੰ ਨਜ਼ਦੀਕ ਨਹੀਂ ਆਉਣ ਦਿੱਤਾ ਸੀ। ਹੁਣ ਫਿਰ ਅਚਾਨਕ ਹਰੀਸ਼ ਉਸ ਦੇ ਜੀਵਨ ਵਿੱਚ ਘੁਸਪੈਠ ਕਰਦਾ ਆ ਰਿਹਾ ਸੀ।

ਫਿਰ ਪਤਾ ਨਹੀਂ ਲਲਿਤਾ ਨੂੰ ਕੀ ਹੋ ਗਿਆ ? ਜਤਿੰਦਰ ਨੂੰ ਉਹ ਸਹਿ ਨਹੀਂ ਪਾਉਂਦੀ ਸੀ। ਉਹ ਕਦੀ ਮਨੀਸ਼ ਨੂੰ ਲੈ ਕੇ ਦਫਤਰ ਆ ਜਾਂਦਾ ਤਾਂ ਉਹ ਨਾ ਮਨੀਸ਼ ਨੂੰ ਪਿਆਰ ਵਾਲੇ ਭਾਵਾਂ ਨਾਲ ਦੇਖਦੀ ਅਤੇ ਨਾ ਹੀ ਜਤਿੰਦਰ ਨਾਲ ਸਿੱਧੇ ਮੂੰਹ ਗੱਲ ਕਰਦੀ।

ਉਨ੍ਹਾਂ ਹੀ ਦਿਨਾਂ ਵਿੱਚ ਇੱਕ ਹੋਰ ਘਟਨਾ ਹੋ ਗਈ। ਲਲਿਤਾ ਦਾ ਸਹਾਇਕ ਦੁਰਘਟਨਾਗ੍ਰਸਤ ਹੋ ਗਿਆ ਅਤੇ ਉਸ ਨੂੰ ਲੰਬੀ ਛੁੱਟੀ 'ਤੇ ਜਾਣਾ ਪਿਆ। ਲਲਿਤਾ ਨੂੰ ਤਦ ਹੋਰ ਵੀ ਹੈਰਾਨੀ ਹੋਈ ਜਦ ਉਸ ਨੇ ਖ਼ੁਦ ਹੀ ਸਹਾਇਕ ਲਈ ਹਰੀਸ਼ ਦੇ ਨਾਂ ਸਿਫਾਰਸ਼ ਪੱਤਰ 'ਤੇ ਦਸਤਖਤ ਕਰ ਕੇ ਜ਼ਿਲ੍ਹਾ ਅਧਿਕਾਰੀ ਕੋਲ ਭੇਜ ਦਿੱਤੇ।

ਉਨ੍ਹਾਂ ਹੀ ਦਿਨਾਂ ਦੀ ਗੱਲ ਹੈ ਕਿ ਜਤਿੰਦਰ ਦੀ ਮਾਂ ਸਵਰਗ ਸਿਧਾਰ ਗਈ। ਤਦ ਜਤਿੰਦਰ ਨੇ ਲਲਿਤਾ ਨੂੰ ਕਿਹਾ, "ਮੈਂ ਸੋਚਦਾ ਹਾਂ ਕਿ ਤੂੰ ਇਹ ਨੌਕਰੀ ਛੱਡ ਦੇ।"

ਲਲਿਤਾ ਹੈਰਾਨ ਹੋ ਕੇ ਜਤਿੰਦਰ ਵੱਲ ਅੱਖਾਂ ਪਾੜ-ਪਾੜ ਕੇ ਦੇਖਦੀ ਰਹਿ ਗਈ। "ਇਹ ਤੁਸੀਂ ਕੀ ਕਹਿ ਰਹੇ ਹੋ ?"

"ਦੋ-ਤਿੰਨ ਮਹੀਨੇ ਪਹਿਲਾਂ ਹੀ ਇਹ ਗੱਲ ਮੈਂ ਤੈਨੂੰ ਕਹਿਣੀ ਚਾਹੁੰਦਾ ਸੀ ਜਦ ਤੂੰ ਦੌਰੇ 'ਤੇ ਕਿਸੇ ਅਫ਼ਸਰ ਮੰਗਤ ਰਾਮ ਦੀ ਬਦਤਮੀਜ਼ੀ ਦਾ ਸ਼ਿਕਾਰ ਹੋ ਕੇ ਘਰ ਪਰਤੀ ਸੀ। ਪੈਸੇ ਖ਼ਾਤਿਰ ਅਸੀਂ ਆਪਣੀ ਆਨ-ਸ਼ਾਨ ਨੂੰ ਦਾਅ 'ਤੇ ਨਹੀਂ ਲਗਾ ਸਕਦੇ, ਮੈਂ ਇੰਨਾ ਬੇਗੈਰਤ ਨਹੀ ਹਾਂ।"

"ਉਸ ਵਕਤ ਮੈਂ ਕਹਿੰਦਾ ਤਾਂ ਤੂੰ ਸ਼ਾਇਦ ਇਸ ਗੱਲ 'ਤੇ ਨਰਾਜ਼ ਹੋ ਜਾਂਦੀ ਕਿ ਆਖਿਰ ਇਹ ਗੱਲ ਮੈਨੂੰ ਕਿੱਥੋਂ ਪਤਾ ਲੱਗੀ ? ਮੈਂ ਉਸ ਸਮੇਂ ਧੀਰਜ ਤੋਂ ਕੰਮ ਲਿਆ ਅਤੇ ਹੁਣ ਸਥਿਤੀ ਤੇਰੇ ਸਾਹਮਣੇ ਹੈ। ਮਾਂ ਨਹੀਂ ਰਹੀ.....ਘਰ ਵਿੱਚ ਕੋਈ ਔਰਤ ਨਾ ਰਹੇ ਤਾਂ ਛੋਟੇ ਬੱਚੇ ਦੀ ਦੇਖਭਾਲ ਅਨਾਥਾਂ ਵਰਗੀ ਹੋ ਜਾਂਦੀ ਹੈ, ਲਲਿਤਾ। ਤੂੰ ਪੜ੍ਹ ਗਈ ਹੈ, ਮੈਥੋਂ ਵੀ ਵੱਡੇ ਅਹੁਦੇ 'ਤੇ ਕੰਮ ਕਰ ਰਹੀ ਹੈਂ, ਇਸ ਦਾ ਮੈਨੂੰ ਪੂਰਾ ਮਾਣ ਹੈ।"

"ਤੇਰੇ ਨੌਕਰੀ ਨਾ ਕਰਨ ਨਾਲ ਸਾਡਾ ਕੋਈ ਨੁਕਸਾਨ ਨਹੀਂ ਹੋਵੇਗਾ। ਤੇਰੇ ਸਥਾਨ 'ਤੇ ਇੱਕ ਜ਼ਰੂਰਤਮੰਦ ਨੂੰ ਨੌਕਰੀ ਮਿਲ ਜਾਵੇਗੀ। ਇਨ੍ਹਾਂ ਸਭ ਗੱਲਾਂ ਨੂੰ ਤੂੰ ਵੀ ਜ਼ਰਾ ਸੋਚ ਕੇ ਦੇਖ ਕਿ ਬੱਚੇ ਨੂੰ ਤੇਰੀ ਕਿੰਨੀ ਜ਼ਰੂਰਤ ਹੈ ? ਇਹ ਸਾਡਾ ਸਮਾਜਿਕ



ਫਰਜ਼ ਹੈ ਕਿ ਅਸੀਂ ਆਪਣੇ ਬੱਚੇ ਨੂੰ ਆਪਣੇ ਮਾਤਾ-ਪਿਤਾ ਦੇ ਪਿਆਰ ਤੋਂ ਵਾਂਝੇ ਨਾ ਕਰੀਏ।

ਜਤਿੰਦਰ ਦੇ ਲੰਬੇ ਭਾਸ਼ਣ ਤੋਂ ਲਲਿਤਾ ਤੰਗ ਆ ਗਈ। ਉਸ ਨੇ ਕੰਨਾਂ ਵਿੱਚ ਤਾਂ ਹਰੀਸ਼ ਦੇ ਮਿੱਠੇ-ਮਿੱਠੇ ਸ਼ਬਦ ਰਸ ਘੋਲ ਰਹੇ ਸਨ। ਉਹ ਬੋਲ ਪਈ, "ਮੈਨੂੰ ਨੀਂਦ ਆ ਰਹੀ ਹੈ, ਸੌਣ ਦਿਓ, ਬਹੁਤ ਥੱਕ ਗਈ ਹਾਂ।"

ਦੂਸਰੇ ਦਿਨ ਜਦ ਜਤਿੰਦਰ ਨੇ ਗੱਲ ਦੁਹਰਾਈ ਤਾਂ ਲਲਿਤਾ ਗੁੱਸੇ ਨਾਲ ਬੋਲੀ, "ਤੁਸੀਂ ਮੇਰਾ ਅਪਮਾਨ ਕਰ ਰਹੇ ਹੋ, ਜਾਣਦੇ ਹੋ ਤੁਹਾਡੀ ਹੈਸੀਅਤ ਕੀ ਹੈ ? ਨਹੀਂ, ਮੈਂ ਇਹ ਨੌਕਰੀ ਨਹੀਂ ਛੱਡਾਂਗੀ। ਆਖਿਰ ਮੈਂ ਵੀ ਪੜ੍ਹੀ-ਲਿਖੀ ਔਰਤ ਹਾਂ, ਆਪਣੇ ਅਧਿਕਾਰ ਅਤੇ ਆਪਣੀ ਆਜ਼ਾਦੀ ਮੈਨੂੰ ਵੀ ਪਿਆਰੀ ਹੈ। ਹੋਰ ਸੁਣੋ, ਅੱਜ ਤੋਂ ਬਾਅਦ ਤੁਸੀਂ ਮੇਰੇ ਦਫ਼ਤਰ ਕਦੇ ਨਾ ਆਉਣਾ, ਕਿਉਂਕਿ ਲੋਕ ਤੁਹਾਨੂੰ ਦੇਖ ਕੇ ਹੱਸਦੇ ਹਨ। ਤੁਸੀਂ ਚਾਹੋ ਤਾਂ......ਤਲਾਕ ਲੈ ਲਵੋ।"

"ਇਹ ਤੂੰ ਕੀ ਕਹਿ ਰਹੀ ਹੈਂ, ਲਲਿਤਾ। ਇਸ ਤਲਾਕ ਨਾਲ ਨਾ ਤਾਂ ਤੂੰ ਹੀ ਸੁੱਖ ਪਾਵੇਂਗੀ ਤੇ ਨਾ ਹੀ ਮੈਂ।"

"ਤੁਹਾਡੀ ਗੱਲ ਮੈਂ ਨਹੀਂ ਜਾਣਦੀ ਪਰ ਮੈਂ ਜ਼ਰੂਰ ਸੁੱਖ ਪਾਵਾਂਗੀ......ਬੱਸ ਮੈਨੂੰ ਤਲਾਕ ਦੇ ਦੇਵੋ।"

"ਮੈਂ ਇੰਝ ਨਹੀਂ ਕਰ ਸਕਦਾ ਲਲਿਤਾ, ਮਨੀਸ਼ ਨੂੰ ਮੈਂ ਮਾਂ ਕਿੱਥੋਂ ਲਿਆ ਕੇ ਦੇਵਾਂਗਾ ?" ਤੂੰ ਹਾਲੇ ਨਹੀਂ ਜਾਣਦੀ ਕਿ ਤੂੰ ਕੀ ਕਹਿ ਰਹੀ ਹੈਂ? ਜ਼ਰਾ ਠੰਡੇ ਦਿਮਾਗ਼ ਨਾਲ ਸੋਚ ਲਲਿਤਾ, ਉਡਦੇ ਹੋਏ ਪਰਿੰਦੇ ਨੂੰ ਅਕਾਸ਼ ਵਿੱਚ ਉਡਣਾ ਬੇਅੰਤ ਸੁੱਖ ਦਿੰਦਾ ਹੈ ਪਰ ਹਕੀਕਤ ਇਹ ਹੈ ਕਿ ਉਸ ਦਾ ਸੁੱਖ ਉਸਦੇ ਆਲ੍ਹਣੇ ਵਿੱਚ ਹੀ ਹੁੰਦਾ ਹੈ।

ਉਸ ਨੇ ਲਲਿਤਾ ਅਤੇ ਹਰੀਸ਼ ਦੇ ਬਾਰੇ ਲੋਕਾਂ ਵਿੱਚ ਕਾਫੀ ਵਿਚਾਰ ਚਰਚਾ ਹੁੰਦੀ ਸੁਣੀ ਸੀ ਪ੍ਰੰਤੂ ਉਹ ਸ਼ੱਕੀ ਮਿਜ਼ਾਜ ਨਹੀਂ ਸੀ। ਉਹ ਸੋਚਣ ਲੱਗਾ, "ਲਲਿਤਾ ਦਾ ਤਾਂ ਅਹੁੱਦਾ ਹੀ ਅਜਿਹਾ ਹੈ ਕਿ ਉਸ ਨੂੰ ਮਰਦਾਂ ਨਾਲ ਮਿਲਣਾ-ਜੁਲਣਾ ਪੈਂਦਾ ਹੈ, ਪਿੰਡਾਂ, ਸ਼ਹਿਰਾਂ ਵਿੱਚ ਤਾਂ ਔਰਤਾਂ, ਮਰਦਾਂ ਵਿੱਚ ਆਪਣੇ ਸੰਬੰਧਾਂ ਨੂੰ ਲੈ ਕੇ ਅਫ਼ਵਾਹਾਂ ਉੱਡਦੀਆਂ ਹੀ ਰਹਿੰਦੀਆਂ ਹਨ। ਮੇਰੇ ਕੰਨ ਇੰਨੇ ਕੱਚੇ ਨਹੀਂ ਹਨ। ਜਦ ਮੈਂ ਪਤਨੀ ਦੀ ਤਰੱਕੀ ਦੇ ਪੱਖ ਵਿੱਚ ਹਾਂ ਤਾਂ ਅਜਿਹੇ ਛੋਟੇ-ਮੋਟੇ ਵਿਚਾਰਾਂ ਨੂੰ ਮਨ ਵਿੱਚ ਲਿਆਉਣਾ ਵੀ ਮੇਰੇ ਲਈ ਲਾਹਨਤ ਹੈ।"

ਜਤਿੰਦਰ ਦੀ ਤਰੱਕੀ ਹੋਈ ਪਰ ਨਾਲ ਹੀ ਉਸ ਦੀ ਬਦਲੀ ਵੀ ਹੋ ਗਈ। ਜਤਿੰਦਰ ਨੇ ਆਪਣੀ ਤਰੱਕੀ ਅਤੇ ਬਦਲੀ ਦੋਨੋਂ ਹੀ ਅਸਵੀਕਾਰ ਕਰਦੇ ਹੋਏ ਅਰਜ਼ੀ ਦੇ ਦਿੱਤੀ ਕਿ ਉਹ ਆਪਣੇ ਬੱਚੇ ਤੇ ਪਤਨੀ ਦੀ ਖ਼ਾਤਿਰ ਕਿਸੇ ਹੋਰ ਸਥਾਨ 'ਤੇ ਨਹੀਂ ਜਾਵੇਗਾ। ਅਰਜ਼ੀ ਦੇ ਅਨੁਸਾਰ ਉਸ ਦੀ ਬਦਲੀ ਲਾਗਲੇ ਹੀ ਸ਼ਹਿਰ ਵਿੱਚ ਲਲਿਤਾ ਦੇ ਦਫ਼ਤਰ ਹੋ ਗਈ। ਇਸ ਨਾਲ ਉਹ ਹੋਰ ਵੀ ਜ਼ਿਆਦਾ ਪਰੇਸ਼ਾਨ ਹੋ ਗਿਆ। ਉਸ ਨੇ ਦੁਬਾਰਾ ਅਰਜ਼ੀ ਦੇ ਦਿੱਤੀ ਕਿ ਉਸ ਨੂੰ ਕਿਸੇ ਹੋਰ ਦਫ਼ਤਰ ਭੇਜ ਦਿੱਤਾ ਜਾਵੇ ਪਰ ਉਸ ਦੀ ਇਹ ਬੇਨਤੀ ਨਾ ਮਨਜ਼ੂਰ ਕਰ ਦਿੱਤੀ ਗਈ।

ਆਖਰਕਾਰ ਹਾਰ ਕੇ ਜਤਿੰਦਰ ਨੇ ਕੁੱਝ ਦਿਨਾਂ ਦੀ ਛੁੱਟੀ ਲੈ ਲਈ। ਛੁੱਟੀ ਮਨਜ਼ੂਰ ਹੋ ਗਈ ਤਾਂ ਉਸ ਨੇ ਚੈਨ ਦਾ ਸਾਹ ਲਿਆ।

ਪ੍ਰੰਤੂ ਬੱਕਰੇ ਦੀ ਮਾਂ ਕਦ ਤੱਕ ਖ਼ੈਰ ਮਨਾਉਂਦੀ ? ਜਦ ਛੁੱਟੀ ਸਮਾਪਤ ਹੋਈ ਤਾਂ ਜਤਿੰਦਰ ਨੂੰ ਦਫ਼ਤਰ ਜਾਣਾ ਹੀ ਪਿਆ।

ਸੰਯੋਗ ਨਾਲ ਉਸ ਦਿਨ ਲਲਿਤਾ ਨੇ ਵੀ ਦੌਰੇ 'ਤੇ ਜਾਣਾ ਸੀ। ਉਸ ਦੇ ਨਾਲ ਜਾਣ ਵਾਲਿਆਂ ਵਿੱਚ ਜਤਿੰਦਰ ਦਾ ਵੀ ਨਾਂ ਸੀ ਪ੍ਰੰਤੂ ਲਲਿਤਾ ਇਸ ਗੱਲ ਬਾਰੇ ਬਿਲਕੁੱਲ ਬੇਖ਼ਬਰ ਸੀ।

ਦੌਰਾ ਖ਼ਤਮ ਕਰ ਕੇ, ਡਾਕ ਬੰਗਲੇ ਵਿੱਚ ਪਹੁੰਚ ਕੇ ਜਦ ਲਲਿਤਾ ਹੱਥ-ਮੂੰਹ ਧੋ ਕੇ ਅਰਦਲੀ ਨੂੰ ਖਾਣੇ ਦਾ ਆਦੇਸ਼ ਦੇਣ ਲੱਗੀ ਤਾਂ ਅਚਾਨਕ ਅਰਦਲੀ ਪੁੱਛ ਬੈਠਾ, "ਸਾਹਿਬ ਨੂੰ ਵੀ ਪੁੱਛ ਲਵਾਂ ਜ਼ਰਾ ?"

ਇੰਨੀ ਗੱਲ ਸੁਣ ਕੇ ਲਲਿਤਾ ਚੌਂਕ ਉੱਠੀ। ਇਹ ਜਾਣ ਕੇ ਕਿ ਹੋਰਨਾਂ ਕਰਮਚਾਰੀਆਂ ਦੇ ਨਾਲ ਜਤਿੰਦਰ ਵੀ ਉੱਥੇ ਹੈ, ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਤਦ ਅਰਦਲੀ ਚੁੱਪਚਾਪ ਉੱਥੋਂ ਚਲਾ ਗਿਆ।

ਅਚਾਨਕ ਰਾਤ ਨੂੰ ਲਲਿਤਾ ਦੇ ਕਮਰੇ ਵਿੱਚੋਂ ਚੀਕਾਂ ਦੀ ਆਵਾਜ਼ ਸੁਣ ਕੇ ਜਤਿੰਦਰ ਆਪਣੇ ਬਿਸਤਰੇ 'ਤੇ ਬੈਠ ਗਿਆ। ਵੈਸੇ ਵੀ ਨੀਂਦ ਉਸ ਨੂੰ ਨਹੀਂ ਆ ਰਹੀ ਸੀ, ਉਹ ਜਾਗ ਹੀ ਰਿਹਾ ਸੀ। ਉਹ ਦੌੜ ਕੇ ਲਲਿਤਾ ਦੇ ਕਮਰੇ ਵੱਲ ਗਿਆ ਅਤੇ ਦਰਵਾਜ਼ਾ ਖੜਕਾਉਣ ਲੱਗਾ। ਕਮਰੇ ਵਿੱਚੋਂ ਲਲਿਤਾ ਦੀਆਂ ਚੀਕਾਂ ਸੁਣਾਈ ਦੇ ਰਹੀਆਂ ਸਨ। ਫਿਰ ਉਸ ਨੇ ਰੌਸ਼ਨਦਾਨ 'ਚੋਂ ਕਿਸੇ ਤਰ੍ਹਾਂ ਦਰਵਾਜ਼ੇ ਦਾ ਸੰਗਲ ਉਤਾਰਿਆ ਅਤੇ ਅੰਦਰ ਚਲਾ ਗਿਆ।

ਹਨੇਰੇ ਵਿੱਚ ਉਸ ਨੇ ਦੇਖਿਆ ਕਿ ਲਲਿਤਾ ਕਿਸੇ ਆਦਮੀ ਨਾਲ ਉਲਝ ਰਹੀ ਸੀ ਅਤੇ ਉਸ ਨੂੰ ਗਾਲਾਂ ਕੱਢ ਰਹੀ ਸੀ, "ਤੂੰ ਇੰਨਾ ਕਮੀਨਾ ਵੀ ਹੋਵੇਂਗਾ, ਮੈਨੂੰ ਉਮੀਦ ਵੀ ਨਹੀਂ ਸੀ।" ਜਤਿੰਦਰ ਨੇ ਉਸ ਆਦਮੀ 'ਤੇ ਪਿੱਛੋਂ ਵਾਰ ਕੀਤਾ ਤਾਂ ਉਹ ਉੱਠ ਕੇ ਭੱਜ ਗਿਆ, ਲਲਿਤਾ ਨੇ ਹਨੇਰੇ ਵਿੱਚ ਵੀ ਜਤਿੰਦਰ ਨੂੰ ਪਛਾਣ ਹੀ ਲਿਆ, "ਉਹ......ਤੁਸੀਂ ?" ਫਿਰ ਇੱਕ ਲੰਬਾ ਸਾਹ ਲੈਂਦੇ ਹੋਏ ਉਹ ਬੋਲੀ, "ਕਿਹੜੇ ਸਮੇਂ ਤੇ ਆਏ ਹੋ......ਵਰਨਾ ਉਹ ਕਮੀਨਾ ਹਰੀਸ਼......?"

ਜਤਿੰਦਰ ਨੇ ਬੱਤੀ ਜਗਾਈ ਅਤੇ ਕਿਹਾ, "ਹੁਣ ਹੱਥ ਮੂੰਹ ਧੋ ਕੇ ਚੁੱਪਚਾਪ ਸੌਂ ਜਾਓ। ਕਿਸੇ ਨੂੰ ਬੁਲਾਵੇਂਗੀ ਤਾਂ ਬਾਤ ਦਾ ਬਤੰਗੜ ਬਣ ਜਾਵੇਗਾ ਅਤੇ ਬਦਨਾਮੀ ਵੱਖ ਹੋਵੇਗੀ।"

"ਤੁਸੀਂ ਕਿੱਥੇ ਜਾ ਰਹੇ ਹੋ ?"

"ਆਪਣੇ ਕਮਰੇ ਵਿੱਚ।"

"ਨਹੀਂ, ਨਹੀਂ......।"

"ਇਹੀ ਠੀਕ ਰਹੇਗਾ ਲਲਿਤਾ, ਇਸ ਵਕਤ ਮੇਰਾ ਇਥੇ ਰਹਿਣਾ ਤੇਰੇ ਲਈ ਬਦਨਾਮੀ ਦਾ ਕਾਰਨ ਬਣੇਗਾ।" ਕਹਿ ਕੇ ਜਤਿੰਦਰ ਚਲਾ ਗਿਆ। ਦੌਰੇ ਤੋਂ ਪਰਤਣ ਉਪਰੰਤ ਲਲਿਤਾ ਉਸ ਰਾਤ ਜਤਿੰਦਰ ਦੀ ਛਾਤੀ ਨਾਲ ਲੱਗ ਕੇ ਰੋ ਪਈ।

"ਜੇਕਰ ਤੁਸੀਂ ਨਾ ਹੁੰਦੇ......।"

"ਹਟ ਪਾਗ਼ਲ, ਇੰਨੀ ਵੱਡੀ ਅਫ਼ਸਰ ਹੋ ਕੇ ਰੋ ਰਹੀ ਏਂ ? ਹਿੰਮਤ ਤੋਂ ਕੰਮ ਲਓ।"

"ਨਹੀਂ, ਮੈਨੂੰ ਆਪਣੀ ਗੱਲ ਪੂਰੀ ਕਹਿ ਲੈਣ ਦਿਓ, ਮੈਨੂੰ ਆਪਣੇ 'ਤੇ



ਪਛਤਾਵਾ ਕਰਨ ਦਿਓ।"

"ਤੇਰੇ ਇਹ ਹੰਝੂ ਹੀ ਤੇਰਾ ਪਛਤਾਵਾ ਹਨ।"

"ਇਹ ਗੱਲ ਸੱਚ ਹੈ ਕਿ ਹਰੀਸ਼ ਮੈਨੂੰ ਚੰਗਾ ਲੱਗਦਾ ਸੀ। ਉਸੇ ਕਾਰਨ ਹੀ ਮੈਂ ਨੌਕਰੀ ਵਿੱਚ ਅਨੋਖਾ ਸੁੱਖ ਪਾਉਂਦੀ ਸੀ ਪ੍ਰੰਤੂ ਮੈਂ ਨਹੀਂ ਜਾਣਦੀ ਸੀ ਕਿ ਉਹ ਇੰਨਾ ਨੀਚ ਵੀ ਹੋਵੇਗਾ। ਤੁਸੀਂ ਕਿੰਨੇ ਮਹਾਨ ਅਤੇ ਉਦਾਰ ਦਿਲ ਇਨਸਾਨ ਹੋ, ਇਹ ਮੈਂ ਹੁਣ ਸਮਝ ਸਕੀ ਹਾਂ।" ਹੁਣ ਮੈਂ ਜਾਣ ਗਈ ਹਾਂ ਕਿ ਮੇਰਾ ਸੱਚਾ ਸੁੱਖ ਮੇਰੇ ਇਸੇ ਘਰ ਵਿੱਚ ਹੀ ਹੈ। ਮੇਰੀਆਂ ਸਾਰੀਆਂ ਖ਼ੁਸ਼ੀਆਂ ਇਸੇ ਘਰ ਵਿੱਚ ਹੀ ਹਨ.....ਮੈਂ ਹਮੇਸ਼ਾ ਤੁਹਾਡੀ ਕਰਜ਼ਾਈ ਰਹਾਂਗੀ।"

"ਲਲਿਤਾ", ਜਤਿੰਦਰ ਨੇ ਉਸ ਨੂੰ ਬਾਹਾਂ ਵਿੱਚ ਲੈ ਲਿਆ। "ਤੁਸੀਂ ਹੁਣ ਮੇਰੇ ਲਈ ਪ੍ਰਮਾਤਮਾ ਸਮਾਨ ਹੋ ਅਤੇ ਮੈਂ ਉਸ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਹੁਣ ਮੈਂ ਘਰ ਦੇ ਸਾਰੇ ਕੰਮਕਾਜ ਤੁਹਾਡੀ ਸੇਵਕਾ ਵਾਂਗ ਕਰਾਂਗੀ।" ਲਲਿਤਾ ਦੇ ਮਨ ਦੇ ਅਰਮਾਨ ਉੱਠ ਰਹੇ ਸਨ।

"ਨਹੀਂ ਲਲਿਤਾ, ਔਰਤ ਕਦੀ ਵੀ ਸੇਵਕਾ ਨਹੀਂ ਹੁੰਦੀ, ਔਰਤ ਤਾਂ ਹਮੇਸ਼ਾ ਘਰ ਦੀ ਰਾਣੀ ਹੁੰਦੀ ਹੈ।" ਕਹਿ ਕੇ ਜਤਿੰਦਰ ਨੇ ਉਸ ਨੂੰ ਚੁੰਮ ਲਿਆ।

ਅਕਾਸ਼ ਉਪਰਲੀਆਂ ਉੱਚਾਈਆਂ ਵਿੱਚ ਹੀ ਸੱਚਾ ਸੁੱਖ ਸਮਝਣ ਵਾਲੇ ਪਰਿੰਦੇ ਨੂੰ ਹੁਣ ਆਪਣੇ ਆਲ੍ਹਣੇ ਦੇ ਅਸਲੀ ਮਹੱਤਵ ਦਾ ਪਤਾ ਲੱਗ ਗਿਆ ਸੀ।

# ਭਾਈ ਜੀ

**- ਹਸਨ ਜਮਾਲ**

ਭਾਈ ਜੀ ਨੂੰ ਕਈ ਸਾਲਾਂ ਬਾਅਦ ਦੇਖਿਆ ਸੀ। ਦੇਖਿਆ ਵੀ ਕਿੱਥੇ, ਉਸ ਦੀ ਖ਼ਬਰ ਤਸਵੀਰ ਸਮੇਤ ਪੜ੍ਹੀ ਸੀ। ਧੋਖਾਧੜੀ ਦੇ ਕਈ ਮਾਮਲਿਆਂ ਵਿੱਚ ਉਸ ਨੂੰ ਅੰਦਰ ਕਰ ਦਿੱਤਾ ਗਿਆ ਸੀ। ਉਹ ਮੇਰੇ ਨਾਲ ਹੀ ਕਾਲਜ ਵਿੱਚ ਪੜ੍ਹਦਾ ਸੀ। ਤਦ ਉਹ ਗਊ ਵਰਗਾ ਸਿੱਧਾ-ਸਾਧਾ ਸੀ। ਨਾਮ ਤਾਂ ਉਸ ਦਾ ਸੁਨੀਲ ਕੁਮਾਰ ਸੀ ਪਰ ਉਸ ਦੇ ਛੋਟੇ ਭਰਾ ਦੀ ਤਰ੍ਹਾਂ ਅਸੀਂ ਵੀ ਸਾਰੇ ਦੋਸਤ ਉਸ ਨੂੰ 'ਭਾਈ ਜੀ' ਹੀ ਕਹਿਣ ਲੱਗ ਪਏ ਸੀ। ਕਾਲਜ ਤੋਂ ਵਿਦਾ ਹੋਣ ਤੋਂ ਬਾਅਦ ਮੈਨੂੰ ਨੌਕਰੀ ਮਿਲ ਗਈ ਪ੍ਰੰਤੂ ਭਾਈ ਜੀ ਦਾ ਪਤਾ ਨਹੀਂ ਲੱਗਾ ਕਿ ਉਹ ਕਿੱਧਰ ਚਲੇ ਗਏ।

ਫਿਰ ਇੱਕ ਦਿਨ ਅਚਾਨਕ ਉਹ ਮੈਨੂੰ ਰਾਹ ਚਲਦੇ ਹੋਏ ਮਿਲੇ। ਮੈਂ ਉਨ੍ਹਾਂ ਨੂੰ ਪਹਿਚਾਣ ਨਾ ਸਕਿਆ। ਉਸ ਨੇ ਹੀ ਮੈਨੂੰ ਪਹਿਚਾਨਣ ਵਿੱਚ ਪਹਿਲ ਕੀਤੀ। ਗੱਲਾਂ-ਬਾਤਾਂ ਵਿੱਚ ਉਹ ਪਹਿਲੇ ਭਾਈ ਜੀ ਦੇ ਬਿਲਕੁੱਲ ਉਲਟ, ਇੱਕਦਮ ਚੁਸਤ ਅਤੇ ਤੇਜ਼ਤਰਾਰ ਲੱਗੇ। ਉਹ ਮੈਨੂੰ ਵਧੀਆ ਰੈਸਟੋਰੈਂਟ ਵਿੱਚ ਲੈ ਗਿਆ ਅਤੇ ਉੱਥੇ ਉਸ ਨੇ ਜੀਅ ਖੋਲ੍ਹ ਕੇ ਖਰਚ ਕੀਤਾ। ਉਸ ਦੇ ਪਰਸ ਵਿੱਚ ਪੰਜ-ਪੰਜ ਸੌ ਦੇ ਅਤੇ ਸੌ-ਸੌ ਦੇ ਨੋਟਾਂ ਦੀ ਥੱਬੀ ਸੀ। ਉਸ ਦੀ ਜੇਬ ਵਿੱਚ ਇੰਨੇ ਸਾਰੇ ਨੋਟਾਂ ਦੀ ਥੱਬੀ ਦੇਖ ਕੇ ਮੈਂ ਦੁਚਿੱਤੀ ਵਿੱਚ ਪੈ ਗਿਆ।

"ਕੀ ਕਰਦੇ ਹੋ ਅੱਜ ਕੱਲ੍ਹ ?" ਮੈਂ ਪੁੱਛਿਆ।

"ਇਹ ਪੁੱਛੋ, ਕੀ-ਕੀ ਨਹੀਂ ਕਰਦਾ," ਉਹ ਹੱਸਿਆ- "ਪਿਆਰੇ! ਆਪਣੀਆਂ ਤਾਂ ਪੰਜੇ ਉਂਗਲਾਂ ਘਿਉ ਵਿੱਚ ਹਨ, ਤੂੰ ਆਪਣੀ ਸੁਣਾ।"

ਮੈਂ ਆਪਣਾ ਹਾਲ ਉਸ ਨੂੰ ਸੁਣਾਇਆ ਅਤੇ ਜਗਿਆਸਾ ਨਾਲ ਉਸ ਵੱਲ ਦੇਖਣ ਲੱਗਾ।

"ਯਾਰ, ਮੇਰੇ ਕਈ ਧੰਦੇ ਹਨ ਪ੍ਰੰਤੂ ਮੈਂ ਸਭ ਕੁੱਝ ਇੱਕਦਮ ਨਹੀਂ ਦੱਸਾਂਗਾ। ਹਰ ਮੁਲਾਕਾਤ ਵਿੱਚ ਇੱਕ। ਥੋੜ੍ਹੀ ਹੈਰਾਨੀ ਵੀ ਰਹਿਣੀ ਚਾਹੀਦੀ ਹੈ ਕਿ ਨਹੀਂ ? ਇਸੇ ਬਹਾਨੇ ਤੁਸੀਂ ਮਿਲੋਗੇ ਤਾਂ ਸਹੀ। ਕਿੰਨੇ ਸਾਲਾਂ ਬਾਅਦ ਤੁਹਾਨੂੰ ਦੇਖਿਆ ਹੈ।"

ਗੱਲਾਂ-ਬਾਤਾਂ ਦੌਰਾਨ ਉਸ ਨੇ ਆਪਣੇ ਇੱਕ ਧੰਦੇ ਬਾਰੇ ਮੈਨੂੰ ਦੱਸਿਆ ਤੇ ਮੇਰਾ ਮੂੰਹ ਅੱਡਿਆ ਰਹਿ ਗਿਆ। ਫਿਰ ਉਸ ਨੇ ਫਰਨੀਚਰ ਦੇ ਦੋ ਆਲੀਸ਼ਾਨ ਰੂਮ ਦਿਖਾਏ ਜੋ ਕਿਸੇ ਹੋਰ ਦੇ ਸਨ। ਫਿਰ ਆਪਣਾ ਗੁਦਾਮ ਦਿਖਾਇਆ ਜਿਥੇ ਬੇਸ਼ੁਮਾਰ ਲੱਕੜੀਆਂ ਪਈਆਂ ਸਨ। ਉਸ ਨੇ ਦੱਸਿਆ ਕਿ ਉਹ ਬਾਹਰਲੀਆਂ ਪਾਰਟੀਆਂ ਨੂੰ ਸ਼ੋਅ ਰੂਮ ਦਿਖਾਉਂਦਾ ਹੈ, ਫਿਰ ਮਾਲ ਮੰਗਵਾ ਕੇ ਆਪਣਾ ਗੁਦਾਮ ਭਰ ਲੈਂਦਾ ਹੈ ਅਤੇ ਬਾਅਦ



ਵਿੱਚ ਉਨ੍ਹਾਂ ਨੂੰ ਵੇਚ ਕੇ ਆਪਣਾ ਘਰ ਭਰਦਾ ਹੈ।

"ਤੁਹਾਨੂੰ ਡਰ ਨਹੀਂ ਲੱਗਦਾ ?"

"ਧੰਦੇ ਵਿੱਚ ਡਰ ਕਾਹਦਾ? ਜੋ ਡਰ ਗਿਆ, ਸੋ ਮਰ ਗਿਆ। ਰਿਸਕ ਤਾਂ ਲੈਣਾ ਹੀ ਪੈਂਦਾ ਹੈ। ਬਿਨਾਂ ਰਿਸਕ ਪੈਸਾ ਕਿੱਥੇ? ਪੈਸਾ ਕੋਲ ਹੋਵੇ ਤਾਂ ਸਾਰੇ ਐਬ ਛੁਪ ਜਾਂਦੇ ਹਨ।"

"ਪ੍ਰੰਤੂ ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ," ਮੈਂ ਉਸ ਨੂੰ ਡਰਾਉਣਾ ਚਾਹਿਆ।

ਉਹ ਠਹਾਕਾ ਮਾਰ ਕੇ ਹੱਸਿਆ, "ਮੇਰੇ ਕੋਲ ਹਾਂਡੀਆਂ ਦੀ ਕਮੀ ਨਹੀਂ ਹੈ। ਅਗਲੀ ਵਾਰ ਮਿਲੇ ਤਾਂ ਕੁੱਝ ਹੋਰ ਦੱਸਾਂਗਾ। ਇੱਕ ਵਾਰ ਮਿਲਣੀ 'ਚ ਸਿਰਫ਼ ਇੱਕ," ਉਸ ਨੇ ਸ਼ਰਾਰਤ ਨਾਲ ਅੱਖ ਦਬਾਉਂਦਿਆਂ ਕਿਹਾ।

ਭਾਈ ਜੀ ਦੀਆਂ ਗੱਲਾਂ ਸੁਣ ਕੇ ਮੈਂ ਸੋਚਾਂ ਵਿੱਚ ਪੈ ਗਿਆ। ਮੈਂ ਕਿਸ ਦੁਨੀਆਂ ਵਿੱਚ ਰਹਿੰਦਾ ਹਾਂ ? ਜਿਥੇ ਇੱਕ ਤੋਂ ਵੱਧ ਇੱਕ ਬੇਈਮਾਨ ਬੈਠਾ ਹੈ। ਠੱਗੀ, ਧੋਖੇ ਦੀਆਂ ਕਹਾਣੀਆਂ ਕਿਤਾਬਾਂ ਵਿੱਚ ਤਾਂ ਬਹੁਤ ਪੜ੍ਹੀਆਂ ਸਨ ਪ੍ਰੰਤੂ ਇਥੇ ਤਾਂ ਪੈਰ ਪੈਰ 'ਤੇ ਠੱਗੀ, ਧੋਖਾ ਚੱਲ ਰਿਹਾ ਹੈ। ਲੋਕਾਂ ਵਿੱਚ ਘੁਲੀਏ-ਮਿਲੀਏ ਤਾਂ ਪਤਾ ਲੱਗਦਾ ਹੈ। ਭਾਈ ਜੀ ਮੇਰਾ ਜਮਾਤੀ ਸੀ, ਇਸੇ ਲਈ ਉਸ ਬਾਰੇ ਕੁੱਝ ਨਾ ਕੁੱਝ ਜਾਣ ਸਕਿਆ, ਵਰਨਾ ਪਤਾ ਨਹੀਂ ਸ਼ਹਿਰ ਵਿੱਚ ਕਿੰਨੇ ਕੁ ਅਜਿਹੇ 'ਭਾਈ ਜੀ' ਹੋਣਗੇ। ਦੂਜਿਆਂ ਨੂੰ ਚੂਨਾ ਲਗਾਉਣ ਵਿੱਚ ਅੱਜ ਦਾ ਮਨੁੱਖ ਬਿਲਕੁੱਲ ਨਹੀਂ ਹਿਚਕਚਾਉਂਦਾ। ਆਪਣੇ ਮਤਲਬ ਨੂੰ ਹੱਲ ਕਰਨ ਲਈ ਕਿਸੇ ਦਾ ਗਲਾ ਵੀ ਕੱਟ ਸਕਦਾ ਹੈ। ਇਸ ਧਨ ਦੀ ਚਮਕ ਵਿੱਚ ਸਾਰੀਆਂ ਇਨਸਾਨੀ ਅਵਾਜ਼ਾਂ ਲੁਪਤ ਹੋ ਚੁੱਕੀਆਂ ਜਾਪ ਰਹੀਆਂ ਹਨ।

ਹੁਣ ਮੈਂ ਉਸ ਨੂੰ ਸਨਿਚਰਵਾਰ ਵਾਲੇ ਦਿਨ ਮੰਦਰ ਕੋਲ ਦੇਖਿਆ। ਉਹ ਚਮਕਦੀ ਹੋਈ ਕਾਰ ਵਿੱਚੋਂ ਨਿਕਲਿਆ। ਉਸ ਦੇ ਹੱਥ ਵਿੱਚ ਮਠਿਆਈਆਂ ਦੇ ਡੱਬੇ ਸਨ ਅਤੇ ਮੱਥੇ 'ਤੇ ਤਿਲਕ ਲੱਗਾ ਹੋਇਆ ਸੀ। ਉਸ ਨੇ ਸਿਲਕ ਦਾ ਝਲ-ਝਲ ਕਰਦਾ ਕੁੜਤਾ ਪਹਿਨਿਆ ਹੋਇਆ ਸੀ ਅਤੇ ਦੇਖਦੇ ਹੀ ਦੇਖਦੇ ਉਹ ਪ੍ਰਸ਼ਾਦ ਲੈਣ ਵਾਲਿਆਂ ਦੇ ਝੁੰਡ ਵਿੱਚ ਘਿਰ ਗਿਆ। ਲੱਗਦਾ ਸੀ ਕਿ ਉਹ ਹਰ ਸਨਿਚਰਵਾਰ ਇੱਥੇ ਆਉਂਦਾ ਹੋਵੇਗਾ, 'ਸੇਠ ਸਾਹਿਬ ਆ ਗਏ, ਸੇਠ ਸਾਹਿਬ ਆ ਗਏ' ਦਾ ਸ਼ੋਰ ਮੱਚਿਆ ਹੋਇਆ ਸੀ। ਉਸ ਦੀ ਨਜ਼ਰ ਮੇਰੇ 'ਤੇ ਨਹੀਂ ਪਈ। ਉਹ ਰਾਜਸ਼ਾਹੀ ਚਾਲ ਨਾਲ ਅੱਗੇ ਵਧਦਾ ਜਾ ਰਿਹਾ ਸੀ। ਜਿਥੇ ਕੋਈ ਚੰਗੀ ਜਿਹੀ ਸੂਰਤ ਦਿਖਾਈ ਦਿੰਦੀ, ਉੱਥੇ ਰੁਕ ਜਾਂਦਾ। ਖਾਸ ਤੌਰ 'ਤੇ ਉਹ ਉਨ੍ਹਾਂ ਲੜਕੀਆਂ ਨੂੰ ਗਹੁ ਨਾਲ ਦੇਖਦਾ ਜਿੰਨ੍ਹਾਂ ਦੇ ਵਾਲ ਉਲਝੇ ਹੋਏ ਹੁੰਦੇ ਅਤੇ ਜਿਨ੍ਹਾਂ ਦੇ ਕੱਪੜੇ ਪਸੀਨੇ ਨਾਲ ਚਿਪਕੇ ਹੁੰਦੇ। ਸਧਾਰਨ, ਅਤਿ ਸਧਾਰਨ ਮੰਗ ਕੇ ਖਾਣ ਵਾਲੀਆਂ ਜਾਂ ਛੋਟੀਆਂ-ਛੋਟੀਆਂ ਮਜ਼ਦੂਰੀ ਕਰਨ ਵਾਲੀਆਂ।

ਮੈਂ ਦਿਲਚਸਪੀ ਨਾਲ ਉਸ ਦੀਆਂ ਹਰਕਤਾਂ ਦੇਖ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਮੇਰੇ 'ਤੇ ਪਈ। ਹੱਥ ਵਾਲਾ ਡੱਬਾ ਸਭ ਤੋਂ ਨੇੜੇ ਵਾਲੀ ਲੜਕੀ ਦੇ ਹੱਥ ਫੜਾਉਂਦਾ ਹੋਇਆ ਉਹ ਮੇਰੇ ਵੱਲ ਵਧਿਆ, "ਯਾਰ ਖੂਬ ਮਿਲੇ। ਅੱਜ ਤਾਂ ਘਰ ਚੱਲਣਾ ਪਵੇਗਾ।"

ਉਸ ਦਾ ਘਰ, ਘਰ ਨਹੀਂ ਕਿਸੇ ਫ਼ਿਲਮੀ ਸੈੱਟ ਦੀ ਤਰ੍ਹਾਂ ਆਲੀਸ਼ਾਨ ਬੰਗਲਾ ਸੀ। ਮੈਂ ਉਸ ਵੱਲ ਹੈਰਾਨੀ ਨਾਲ ਦੇਖਣ ਲੱਗਾ। ਟਰਾਲੀ ਵਿੱਚ ਸਜੀ ਮਹਿੰਗੀ ਕਰਾਕਰੀ, ਭਾਂਤ-ਭਾਂਤ ਦੇ ਬਿਸਕੁਟ, ਪੇਸਟਰੀ, ਸੁੱਕੇ ਮੇਵੇ, ਹਰ ਚੀਜ਼ ਵਿੱਚੋਂ ਉਸ ਦੀ

ਅਮੀਰੀ ਟਪਕਦੀ ਸੀ।

"ਬਹੁਤ ਥੋੜ੍ਹੇ ਸਮੇਂ ਵਿੱਚ ਇੰਨੀ ਤਰੱਕੀ ਕੀਤੀ ਹੈ ਭਾਈ ਜੀ!" ਮੈਂ ਹੋਰ ਕੀ ਕਹਿੰਦਾ ? ਹਰ ਨਵਾਂ ਅਮੀਰ ਆਪਣਾ ਆਪਾ ਦਿਖਾਉਂਦੇ ਵਕਤ ਸ਼ਲਾਘਾ ਦੀ ਕਾਮਨਾ ਕਰਦਾ ਹੈ, "ਲਗਦੇ ਹੱਥ ਇਹ ਵੀ ਦੱਸ ਦਿਓ ਕਿ ਤੁਸੀਂ ਵਾਕਿਆ ਹੀ ਭਗਤ ਹੋ ਜਾਂ ਕੋਈ ਹੋਰ ਮਾਮਲਾ ਹੈ ?"

"ਮੈਂ ਤਾਂ ਪੈਸਿਆਂ ਦਾ ਭਗਤ ਹਾਂ ਯਾਰ," ਭਾਈ ਜੀ ਨੇ ਕਿਹਾ, "ਮੈਂ ਪ੍ਰਸ਼ਾਦ ਦੀ ਮਿਠਾਸ ਨਾਲ ਅਜਿਹੀਆਂ ਲੜਕੀਆਂ ਆਪਣੇ ਵੱਲ ਖਿੱਚਦਾ ਹਾਂ ਜੋ ਭੋਲੀਆਂ-ਭਾਲੀਆਂ ਹੋਣ। ਮੇਰਾ ਘਰ ਬਾਰ ਅਤੇ ਸ਼ਾਨੋ-ਸ਼ੌਕਤ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ। ਫਿਰ ਮੈਂ ਉਨ੍ਹਾਂ ਨੂੰ ਚੰਗੇ-ਚੰਗੇ ਕੱਪੜੇ ਮੁਹੱਈਆ ਕਰਾਉਂਦਾ ਹਾਂ। ਉਸ ਦੇ ਬਾਅਦ ਉਹ ਰੌਬਟਾਂ ਦੀ ਤਰ੍ਹਾਂ ਹੋਟਲਾਂ ਵਿੱਚ ਪਹੁੰਚ ਜਾਂਦੀਆਂ ਹਨ ਤੇ ਮੇਰਾ ਕਮਿਸ਼ਨ ਪੱਕਾ ਹੋ ਜਾਂਦਾ ਹੈ। ਇਸ ਦੁਨੀਆਂ ਵਿੱਚ ਮਠਿਆਈ ਦੇ ਪੈਕਟ ਨਾਲ ਵੱਡੇ-ਵੱਡੇ ਕੰਮ ਹੋ ਜਾਂਦੇ ਹਨ।"

ਮੈਨੂੰ ਧੱਕਾ ਲੱਗਾ- "ਪ੍ਰੰਤੂ ਇਹ ਤਾਂ ਅਨੈਤਿਕਤਾ ਹੈ।"

"ਧੰਦੇ ਵਿੱਚ ਕੁੱਝ ਵੀ ਅਨੈਤਿਕ ਨਹੀਂ ਹੁੰਦਾ, ਜਿਵੇਂ ਮੁਹੱਬਤ ਅਤੇ ਜੰਗ ਵਿੱਚ। ਅਸਲ ਚੀਜ਼ ਹੈ ਪੈਸਾ। ਜੋ ਕਮਾਉਣਾ ਜਾਣਦੇ ਹਾਂ, ਉਨ੍ਹਾਂ ਲਈ ਥਾਂ-ਥਾਂ ਪੈਸਿਆਂ ਦੇ ਢੇਰ ਲੱਗੇ ਹਨ। ਜੋ ਬੇਰੁਜ਼ਗਾਰੀ ਦਾ ਰੋਣਾ ਰੋਂਦੇ ਹਨ, ਉਨ੍ਹਾਂ ਕੋਲ ਦਿਮਾਗ਼ ਨਹੀਂ ਹੁੰਦਾ," ਭਾਈ ਜੀ ਨੇ ਸ਼ਖਤ ਅਵਾਜ਼ ਵਿੱਚ ਕਿਹਾ।

ਉਸ ਦਿਨ ਮੈਂ ਭਾਈ ਜੀ ਦੇ ਘਰੋਂ ਨਿਕਲਿਆ ਤਾਂ ਬਹੁਤ ਉਦਾਸ ਸਾਂ। ਜਮਾਤੀ ਦੀ ਕਾਮਯਾਬੀ ਦੀ ਖੁਸ਼ੀ ਦੇ ਨਾਲ ਉਸ ਦੇ ਪਤਨ ਦਾ ਦੁੱਖ ਵੀ ਸੀ। ਚੰਗਾ ਹੁੰਦਾ ਮੈਂ ਭਾਈ ਜੀ ਨੂੰ ਨਾ ਮਿਲਦਾ। ਘੱਟੋ-ਘੱਟ ਭਰਮ ਤਾਂ ਬਣਿਆ ਰਹਿੰਦਾ। ਆਪਣੇ ਹੀ ਕਿਸੇ ਆਦਮੀ ਬਾਰੇ ਗਲਤ-ਫਲਤ ਜਾਣਕਾਰੀ ਮਿਲੇ ਤਾਂ ਬਹੁਤ ਦੁੱਖ ਹੁੰਦਾ ਹੈ। ਮੇਰੀ ਦਿਲਚਸਪੀ ਹੁਣ ਭਾਈ ਜੀ ਵਿੱਚੋਂ ਖਤਮ ਹੋਣ ਲੱਗੀ ਸੀ। ਪਤਾ ਨਹੀਂ ਅਗਲੀ ਵਾਰ ਕਿਸ ਧੰਦੇ ਬਾਰੇ ਜਾਣਕਾਰੀ ਦੇਵੇਗਾ। ਉਸ ਦਾ ਆਪਣਾ ਜੀਵਨ ਹੈ, ਜਿਵੇਂ ਮਰਜ਼ੀ ਕਰੇ, ਮੈਨੂੰ ਕੀ ? ਮੈਂ ਉਸ ਬਾਰੇ ਸੋਚਣਾ ਛੱਡ ਦਿੱਤਾ। ਉਸ ਤੋਂ ਬਾਅਦ ਬਹੁਤ ਦਿਨਾਂ ਤੱਕ ਅਸੀਂ ਨਾ ਮਿਲੇ। ਮੈਂ ਲਗਪਗ ਉਸ ਨੂੰ ਭੁੱਲ ਗਿਆ ਸੀ। ਯਾਦ ਰੱਖਣ ਦੀ ਜ਼ਰੂਰਤ ਹੀ ਨਹੀਂ ਸੀ। ਉਸ ਦੀ ਹੈਸੀਅਤ ਅਤੇ ਮੇਰੀ ਹੈਸੀਅਤ ਵਿੱਚ ਬਹੁਤ ਫਰਕ ਸੀ। ਉਸ ਦੀ ਸੁਸਾਇਟੀ ਅਲੱਗ ਸੀ, ਮੇਰੀ ਅਲੱਗ। ਉਂਝ ਵੀ ਮੈਨੂੰ ਉਹ ਲੋਕ ਚੰਗੇ ਨਹੀਂ ਲਗਦੇ ਸਨ ਜੋ ਹਰ ਵਕਤ ਸ਼ੇਖੀਆਂ ਮਾਰਦੇ ਰਹਿੰਦੇ ਹਨ ਅਤੇ ਜਿੰਨ੍ਹਾਂ ਲਈ ਪੈਸਾ ਹੀ ਉਨ੍ਹਾਂ ਦਾ ਮਾਂ-ਬਾਪ ਹੁੰਦਾ ਹੈ। ਦੁਨੀਆਂ ਵਿੱਚ ਪੈਸੇ ਤੋਂ ਇਲਾਵਾ ਵੀ ਬਹੁਤ ਕੁੱਝ ਹੁੰਦਾ ਹੈ ਜਿਸ 'ਤੇ ਨਾਜ਼ ਕੀਤਾ ਜਾ ਸਕਦਾ ਹੈ।

ਭਾਈ ਜੀ ਨੇ ਫਿਰ ਘਰ ਆਉਣ ਲਈ ਕਿਹਾ ਸੀ ਪ੍ਰੰਤੂ ਮੈਂ ਨਹੀਂ ਗਿਆ। ਇੱਕ ਦਿਨ ਅਚਾਨਕ ਉਹ ਮੇਰੇ ਦਫ਼ਤਰ ਆ ਗਿਆ। ਬਹਾਨਾ ਕੁੱਝ ਵੀ ਨਹੀਂ। ਆਪਣੀ ਰਾਮ ਕਹਾਣੀ ਸੁਣਾਉਣ ਨਾਲ ਸ਼ਾਇਦ ਉਸ ਦਾ ਦਿਲ ਨਹੀਂ ਭਰਿਆ ਸੀ। ਮੈਂ ਉਸ ਲਈ ਦਫਤਰ ਦੀ ਕੰਟੀਨ ਤੋਂ ਚਾਹ ਮੰਗਵਾਈ। ਉਸ ਦਿਨ ਉਹ ਆਪਣੇ ਤੀਜੇ ਧੰਦੇ ਬਾਰੇ ਦੱਸਣ ਦੇ ਮੂਡ ਵਿੱਚ ਸੀ।



"ਤੁਸੀਂ ਮੇਰੇ ਤੀਜੇ ਧੰਦੇ ਬਾਰੇ ਪੁੱਛਿਆ ਹੀ ਨਹੀਂ ? ਡਰ ਤਾਂ ਨਹੀਂ ਗਏ," ਉਸ ਦੀਆਂ ਅੱਖਾਂ ਮੈਨੂੰ ਟੁੱਟੀ ਜਿਹੀ ਕੁਰਸੀ 'ਤੇ ਬੈਠਾ ਦੇਖ ਕੇ ਮੇਰਾ ਮਜ਼ਾਕ ਉਡਾ ਰਹੀਆਂ ਸਨ।

"ਓਹ ਹਾਂ, ਦੱਸ ਦਿਓ," ਮੈਂ ਬੇਦਿਲੀ ਨਾਲ ਕਿਹਾ। ਉਸ ਨੇ ਕੁੱਝ ਬੀਮਾ ਕੰਪਨੀਆਂ ਅਤੇ ਫਾਈਨੈਂਸ ਕੰਪਨੀਆਂ ਦੇ ਲਾਲਚੀ ਲੋਕਾਂ ਨਾਲ ਤਾਲਮੇਲ ਕਾਇਮ ਕੀਤਾ ਹੋਇਆ ਸੀ। ਅਕਸਰ ਉਹ ਨਵੀਆਂ ਤੇ ਮਹਿੰਗੀਆਂ ਗੱਡੀਆਂ ਖਰੀਦਦਾ ਅਤੇ ਬਾਅਦ ਵਿੱਚ ਉਨ੍ਹਾਂ ਦੇ ਪੁਰਜ਼ੇ-ਪੁਰਜ਼ੇ ਕਰ ਕੇ ਵੇਚ ਦਿੰਦਾ ਅਤੇ ਬੀਮੇ ਦੀ ਰਕਮ ਡਕਾਰ ਜਾਂਦਾ। ਜ਼ਾਹਿਰ ਹੈ ਕਿ ਫਾਈਨੈਂਸ ਕੰਪਨੀਆਂ ਠੱਗੀਆਂ ਜਾਂਦੀਆਂ।

"ਕਦੀ ਗੱਡੀ ਦੀ ਜ਼ਰੂਰਤ ਹੋਵੇ ਤਾਂ ਮੈਨੂੰ ਦੱਸਣਾ," ਭਾਈ ਜੀ ਨੇ ਮੈਨੂੰ ਚੋਗਾ ਪਾਉਂਦੇ ਹੋਏ ਕਿਹਾ। ਉਸ ਦੇ ਹਾਵ-ਭਾਵ ਬੜੇ ਸ਼ਰਾਰਤਾਨਾ ਅੰਦਾਜ਼ ਵਾਲੇ ਸਨ। ਮੈਨੂੰ ਉਸ ਤੋਂ ਡਰ ਲੱਗਣ ਲੱਗਾ। ਪਤਾ ਨਹੀਂ ਉਹ ਕਿਸ ਮਕਸਦ ਲਈ ਮੇਰੇ 'ਤੇ ਜਾਲ ਪਾ ਰਿਹਾ ਸੀ। ਜੇਕਰ ਮੈਂ ਉਸ ਦੇ ਜਾਲ ਵਿੱਚ ਫਸ ਜਾਂਦਾ ਤਾਂ ਸਾਰੀ ਉਮਰ ਨਹੀਂ ਨਿਕਲ ਸਕਦਾ ਸੀ।

ਮੈਂ ਖੁਰਦਰੇ ਲਹਿਜੇ ਨਾਲ ਕਿਹਾ, "ਭਾਈ ਜੀ ਮੈਨੂੰ ਆਪਣੀ ਗੱਡੀ 'ਤੇ ਪੂਰੀ ਤਸੱਲੀ ਹੈ। ਤੁਸੀਂ ਜਿਸ ਰਸਤੇ 'ਤੇ ਚੱਲ ਰਹੇ ਹੋ, ਉਹ ਸਿੱਧਾ ਜੇਲ੍ਹ ਵੱਲ ਜਾਂਦਾ ਹੈ। ਛੱਡੋ ਹੁਣ ਇੰਨਾ ਪੈਸਾ ਕਮਾ ਲਿਆ ਹੈ ਤਾਂ ਕੋਈ ਚੰਗਾ ਸ਼ਰੀਫਾਨਾ ਅੰਦਾਜ਼ ਵਾਲਾ ਕੰਮ ਸ਼ੁਰੂ ਕਰੋ।"

"ਛੱਡ ਯਾਰ," ਉਸ ਨੇ ਮੇਰੀ ਸਲਾਹ ਨੂੰ ਹਵਾ ਵਿੱਚ ਉਡਾਉਂਦੇ ਹੋਏ ਕਿਹਾ- "ਅੱਜ ਦੇ ਜ਼ਮਾਨੇ ਵਿੱਚ ਤੁਹਾਡੇ ਵਰਗੇ ਸੌ ਸ਼ਰੀਫ ਵੀ ਇੰਨਾ ਧਨ ਨਹੀਂ ਕਮਾ ਸਕਦੇ। ਦੇਖਣਾ ਪਿਆਰੇ ਕਿਸੇ ਦਿਨ ਇਸੇ ਤਰ੍ਹਾਂ ਕਰੋੜਪਤੀ ਬਣ ਕੇ ਦਿਖਾਵਾਂਗਾ। ਇਬਾਦਤ-ਏ-ਇਸ਼ਕ ਹੈ ਤਾਂ ਦੇਖਣਾ ਕੀ ਹੈ......" ਉਸ ਨੇ ਅੱਖ ਮਾਰੀ ਅਤੇ ਸ਼ਾਇਰੀ ਝਾੜੀ।

ਜਾਂਦੇ-ਜਾਂਦੇ ਉਹ ਸ਼ਨਿਚਰਵਾਰ ਸ਼ਾਮ ਦੀ ਦਾਅਵਤ ਦੇ ਗਿਆ। ਸ਼ਹਿਰ ਦੇ ਸਭ ਤੋਂ ਵੱਡੇ 'ਡਾਇਮੰਡ ਕਲੱਬ' ਵਿੱਚ ਉਸ ਨੇ ਪਾਰਟੀ ਰੱਖੀ ਸੀ ਜਿੱਥੇ ਉਹ ਮੈਨੂੰ ਆਪਣੇ ਚੌਥੇ ਧੰਦੇ ਬਾਰੇ ਦੱਸਣ ਵਾਲਾ ਸੀ। ਮੈਂ ਉਸ ਨਾਲ ਝੂਠ-ਮੂਠ ਦਾ ਦਾਅਵਾ ਕਰ ਲਿਆ ਪਰ ਪਾਰਟੀ ਵਿੱਚ ਨਹੀਂ ਗਿਆ।

ਇਹ ਪਿਛਲੇ ਹਫ਼ਤੇ ਦੀ ਹੀ ਗੱਲ ਹੈ। ਅੱਜ ਉਸ ਦੀ ਤਸਵੀਰ ਅਤੇ ਖ਼ਬਰ ਅਖ਼ਬਾਰ ਵਿੱਚ ਛਪੀ ਹੋਈ ਸੀ। ਪੁਲੀਸ ਅੱਜ ਉਨ੍ਹਾਂ ਸਾਰੇ ਲੋਕਾਂ ਦੀ ਤਲਾਸ਼ ਵਿੱਚ ਹੈ ਜਿਨ੍ਹਾਂ ਨਾਲ ਉਸ ਦੀ ਡੀਲਿੰਗ ਹੋ ਰਹੀ ਹੈ। ਮੈਂ ਭਾਈ ਜੀ ਦੀ ਮੌਜੂਦਾ ਹਾਲਤ 'ਤੇ ਅਫ਼ਸੋਸ ਕਰਨ ਲੱਗਾ। ਬੁਰਾ ਫਸਿਆ ਵਿਚਾਰਾ ਕਰੋੜਪਤੀ। ਖੁਦ ਉਹ ਵੀ ਆਪਣੇ ਇਨ੍ਹਾਂ ਕਾਲੇ ਕਾਰਨਾਮਿਆਂ 'ਤੇ ਬਹੁਤ ਪਛਤਾ ਰਿਹਾ ਹੋਵੇਗਾ। ਅਸਾਨੀ ਨਾਲ ਜ਼ਮਾਨਤ 'ਤੇ ਛੁੱਟ ਜਾਵੇਗਾ, ਅਜਿਹਾ ਨਹੀਂ ਲੱਗਦਾ।

ਪ੍ਰੰਤੂ ਮੇਰੀ ਇਹ ਸੋਚ ਗਲਤ ਸੀ। ਅਸੀਂ ਦੂਜਿਆਂ ਬਾਰੇ ਆਪਣੇ ਹਿਸਾਬ-ਕਿਤਾਬ ਮੁਤਾਬਕ ਸੋਚਣ ਵੇਲੇ ਹਮੇਸ਼ਾ ਗਲਤ ਸੋਚਦੇ ਹਾਂ। ਇਸ ਨੂੰ ਇੱਕ ਇਤਫਾਕ ਹੀ ਸਮਝੋ, ਮੈਨੂੰ ਇੱਕ ਜ਼ਰੂਰੀ ਕੰਮ ਲਈ ਕਚਹਿਰੀ ਜਾਣਾ ਪਿਆ।

ਮੈਂ ਦੇਖਿਆ ਸਾਡੇ ਭਾਈ ਜੀ 21ਵੀਂ ਸਦੀ ਦੇ ਕਰੋੜਪਤੀ ਬੜੀ ਸ਼ਾਨ ਨਾਲ

ਸਿਗਰਟ ਫੂਕਦੇ ਹੋਏ ਪੁਲੀਸ ਮੁਲਾਜ਼ਮਾਂ ਨਾਲ ਮਜ਼ਾਕ ਕਰਦੇ ਹੋਏ ਆ ਰਹੇ ਸਨ। ਸਾਡੀਆਂ ਨਜ਼ਰਾਂ ਮਿਲੀਆਂ, ਉਸ ਨੇ ਦੋ ਉਂਗਲਾਂ ਚੁੱਕ ਕੇ 'ਵੀ' ਦਾ ਨਿਸ਼ਾਨ ਬਣਾਇਆ। "ਆਖਿਰ ਤੁਸੀਂ ਆਪਣੇ ਅੰਜ਼ਾਮ ਤੱਕ ਪਹੁੰਚ ਹੀ ਗਏ," ਨੇੜੇ ਆਉਣ 'ਤੇ ਮੈਂ ਹੌਲੀ ਦੇਣੇ ਕਿਹਾ। "ਇਹ ਤਾਂ ਸ਼ੁਰੂਆਤ ਹੈ ਭਾਈ ਮੀਆਂ," ਭਾਈ ਜੀ ਨੇ ਠਹਾਕਾ ਮਾਰ ਕੇ ਕਿਹਾ- "ਆਗੇ-ਆਗੇ ਦੇਖੋ ਹੋਤਾ ਹੈ ਕਿਆ ? ਇਟਜ਼ ਪਾਰਟ ਆਫ਼ ਦਿ ਗੇਮ......ਅਸਲ ਚੀਜ਼ ਹੈ ਪੈਸਾ, ਕਿਉਂ ਦਰੋਗਾ ਜੀ ?" ਉਸ ਦੇ ਚਿਹਰੇ 'ਤੇ ਪਛਤਾਵੇ ਦੀ ਕੋਈ ਝਲਕ ਨਹੀਂ ਸੀ ਅਤੇ ਇੰਨੀ ਗੱਲ ਕਹਿ ਕੇ ਉਹ ਹੱਸਦਾ-ਹੱਸਦਾ ਪੁਲੀਸ ਮੁਲਾਜ਼ਮਾਂ ਨਾਲ ਅਗਾਂਹ ਚਲਾ ਗਿਆ।



# ਵਿਧਾਇਕ ਜੀ ਦੀ ਪਾਰਟੀ

**- ਅਨੀਲਾਭ ਅਨਿਲ**

'ਸਾਹਿਬ, ਮੈਂ ਤੁਹਾਨੂੰ ਕੁੱਝ ਕਹਿਣਾ ਚਾਹੁੰਦਾ ਹਾਂ, ਪਰ ਮੈਥੋਂ ਕਹਿਣ ਦੀ ਹਿੰਮਤ ਨਹੀਂ ਹੋ ਰਹੀ।'

'ਕਿਉਂ ਕੀ ਗੱਲ ਹੈ ਸ਼ਗਨ, ਘਬਰਾਓ ਨਾ। ਜੋ ਵੀ ਕਹਿਣਾ ਚਾਹੁੰਦੇ ਹੋ, ਖੁੱਲ੍ਹ ਕੇ ਕਹੋ।'

'ਸਾਹਿਬ, ਕੱਲ੍ਹ ਨੂੰ ਮੇਰੇ ਬੇਟੇ ਦੀ ਜਨਮ ਦਿਨ ਪਾਰਟੀ ਹੈ। ਮੈਂ ਪਾਰਟੀ ਵਿੱਚ ਆਪਣੇ ਕੁੱਝ ਦੋਸਤਾਂ ਨੂੰ ਸੱਦਾ ਦਿੱਤਾ ਹੈ। ਸਾਹਿਬ, ਤੁਸੀਂ ਵੀ ਜ਼ਰੂਰ ਆਉਣਾ।'

'ਹਾਂ ਬਈ, ਕਿਉਂ ਨਹੀਂ ਪਰ ਤੂੰ ਇਹ ਗੱਲ ਕਹਿਣ ਤੋਂ ਘਬਰਾ ਕਿਉਂ ਰਿਹਾ ਸੀ ?'

'ਸਾਹਿਬ, ਮੈਂ ਸੋਚਿਆ ਕਿ ਤੁਸੀਂ ਬ੍ਰਾਹਮਣ ਹੋ ਅਤੇ ਮੈਂ ਨੀਵੀਂ ਜਾਤੀ ਦਾ। ਕਿਤੇ ਤੁਸੀਂ ਮੇਰੀ ਗੱਲ ਦਾ ਬੁਰਾ ਹੀ ਨਾ ਮਨਾ ਜਾਉ।'

'ਸ਼ਗਨ ਕੀ ਤੂੰ ਹਾਂਲੇ ਤੱਕ ਮੈਨੂੰ ਸਮਝ ਨਹੀਂ ਸਕਿਆ ? ਕੀ ਤੂੰ ਮੇਰੀਆਂ ਭਾਵਨਾਵਾਂ ਅਤੇ ਵਿਚਾਰਾਂ ਤੋਂ ਹਾਲੇ ਤੱਕ ਅਣਜਾਣ ਹੈਂ।'

'ਸਭ ਜਾਣਦਾ ਹਾਂ ਸਾਹਿਬ, ਇਸੇ ਕਰਕੇ ਤਾਂ ਮੈਂ ਤੁਹਾਨੂੰ ਬੁਲਾਇਆ ਹੈ।'

'ਸ਼ਗਨ ਮੇਰੇ ਸਰੀਰ 'ਤੇ ਨਾ ਤਾਂ ਜਨੇਊ ਹੈ, ਨਾ ਮੈਂ ਪੂਜਾ ਪਾਠ ਕਰਦਾ ਹਾਂ। ਨਾ ਮੰਦਿਰ ਜਾਂਦਾ ਹੈ ਅਤੇ ਨਾ ਹੀ ਕਦੀ ਗੰਗਾ ਵਿੱਚ ਇਸ਼ਨਾਨ ਕਰਨ ਜਾਂਦਾ ਹਾਂ। ਮੈਂ ਮਾਸ-ਮੱਛੀ, ਸਿਗਰਟ, ਸ਼ਰਾਬ ਸਭ ਕੁੱਝ ਖਾਂਦਾ-ਪੀਂਦਾ ਹਾਂ। ਹੁਣ ਤੂੰ ਹੀ ਦੱਸ ਕਿ ਮੈਂ ਕਿਸ ਤਰ੍ਹਾਂ ਬ੍ਰਾਹਮਣ ਹੋਇਆ। ਤੂੰ ਵੀ ਉਹੀ ਸਭ ਕੁੱਝ ਖਾਂਦਾ-ਪੀਂਦਾ ਹੈ ਜੋ ਮੈਂ ਖਾਂਦਾ-ਪੀਂਦਾ ਹਾਂ। ਫਿਰ ਤੇਰੇ ਅਤੇ ਮੇਰੇ ਵਿੱਚ ਅੰਤਰ ਕੀ ਹੈ ?'

'ਅੰਤਰ ਤਾਂ ਕੁੱਝ ਵੀ ਨਹੀਂ ਹੈ ਸਾਹਿਬ। ਪ੍ਰੰਤੂ ਇਹ ਸਭ ਕੁੱਝ ਕੇਵਲ ਤੁਸੀਂ ਹੀ ਸੋਚਦੇ ਹੋ। ਸਾਰੇ ਲੋਕ ਤੁਹਾਡੇ ਵਾਂਗ ਥੋੜ੍ਹੀ ਸੋਚਦੇ ਹਨ। ਏਸੇ ਕਰਕੇ ਤਾਂ ਤੁਹਾਡੇ ਇਲਾਵਾ ਦਫ਼ਤਰ ਵਿੱਚੋਂ ਮੈਂ ਕਿਸੇ ਹੋਰ ਨੂੰ ਨਹੀਂ ਬੁਲਾਇਆ। ਨਾ ਸਚਿਵ ਨੂੰ, ਨਾ ਅਕਾਊਂਟੈਂਟ ਸਾਹਿਬ ਨੂੰ, ਕਿਉਂਕਿ ਇਹ ਸਭ ਮੇਰੇ ਹੱਥ ਲੱਗਿਆ ਹੋਇਆ ਪਾਣੀ ਤੱਕ ਵੀ ਪੀਣ ਤੋਂ ਹਿਚਕਚਾਉਂਦੇ ਹਨ। ਇਹ ਤਾਂ ਇਨ੍ਹਾਂ ਦੀ ਮਜਬੂਰੀ ਹੈ ਕਿ ਮੈਂ ਚਪੜਾਸੀ ਹਾਂ ਅਤੇ ਉਨ੍ਹਾਂ ਨੂੰ ਮੇਰੇ ਹੱਥਾਂ ਦਾ ਪਾਣੀ ਪੀਣਾ ਪੈਂਦਾ ਹੈ। ਖੈਰ, ਤੁਸੀਂ ਜ਼ਰੂਰ ਆਇਓ ਸਾਹਿਬ ਅਤੇ ਹੋ ਸਕੇ ਤਾਂ ਆਪਣੇ ਬੱਚਿਆਂ ਨੂੰ ਵੀ ਨਾਲ ਲਿਆਇਓ।'

'ਹਾਂ-ਹਾਂ, ਮੈਂ ਜ਼ਰੂਰ ਆਵਾਂਗਾ।'

'ਅੱਛਾ ਸਾਹਿਬ, ਹੁਣ ਮੈਂ ਚਲਦਾ ਹਾਂ, ਮੈਨੂੰ ਜਾਣ ਦੀ ਇਜਾਜ਼ਤ ਦਿਉ।'

'ਠੀਕ ਹੈ।'

ਸ਼ਗਨ ਨੀਵੀਂ ਜਾਤੀ ਦਾ ਸੀ ਅਤੇ ਸਾਹਿਬ ਨਗਰ ਪੰਚਾਇਤ ਦੇ ਵਿਧਾਇਕ

ਸਨ। ਵਿਧਾਇਕ ਸਾਹਿਬ ਬੜੇ ਹੀ ਭਲੇ ਇਨਸਾਨ ਸਨ। ਹਰੀਜਨ ਲੋਕਾਂ ਲਈ ਉਨ੍ਹਾਂ ਦੇ ਮਨ ਵਿੱਚ ਬੜੀ ਹਮਦਰਦੀ ਸੀ। ਉਹ ਹਮੇਸ਼ਾ ਜਾਤ-ਪਾਤ ਦੇ ਵਿਰੁੱਧ ਬੋਲਦੇ ਸਨ। ਉਹ ਚਾਹੁੰਦੇ ਸਨ ਕਿ ਦੇਸ਼ ਵਿੱਚੋਂ ਜਾਤ-ਪਾਤ ਦਾ ਭੇਦ-ਭਾਵ ਖਤਮ ਹੋ ਜਾਵੇ, ਤਾਂ ਸਾਰੀ ਮਨੁੱਖ ਜਾਤੀ ਪਿਆਰ ਨਾਲ ਰਹਿਣ ਲੱਗੇ।

ਵਿਧਾਇਕ ਸਾਹਿਬ ਨੇ ਆਪਣੇ ਇੰਨ੍ਹਾਂ ਵਿਚਾਰਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਹੀ ਆਪਣੇ ਦਫ਼ਤਰ ਅਤੇ ਘਰ ਵਿੱਚ ਗਾਂਧੀ, ਅੰਬੇਦਕਰ ਅਤੇ ਗੌਤਮ ਆਦਿ ਦੀਆਂ ਤਸਵੀਰਾਂ ਲਗਾਈਆਂ ਹੋਈਆਂ ਸਨ। ਨਾਲ ਹੀ ਜਾਤ-ਪਾਤ ਦਾ ਵਿਰੋਧ ਕਰਨ ਲਈ ਕਿਤਾਬਾਂ ਵੀ ਰੱਖੀਆਂ ਹੋਈਆਂ ਸਨ।

ਵਿਧਾਇਕ ਸਾਹਿਬ ਸਹੀ ਅਰਥਾਂ ਵਿੱਚ ਹਰੀਜਨਾਂ ਦੇ ਮਸੀਹਾ ਸਨ। ਉਨ੍ਹਾਂ ਨੇ ਬਸਤੀ ਵਿੱਚ ਹਰੀਜਨ ਜਾਤੀ ਦੇ ਲੋਕਾਂ ਦੇ ਬਹੁਤ ਸਾਰੇ ਕੰਮ ਸਵਾਰੇ ਸਨ। ਉਨ੍ਹਾਂ ਨੇ ਨਾਲੀਆਂ, ਸੜਕਾਂ, ਸਕੂਲ, ਹਸਪਤਾਲ ਆਦਿ ਬਣਵਾਏ। ਉਨ੍ਹਾਂ ਦੇ ਇਸੇ ਪਿਆਰ ਕਾਰਨ ਹੀ ਉਨ੍ਹਾਂ ਨੂੰ ਨਗਰ ਵਿਧਾਇਕ ਦੇ ਅਹੁੱਦੇ ਦੀ ਕੁਰਸੀ ਮਿਲੀ ਸੀ ਕਿਉਂਕਿ ਉਨ੍ਹਾਂ ਦੇ ਇਸ ਛੋਟੇ ਜਿਹੇ ਨਗਰ ਵਿੱਚ ਹਰੀਜਨ ਲੋਕਾਂ ਦੀ ਗਿਣਤੀ ਜ਼ਿਆਦਾ ਸੀ। ਸਹੀ ਸ਼ਬਦਾਂ ਵਿੱਚ ਉਹ ਦਿਲ ਜਾਨ ਤੋਂ ਹਰੀਜਨ ਲੋਕਾਂ ਦੀ ਸੇਵਾ ਕਰਨੀ ਚਾਹੁੰਦੇ ਸਨ।

ਦੂਸਰੇ ਦਿਨ ਸਹੀ ਸਮੇਂ ’ਤੇ ਵਿਧਾਇਕ ਸਾਹਿਬ ਸ਼ਗਨ ਦੇ ਘਰ ਜਨਮ ਦਿਨ ਪਾਰਟੀ ’ਤੇ ਪਹੁੰਚ ਗਏ। ਉਨ੍ਹਾਂ ਨੇ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੀ ਪਾਰਟੀ ਵਿੱਚ ਜਾਣ ਲਈ ਬਹੁਤ ਕਿਹਾ ਪ੍ਰੰਤੂ ਉਨ੍ਹਾਂ ਨੇ ਸਾਫ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਹ ਉਨ੍ਹਾਂ ਦੇ ਸਮਾਜਵਾਦ ਤੋਂ ਚਿੜ੍ਹਦੇ ਸਨ।

ਸ਼ਗਨ ਦੇ ਲੜਕੇ ਨੇ ਮੋਮਬੱਤੀਆਂ ਬੁਝਾਈਆਂ, ਕੇਕ ਕੱਟਿਆ ਅਤੇ ਫਿਰ ਸਭ ਨੂੰ ਕੇਕ ਖਾਣ ਨੂੰ ਦਿੱਤਾ। ਸਭ ਨੇ ਸ਼ਗਨ ਦੇ ਲੜਕੇ ਨੂੰ ਤੋਹਫੇ ਦਿੱਤੇ।

ਪਾਰਟੀ ਵਿੱਚ ਵਿਧਾਇਕ ਸਾਹਿਬ ਤੋਂ ਇਲਾਵਾ ਪੰਜ ਆਦਮੀ ਹੋਰ ਸਨ, ਜੋ ਸ਼ਗਨ ਦੀ ਬਰਾਦਰੀ ਦੇ ਹੀ ਸਨ, ਜੋ ਪੰਜੇ ਹੀ ਆਪਣੇ ਪਰਿਵਾਰ ਸਮੇਤ ਆਏ ਸਨ। ਕੇਵਲ ਵਿਧਾਇਕ ਜੀ ਹੀ ਇਕੱਲੇ ਆਏ ਸਨ। ਕੇਕ ਕੱਟਣ ਦੀ ਰਸਮ ਪੂਰੀ ਹੋਣ ਤੋਂ ਬਾਅਦ ਸਾਰਿਆਂ ਲਈ ਭੋਜਨ ਪਰੋਸਿਆ ਗਿਆ। ਵਿਧਾਇਕ ਸਾਹਿਬ ਦੇ ਸਾਹਮਣੇ ਵੀ ਭੋਜਨ ਵਾਲੀ ਥਾਲੀ ਰੱਖੀ ਗਈ। ਭੋਜਨ ਵਿੱਚ ਕਈ ਪ੍ਰਕਾਰ ਦੀਆਂ ਚੀਜ਼ਾਂ ਬਣੀਆਂ ਹੋਈਆਂ ਸਨ। ਘਰ ਵਿੱਚ ਸਫ਼ਾਈ ਦਾ ਪੂਰਾ ਧਿਆਨ ਰੱਖਿਆ ਗਿਆ ਸੀ ਪ੍ਰੰਤੂ ਫਿਰ ਵੀ ਸਭ ਕੁੱਝ ਗੰਦਾ-ਗੰਦਾ ਲੱਗ ਰਿਹਾ ਸੀ। ਉਨ੍ਹਾਂ ਨੂੰ ਲੱਗ ਰਿਹਾ ਸੀ ਜਿਵੇਂ ਉਹ ਕਿਸੇ ਗੰਦੇ ਸਥਾਨ ’ਤੇ ਗੰਦੇ ਲੋਕਾਂ ਵਿੱਚ ਆ ਗਏ ਹਨ। ਉਨ੍ਹਾਂ ਨੂੰ ਭੋਜਨ ਵਿੱਚ ਵੀ ਗੰਦਗੀ ਨਜ਼ਰ ਆ ਰਹੀ ਸੀ।

ਇਸ ਅਜੀਬੋ ਗਰੀਬ ਹਾਲਾਤ ਦੇ ਪੈਦਾ ਹੋ ਜਾਣ ਕਾਰਨ ਉਹ ਸੋਚਾਂ ਵਿੱਚ ਪੈ ਗਏ ਕਿ ਇਹ ਮੈਨੂੰ ਕੀ ਹੋ ਗਿਆ ਹੈ ? ਮੈਂ ਤਾਂ ਅਜਿਹਾ ਨਹੀਂ ਸੀ, ਮੈਨੂੰ ਤਾਂ ਹਰੀਜਨ ਲੋਕਾਂ ਨਾਲ ਪਿਆਰ ਸੀ। ਭੇਦ-ਭਾਵ ਦੀ ਭਾਵਨਾ ਉਸ ਵਿੱਚ ਬਿਲਕੁੱਲ ਨਹੀਂ ਸੀ, ਫਿਰ ਇਹ ਭੇਦ-ਭਾਵ ਦੀ ਭਾਵਨਾ ਮਨ ਵਿੱਚ ਕਿਸ ਤਰ੍ਹਾਂ ਪੈਦਾ ਹੋ ਗਈ ? ਕਿਉਂ ਮੈਂ ਆਪਣੇ ਆਪ ਨੂੰ ਬ੍ਰਾਹਮਣ ਮਹਿਸੂਸ ਕਰ ਰਿਹਾ ਹਾਂ ?



ਮੈਂ ਤਾਂ ਹਰੀਜਨ ਜਾਤੀ ਪ੍ਰਤੀ ਪਿਆਰ ਦਾ ਸੁਪਨਾ ਲਿਆ ਸੀ, ਫਿਰ ਅੱਜ ਮੈਨੂੰ ਇਹ ਘ੍ਰਿਣਾ ਕਿਉਂ ਹੋ ਰਹੀ ਹੈ ? ਮੈਂ ਤਾਂ ਖੁਦ ਨੂੰ ਕਦੇ ਬ੍ਰਾਹਮਣ ਨਹੀਂ ਮੰਨਿਆ ਸੀ। ਫਿਰ ਅੱਜ ਕਿਉਂ ਮੇਰਾ ਮਨ ਉਨ੍ਹਾਂ ਦੇ ਵਿਰੁੱਧ ਖੜ੍ਹਾ ਹੋ ਗਿਆ ਹੈ। ਕਿਉਂ ਅੱਜ ਮੇਰਾ ਮਨ ਕਹਿ ਰਿਹਾ ਹੈ ਕਿ, ‘ਵਿਧਾਇਕ ਸਾਹਿਬ, ਤੁਸੀਂ ਬ੍ਰਾਹਮਣ ਹੋ, ਆਪਣੇ ਕਰਮ ਨੂੰ ਯਾਦ ਕਰੋ, ਹਰੀਜਨਾਂ ਦੇ ਘਰ ਵਿੱਚ ਭੋਜਨ ਕਰਨਾ ਤੁਹਾਨੂੰ ਸ਼ੋਭਾ ਨਹੀਂ ਦਿੰਦਾ। ਤੁਸੀਂ ਬ੍ਰਾਹਮਣ ਸਮਾਜ ਵਿੱਚੋਂ ਕੱਢ ਦਿੱਤੇ ਜਾਵੋਗੇ। ਪੂਰੇ ਦਾ ਪੂਰਾ ਬ੍ਰਾਹਮਣ ਸਮਾਜ ਤੁਹਾਡੇ ਮੂੰਹ ’ਤੇ ਥੁੱਕੇਗਾ।’

ਹਾਲਾਂਕਿ ਵਿਧਾਇਕ ਜੀ ਸ਼ਗਨ ਦੇ ਹੱਥੋਂ ਪਾਣੀ ਅਤੇ ਭੋਜਨ ਕਈ ਵਾਰ ਖਾ ਪੀ ਚੁੱਕੇ ਸਨ, ਪ੍ਰੰਤੂ ਕਿਸੇ ਹਰੀਜਨ ਦੇ ਘਰ ਵਿੱਚ ਆ ਕੇ ਉਹ ਪਹਿਲੀ ਵਾਰ ਭੋਜਨ ਕਰ ਰਹੇ ਸਨ। ਉਨ੍ਹਾਂ ਨੂੰ ਇਸ ਗੱਲ ਦੀ ਵੀ ਭਿਣਕ ਨਹੀਂ ਸੀ ਕਿ ਕਿਸੇ ਹਰੀਜਨ ਦੇ ਘਰ ਵਿੱਚ ਭੋਜਨ ਕਰਨ ’ਤੇ ਉਨ੍ਹਾਂ ਦੀ ਬ੍ਰਾਹਮਣ ਹੋਣ ਦੀ ਭਾਵਨਾ ਜਾਗ ਪਵੇਗੀ। ਉਹ ਤਾਂ ਆਪਣੇ ਲੜਕੇ ਦੀ ਸ਼ਾਦੀ ਕਿਸੇ ਹਰੀਜਨ ਲੜਕੀ ਨਾਲ ਕਰਨੀ ਚਾਹੁੰਦੇ ਸਨ ਅਤੇ ਆਪਣੀ ਲੜਕੀ ਦੀ ਸ਼ਾਦੀ ਕਿਸੇ ਹਰੀਜਨ ਪਰਿਵਾਰ ਵਿੱਚ ਕਰਨੀ ਚਾਹੁੰਦੇ ਸਨ। ਪ੍ਰੰਤੂ ਉਸ ਦਿਨ ਇਹ ਸਾਰੇ ਵਿਚਾਰ ਕਿਸ ਤਰ੍ਹਾਂ ਟੁੱਟ ਰਹੇ ਸਨ, ਉਨ੍ਹਾਂ ਨੂੰ ਖੁਦ ਪਤਾ ਨਹੀਂ ਚੱਲ ਰਿਹਾ ਸੀ।

ਉਨ੍ਹਾਂ ਨੂੰ ਅਹਿਸਾਸ ਹੋ ਰਿਹਾ ਸੀ ਕਿ ਦੇਸ਼ ਵਿੱਚ ਜਾਤ-ਪਾਤ ਦਾ ਭੇਦ-ਭਾਵ ਮਿਟਾਉਣ ਲਈ ਗੱਲਾਂ ਕਰਨੀਆਂ ਜਿੰਨੀਆਂ ਸੌਖੀਆਂ ਹਨ, ਨੀਵੀਂ ਜਾਤੀ ਦੇ ਲੋਕਾਂ ਨਾਲ ਖਾਣਾ-ਪੀਣਾ, ਉਠਣਾ-ਬੈਠਣਾ ਆਦਿ ਉਨਾ ਹੀ ਮੁਸ਼ਕਿਲ ਹੈ, ਕਿਉਂਕਿ ਸੰਸਕਾਰ ਜੋ ਹੱਡੀਆਂ ਅਤੇ ਮਾਸ ਨਾਲ ਜੁੜੇ ਹੋਏ ਹਨ ਉਹ ਇਨ੍ਹਾਂ ਭਾਵਨਾਵਾਂ ਵਿਚਕਾਰ ਕੰਧ ਬਣ ਕੇ ਖੜ੍ਹ ਜਾਂਦੇ ਹਨ। ਇਨ੍ਹਾਂ ਸੰਸਕਾਰਾਂ ਦੇ ਖਤਮ ਹੋਣ ਵਿੱਚ ਓਨਾ ਹੀ ਸਮਾਂ ਲੱਗੇਗਾ, ਜਿੰਨਾ ਇੰਨ੍ਹਾਂ ਦੇ ਪੈਦਾ ਹੋਣ ਵਿੱਚ ਲੱਗਾ ਹੈ। ਵਿਧਾਇਕ ਸਾਹਿਬ ਨੂੰ ਲੱਗ ਰਿਹਾ ਸੀ ਕਿ ਇਹ ਸੰਸਕਾਰ ਉਨ੍ਹਾਂ ਦੇ ਆਪਣੇ ਨਹੀਂ ਹਨ, ਬਲਕਿ ਉਨ੍ਹਾਂ ਨੂੰ ਵਿਰਾਸਤ ਵਿੱਚ ਹੀ ਮਿਲੇ ਹਨ।

ਹਾਲਾਂਕਿ ਉਨ੍ਹਾਂ ਦੇ ਮਨ ਵਿੱਚ ਉਥਲ-ਪੁਥਲ ਮੱਚ ਰਹੀ ਸੀ, ਫਿਰ ਵੀ ਉਨ੍ਹਾਂ ਨੇ ਨਾ-ਚਾਹੁੰਦੇ ਹੋਏ ਭੋਜਨ ਕੀਤਾ ਤੇ ਜਲਦੀ ਨਾਲ ਸ਼ਗਨ ਤੋਂ ਵਿਦਾਇਗੀ ਲੈ ਕੇ ਆਪਣੇ ਘਰ ਪਹੁੰਚ ਗਏ ਅਤੇ ਘਰ ਪਹੁੰਚ ਕੇ ਸਭ ਤੋਂ ਪਹਿਲਾਂ ਆਪਣੇ-ਆਪ ਨੂੰ ਪਵਿੱਤਰ ਕਰਨ ਲਈ ਇਸ਼ਨਾਨ ਕਰਨ ਚਲੇ ਗਏ।

# ਦੋ ਫੁੱਲ

**- ਅਨੀਲਾਭ ਅਨਿਲ**

ਉਸ ਦਿਨ ਉਸ ਨੇ ਉਸ ਨੂੰ ਇੱਕ ਗੁਲਾਬ ਦਾ ਫੁੱਲ ਭੇਂਟ ਕੀਤਾ। ਲਾਲ ਰੰਗ ਦਾ ਖ਼ੂਬ ਵੱਡਾ ਗੁਲਾਬ। ਸ਼ਾਇਦ ਉਸ ਦੀ ਕੋਠੀ ਦੇ ਸਾਹਮਣੇ ਬਗੀਚੇ ਵਿੱਚ ਗੁਲਾਬ ਦੇ ਬਹੁਤ ਸਾਰੇ ਪੌਦੇ ਲੱਗੇ ਹੋਣਗੇ, ਇਸੇ ਕਰਕੇ ਤਾਂ ਪਿਛਲੇ ਕਈ ਦਿਨਾਂ ਤੋਂ ਉਹ ਹਰ ਰੋਜ਼ ਉਸ ਨੂੰ ਅਲੱਗ-ਅਲੱਗ ਰੰਗਾਂ ਦੇ ਦੇਸ਼ੀ-ਵਿਦੇਸ਼ੀ ਫੁੱਲ ਭੇਂਟ ਕਰਦਾ ਆ ਰਿਹਾ ਸੀ।

ਪ੍ਰੰਤੂ ਉਸ ਨੂੰ ਇੱਕ ਨਹੀਂ ਦੋ ਫੁੱਲ ਮਿਲਿਆ ਕਰਦੇ ਸਨ। ਪਰ ਦੋਨਾਂ ਤੋਹਫ਼ਿਆਂ ਵਿੱਚ ਬਹੁਤ ਵੱਡਾ ਫਰਕ ਸੀ। ਇੱਕ ਗੂੜ੍ਹੇ ਰੰਗ 'ਚ ਗੜੁੱਚ ਭਿੰਨੀ-ਭਿੰਨੀ ਮਹਿਕ ਨਾਲ ਗਲਤਾਨ ਪਰ ਕੰਡਿਆਂ ਨਾਲ ਵਿੰਨ੍ਹਿਆ ਹੋਇਆ ਅਤੇ ਦੂਸਰਾ ਫੁੱਲ ਜੋ ਉਸ ਨੂੰ ਮਿਲਦਾ ਸੀ, ਉਹ ਚਮੇਲੀ ਦੀ ਵੇਲ ਤੋਂ ਤੋੜਿਆ ਗਿਆ, ਅੱਖਾਂ ਨੂੰ ਠੰਢਕ ਪ੍ਰਦਾਨ ਕਰਨ ਵਾਲਾ ਸ਼ਵੇਤ ਫੁੱਲ, ਜਿਸ ਦੀਆਂ ਪੱਤੀਆਂ ਮੁਲਾਇਮ ਅਤੇ ਡੰਡਲ ਕੰਡਿਆਂ ਦੇ ਬਗੈਰ ਹੁੰਦਾ।

ਜਿੰਨਾ ਫ਼ਰਕ ਉਨ੍ਹਾਂ ਫੁੱਲਾਂ ਦੇ ਆਪਸੀ ਮਿਜ਼ਾਜ ਵਿੱਚ ਸੀ, ਉਨ੍ਹਾਂ ਹੀ ਫ਼ਰਕ ਇਹ ਤੋਹਫ਼ੇ ਭੇਟ ਕਰਨ ਵਾਲੇ ਵਿਅਕਤੀਆਂ ਦੇ ਸੁਭਾਅ ਅਤੇ ਉਨ੍ਹਾਂ ਦੇ ਰੰਗ ਢੰਗ ਵਿੱਚ ਸੀ।

ਦਫ਼ਤਰ ਦਾ ਵੱਡਾ ਸਾਹਿਬ ਨਿਤਿਨ ਫ਼ਿਲਮੀ ਅੰਦਾਜ਼ ਵਿੱਚ ਆਪਣੇ ਵਾਲਾਂ ਨੂੰ ਪਿਛਾਂਹ ਵੱਲ ਝਟਕਾਉਂਦਾ ਹੋਇਆ ਪਾਨ ਵਾਲੇ ਆਪਣੇ ਪੀਲੇ ਦੰਦਾਂ ਨਾਲ ਹੱਸਦਾ ਹੋਇਆ ਹਰ ਸੁਭਾ ਉਸ ਨੂੰ ਗੂੜ੍ਹੇ ਰੰਗ ਦਾ ਗੁਲਾਬ ਫੜਾਉਂਦਾ ਅਤੇ ਉਹ ਇੱਕ ਦਮ ਵਿਹਾਰਿਕ ਢੰਗ ਨਾਲ ਉਸ ਨੂੰ "ਥੈਂਕ ਯੂ" ਜਾਂ "ਧੰਨਵਾਦ" ਕਹਿ ਕੇ ਇੱਕ ਹਲਕੀ ਜਿਹੀ ਮੁਸਕਾਨ ਨਾਲ ਆਪਣੀ ਸੀਟ 'ਤੇ ਵਾਪਸ ਪਰਤ ਆਉਂਦੀ। ਪ੍ਰੰਤੂ ਚਮੇਲੀ ਦਾ ਫੁੱਲ ਉਸਨੂੰ ਤਦ ਮਿਲਦਾ ਜਦ ਉਹ ਨਿਤਿਨ ਦੇ ਕੈਬਨ ਤੋਂ ਵਾਪਸ ਪਰਤਦੀ। ਇਹ ਫੁੱਲ ਉਸ ਨੂੰ ਹਰ ਰੋਜ਼ ਮੇਜ਼ 'ਤੇ ਰੱਖੀ ਟਾਈਪ ਰਾਈਟਰ ਕੋਲ ਰੱਖਿਆ ਹੋਇਆ ਮਿਲਦਾ। ਇੰਝ ਨਹੀਂ ਕਿ ਉਹ ਉਸ ਭੇਟ ਕਰਤਾ ਨੂੰ ਜਾਣਦੀ ਨਹੀਂ ਸੀ ਪ੍ਰੰਤੂ ਉਸ ਵੱਲ ਉਸ ਨੇ ਕਦੇ ਧਿਆਨ ਹੀ ਨਹੀਂ ਕੀਤਾ ਸੀ। ਉਹ ਫੁੱਲ ਉਸ ਨੇ ਕਦੇ ਸੁੱਟਿਆ ਵੀ ਨਹੀਂ ਸੀ। ਗੁਲਾਬ ਦੇ ਫੁੱਲ ਦੀ ਤਰ੍ਹਾਂ ਉਹ ਹਰ ਰੋਜ਼ ਉਸ ਫੁੱਲ ਨੂੰ ਵੀ ਪਰਸ ਵਿੱਚ ਪਾ ਲੈਂਦੀ। ਇਹ ਗੱਲ ਵੱਖ ਸੀ ਕਿ ਘਰ ਆ ਕੇ ਉਹ ਦੋਨਾਂ ਹੀ ਫੁੱਲਾਂ ਨੂੰ ਕੂੜਾਦਾਨ ਵਿੱਚ ਸੁੱਟ ਦਿੰਦੀ ਸੀ।

"ਹੈਲੋ ਰੇਖਾ" ਇੱਕ ਦਿਨ ਨਿਤਿਨ ਨੇ ਗੁਲਾਬ ਦਾ ਫੁੱਲ ਭੇਂਟ ਕਰਦੇ ਹੋਏ ਉਸ ਨੂੰ ਆਪਣੇ ਮੇਜ਼ ਦੇ ਸਾਹਮਣੇ ਪਈ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ ਸੀ।

"ਧੰਨਵਾਦ, ਸ੍ਰੀਮਾਨ" ਕਹਿੰਦੀ ਹੋਈ ਉਹ ਨਾ ਚਾਹੁੰਦੀ ਜਿਹੀ ਉਸ ਕੁਰਸੀ



'ਤੇ ਬੈਠ ਗਈ। "ਕਿੰਨਾ ਮੁਸ਼ਕਿਲ ਭਰਿਆ ਕੰਮ ਹੈ ਨੌਕਰੀ ਕਰਨਾ, ਚਾਹੇ ਕਿਸੇ ਦਾ ਮੂੰਹ ਦੇਖਣ ਨੂੰ ਵੀ ਦਿਲ ਨਾ ਕਰਦਾ ਹੋਵੇ ਪਰ ਮਜ਼ਬੂਰੀ ਵੱਸ ਉਸ ਨਾਲ ਗੱਲਾਂ ਵੀ ਕਰਨੀਆਂ ਪੈਂਦੀਆਂ ਹਨ।" ਉਹ ਸੋਚ ਰਹੀ ਸੀ।

"ਜਾਣਦੀ ਹੈਂ ਰੇਖਾ ਜੀ, ਮੇਰਾ ਇੱਕ ਬਹੁਤ ਵੱਡਾ ਬਗੀਚਾ ਹੈ, ਉਹ ਮੇਰੇ ਬੰਗਲੇ ਦੇ ਨਾਲ ਹੀ ਹੈ। ਉੱਥੇ ਹੀ ਅਸੀਂ ਉਗਾਉਂਦੇ ਹਾਂ ਇਹ ਸਭ ਫੁੱਲ।"

"ਸੁੰਦਰ ਹਨ ਨਾ ?" ਰੇਖਾ ਤੋਂ ਪ੍ਰਸ਼ੰਸਾ ਪਾਉਣ ਦੇ ਲਾਲਚ ਨਾਲ ਉਸ ਦੀਆਂ ਨਜ਼ਰਾਂ ਰੇਖਾ ਦੇ ਚਿਹਰੇ 'ਤੇ ਅਟਕ ਗਈਆਂ।

"ਜੀ, ਬੇਹੱਦ ਸੁੰਦਰ ਹਨ।" ਉਸ ਨੇ ਸੰਖੇਪ ਜਿਹਾ ਉੱਤਰ ਦੇ ਕੇ ਗੱਲ ਟਾਲਣੀ ਚਾਹੀ ਸੀ। "ਹਾਂ, ਸਾਰੇ ਕਹਿੰਦੇ ਹਨ ਸੁੰਦਰ ਹਨ। ਮੈਨੂੰ ਬਹੁਤ ਸ਼ੌਕ ਹੈ ਇੰਨਾਂ ਫੁੱਲਾਂ ਦਾ। ਦੇਸ਼ੀ-ਵਿਦੇਸ਼ੀ ਗੁਲਾਬਾਂ ਦੀਆਂ ਕੋਈ ਦੋ ਢਾਈ ਸੌ ਕਿਸਮਾਂ ਉੱਥੇ ਹੋਣਗੀਆਂ। ਜਾਣਦੀ ਹੈਂ, ਪਿਛਲੀ ਵਾਰ ਗੁਲਾਬ ਪ੍ਰਦਰਸ਼ਨੀ ਵਿੱਚ ਪਹਿਲਾ ਇਨਾਮ ਇਸੇ ਕਿਸਮ ਦੇ ਪੀਲੇ ਗੁਲਾਬ ਨੂੰ ਮਿਲਿਆ ਸੀ।"

ਨਿਤਿਨ ਬੋਲੀ ਜਾ ਰਿਹਾ ਸੀ। ਉਸ ਦਾ ਦਿਲ ਚਾਹੁੰਦਾ ਸੀ ਕਿ ਰੇਖਾ ਵੀ ਉਸ ਨਾਲ ਖੁੱਲ੍ਹ ਕੇ ਗੱਲਾਂ ਕਰੇ ਅਤੇ ਉਸ ਦੀ 'ਹਾਂ' ਵਿੱਚ 'ਹਾਂ' ਮਿਲਾਵੇ।

"ਤੁਸੀਂ ਚੁੱਪ ਕਿਉਂ ਹੋ ?" ਅਚਾਨਕ ਨਿਤਿਨ ਦਾ ਧਿਆਨ ਪੇਪਰਵੇਟ ਨਾਲ ਖੇਡਦੀਆਂ ਉਸ ਦੀਆਂ ਉਂਗਲਾਂ ਵੱਲ ਚਲਾ ਗਿਆ।

"ਜੀ, ਨਹੀਂ ਤਾਂ, ਮੈਂ ਤੁਹਾਡੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਹੀ ਹਾਂ।"

"ਅੱਜ ਸ਼ਾਮ ਨੂੰ ਮੇਰੇ ਨਾਲ ਹੋਟਲ 'ਚ ਚਾਹ ਪੀਵੋਗੇ ?"

ਕਿਸੇ ਸਵਾਰਥ ਦੀ ਪੂਰਤੀ ਲਈ ਇਹ ਸੌਦਾ ਸੀ, ਪਰ ਉਹ ਚੌਂਕੀ ਨਹੀਂ। ਸ਼ਾਇਦ ਉਸ ਨੂੰ ਇਸ ਸੌਦੇ ਬਾਰੇ ਥੋੜ੍ਹੀ ਜਾਣਕਾਰੀ ਪਹਿਲਾਂ ਤੋਂ ਹੀ ਹੋ ਗਈ ਸੀ। ਰੋਜ਼ ਨਵੇਂ ਗੁਲਾਬ ਦਾ ਫੁੱਲ ਦੇਣਾ, ਜਿਵੇਂ ਇਸੇ ਸੌਦੇ ਦੀ ਹੀ ਭੂਮਿਕਾ ਸੀ।

"ਜੀ, ਜਿਵੇਂ ਤੁਸੀਂ ਠੀਕ ਸਮਝੋ।" ਉਸ ਨੇ ਕਿਹਾ ਸੀ। ਉਸ ਸ਼ਾਮ ਨੂੰ ਨਿਕਲਦੇ ਹੋਏ ਉਸ ਨੇ ਚਮੇਲੀ ਦਾ ਫੁੱਲ ਦੇਣ ਵਾਲੇ ਵਿਅਕਤੀ ਦੇ ਮੂੰਹ 'ਤੇ ਨਿਰਾਸ਼ਾ ਦੇ ਭਾਵ ਉੱਭਰਦੇ ਹੋਏ ਦੇਖ ਲਏ ਸਨ। ਇੱਕ ਨਜ਼ਰ ਦੋਹਾਂ ਨੂੰ ਦੇਖ ਕੇ ਉਹ ਵਾਪਸ ਆਪਣੇ ਕੰਮ ਵਿੱਚ ਲੱਗ ਗਿਆ ਸੀ।

ਇੱਕ ਤਰਸ ਯੋਗ ਜਿਹਾ ਭਾਵ, ਸ਼ਾਇਦ ਉਸ ਦੇ ਚਿਹਰੇ 'ਤੇ ਤੈਰ ਗਿਆ ਸੀ।

ਉਸ ਤੋਂ ਬਾਅਦ ਲਗਪਗ ਹਰ ਸ਼ਾਮ ਨੂੰ ਕਿਸੇ ਨਾ ਕਿਸੇ ਜਗ੍ਹਾ 'ਤੇ ਉਸ ਦਾ ਨਿਤਿਨ ਨਾਲ ਉੱਠਣ ਬੈਠਣ ਹੋਣ ਲੱਗਾ ਸੀ। ਕਦੇ ਉਹ ਡਿਨਰ ਜਾਂ ਚਾਹ 'ਤੇ ਜਾਂਦੀ ਤੇ ਕਦੀ ਘੰਟਿਆਂ ਬੱਧੀ ਉਸ ਨਾਲ ਪਾਰਕ 'ਚ ਬੈਠੀ ਰਹਿੰਦੀ। ਇਸੇ ਦੌਰਾਨ ਉਹ ਨਿਤਿਨ ਦੀ ਆਪਣੀ ਪਤਨੀ ਨਾਲ ਅਣਬਣ ਰਹਿਣ ਦੀ ਚਰਚਾ ਵੀ ਕਈ ਵਾਰ ਸੁਣ ਚੁੱਕੀ ਸੀ।

ਇਸ ਸ਼ਹਿਰ ਵਿੱਚ ਨਿਤਿਨ ਦੇ ਦੋ ਹੋਰ ਵੀ ਮਕਾਨ ਹਨ। ਉਸ ਕੋਲ ਸ਼ੇਵਰਲੇਟ ਤੋਂ ਇਲਾਵਾ ਇੱਕ ਫੀਅਟ ਵੀ ਹੈ ਅਤੇ ਮਕਾਨ ਦੇ ਨਾਲ ਜੁੜੇ ਫਾਰਮ ਦਾ ਬਿਊਰਾ ਉਹ ਜਾਣ ਚੁੱਕੀ ਸੀ।

ਨਿਤਿਨ ਦੇ ਨਾਲ ਰਹਿਣ ਨਾਲ ਹਰ ਪਲ ਉਸ ਨੂੰ ਨਵੇਂ ਅੰਕੜਿਆਂ ਦੀ ਸੂਚੀ

ਦਿੰਦਾ ਸੀ। ਲਗਦਾ ਸੀ ਜਿਵੇਂ ਸਮੁੱਚਾ ਅਰਥ ਸ਼ਾਸ਼ਤਰ ਹੀ ਇੰਜੈਕਸ਼ਨ ਦੀ ਮੱਦਦ ਨਾਲ ਉਸ ਦੇ ਅੰਦਰ ਭੇਜਿਆ ਜਾ ਰਿਹਾ ਹੋਵੇ। ਦੋ ਮਹੀਨਿਆਂ ਵਿੱਚ ਹੀ ਉਸ ਨੂੰ ਨਿਤਿਨ ਦੇ ਮਕਾਨ ਦੇ ਕਿਰਾਏ ਤੋਂ ਲੈ ਕੇ ਫਾਰਮ ਵਿੱਚ ਹੋਣ ਵਾਲੀ ਉਪਜ ਅਤੇ ਪੈਟਰੋਲ ਦੀਆਂ ਵਧੀਆਂ ਕੀਮਤਾਂ ਦਾ ਗ੍ਰਾਫ ਜੁਬਾਨੀ ਯਾਦ ਹੋ ਗਿਆ ਸੀ।

ਇਸੇ ਦੌਰਾਨ, ਹਾਲਾਂ ਕਿ ਨਿਤਿਨ ਕਈ ਵਾਰ ਉਸਨੂੰ ਪ੍ਰੇਮ ਦਾ ਪ੍ਰਸਤਾਵ ਵੀ ਪੇਸ਼ ਕਰ ਚੁੱਕਾ ਸੀ ਪਰ ਉਸ ਨੂੰ ਹਰ ਵਾਰ ਇਹੀ ਲਗਦਾ ਕਿ ਨਿਤਿਨ ਦੀ "ਵਪਾਰਕ ਬੁੱਧੀ" ਦੇ ਬੋਝ ਥੱਲੇ ਉਸ ਦਾ ਭਾਵੁਕ ਹਿਰਦਾ ਸਿਸਕ-ਸਿਸਕ ਕੇ ਦਮ ਤੋੜ ਦੇਵੇਗਾ। ਨਿਤਿਨ ਦਾ ਉਸ ਨਾਲ ਵਿਆਹ ਇੱਕ ਮਾਤਰ ਸੁੰਦਰ ਨਾਰੀ ਦੇ ਉਪਭੋਗ ਵਜੋਂ ਹੀ ਹੋਵੇਗਾ।

ਇਸ ਲਈ ਉਸ ਦਿਨ ਸਮੁੰਦਰ ਕਿਨਾਰੇ ਬੈਠੇ ਬੈਠੇ ਉਸ ਨੂੰ ਚਮੇਲੀ ਦਾ ਫੁੱਲ ਚੋਰੀ ਛੁਪੇ ਉਸ ਦੀ ਮੇਜ਼ 'ਤੇ ਰੱਖਣ ਵਾਲੇ ਵਿਅਕਤੀ ਦਾ ਖ਼ਿਆਲ ਆਇਆ। ਉਹ ਹਰ ਰੋਜ਼ ਉਸ ਨੂੰ ਅਤੇ ਨਿਤਿਨ ਨੂੰ ਇਕੱਠਿਆਂ ਬਾਹਰ ਨਿਕਲਦੇ ਦੇਖਦਾ ਅਤੇ ਬਿਨਾਂ ਕੋਈ ਭਾਵ ਪ੍ਰਗਟ ਕਰਨ ਦੇ ਟਾਈਪ ਰਾਈਟਰ ਵੱਲ ਝੁਕ ਜਾਂਦਾ। ਉਸ ਨੂੰ ਯਾਦ ਆਇਆ ਕਿ ਜਿਸ ਦਿਨ ਉਹ ਪਹਿਲੀ ਵਾਰ ਨਿਤਿਨ ਨਾਲ ਹੋਟਲ ਤੋਂ ਪਰਤੀ ਸੀ ਤਾਂ ਮਾਂ ਨੇ ਉਸ ਦੇ ਹੱਥ ਵਿੱਚ ਇੱਕ ਚਿੱਠੀ ਦਿੱਤੀ ਸੀ। ਚਿੱਠੀ 'ਚ ਲਿਖਿਆ ਸੀ :-

ਰੇਖਾ,

ਮੁਆਫ ਕਰਨਾ। ਹੋਰਨਾਂ ਸਹਿਯੋਗੀਆਂ ਦੀ ਤਰ੍ਹਾਂ ਮੈਂ ਤੁਹਾਨੂੰ ਆਪਣੀ ਕਹਿ ਕੇ ਸੰਬੋਧਿਤ ਨਹੀਂ ਕਰ ਸਕਦਾ।

ਆਪਣੀ ਮੇਜ਼ 'ਤੇ ਹਰ ਸੁਭਾ ਚਮੇਲੀ ਦਾ ਫੁੱਲ ਪ੍ਰਾਪਤ ਕਰਕੇ ਵੀ ਤੁਸੀਂ ਕਦੇ ਇਹ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਸ ਨੂੰ ਕੌਣ ਰੱਖਦਾ ਹੈ। ਸ਼ਾਇਦ ਤੂੰ ਜਾਣਦੀ ਹੈਂ ਕਿ ਇਹ ਕੌਣ ਰੱਖਦਾ ਹੈ ?

ਪ੍ਰੰਤੂ ਵੱਡੇ ਸਾਹਿਬ ਨਿਤਿਨ ਦੇ ਰੰਗੀਨ ਗੁਲਾਬ ਦੇ ਸਾਹਮਣੇ ਮੇਰਾ ਸਫੈਦ ਚਮੇਲੀ ਦਾ ਫੁੱਲ ਤੁਹਾਨੂੰ ਸ਼ਾਇਦ ਬੇਰੰਗ ਮਹਿਸੂਸ ਹੁੰਦਾ ਹੋਵੇਗਾ।

ਪਰ ਜਿਸ ਦਿਨ ਗੁਲਾਬ ਦੇ ਕੰਡਿਆਂ ਨਾਲ ਵਿੰਨ੍ਹ ਕੇ ਤੁਹਾਡਾ ਹਿਰਦਾ ਲਹੂ-ਲੁਹਾਨ ਹੋ ਜਾਵੇਗਾ ਤਦ ਮੇਰੇ ਚਮੇਲੀ ਦੇ ਫੁੱਲ ਦੀਆਂ ਪੱਤੀਆਂ ਤੁਹਾਨੂੰ ਰਾਹਤ ਦੇਣਗੀਆਂ।

ਨਿਤਿਨ ਦੀ ਜਕੜ ਨੂੰ ਅਟਪਟਾ ਜਿਹਾ ਮਹਿਸੂਸ ਕਰਦੇ ਹੋਏ ਵੀ ਰੇਖਾ ਉਸ ਤੋਂ ਮੁਕਤ ਨਹੀਂ ਹੋ ਸਕੀ। ਇੱਥੋਂ ਤੱਕ ਕਿ ਉਸ ਨੇ ਨਿਰਣਾ ਕਰ ਲਿਆ ਸੀ ਕਿ ਹੁਣ ਉਹ ਨਿਤਿਨ ਨੂੰ ਸ਼ਾਦੀ ਲਈ 'ਹਾਂ' ਕਰ ਦੇਵੇਗੀ।

ਘੱਟੋ-ਘੱਟ ਨੌਕਰੀ ਕਰਨ ਵਾਲੀ ਇਸ ਸੜੀ ਜ਼ਿੰਦਗੀ ਤੋਂ ਤਾਂ ਛੁਟਕਾਰਾ ਮਿਲੇਗਾ। ਧਨ ਦੌਲਤ ਨਾਲ ਉਹ ਬਹੁਤੀ ਮੋਹਿਤ ਨਹੀਂ ਸੀ ਪਰ ਬਚਪਨ ਤੋਂ ਦੱਬੀ ਕੁਚਲੀ ਜ਼ਿੰਦਗੀ ਜਿਉਂਦੀ ਆਈ ਰੇਖਾ ਹੁਣ ਅਰਾਮ ਦੀ ਚਾਹਤ ਕਰਨ ਲੱਗੀ ਸੀ।

ਸ਼ਾਮ ਨੂੰ ਉਸ ਦਾ ਹੱਥ ਫੜਦੇ ਹੋਏ ਨਿਤਿਨ ਨੇ ਕਿਹਾ, "ਜਾਣਦੀ ਹੈਂ ਰੇਖਾ, ਮੇਰੀ ਪਤਨੀ ਕੱਲ੍ਹ ਤੋਂ ਬੰਗਲੇ 'ਚ ਵਾਪਸ ਆ ਰਹੀ ਹੈ। ਹੁਣ ਤੈਨੂੰ ਉਥੇ ਆਉਣ-ਜਾਣ 'ਚ ਦਿੱਕਤ ਹੋਵੇਗੀ ਪ੍ਰੰਤੂ ਪ੍ਰੇਸ਼ਾਨ ਹੋਣ ਦੀ ਕੋਈ ਗੱਲ ਨਹੀਂ। ਦੂਸਰੇ ਬੰਗਲੇ



ਦਾ ਇੱਕ ਫਲੈਟ ਖਾਲੀ ਹੈ। ਤੁਹਾਡੇ ਘਰ ਦੇ ਜੇਕਰ ਬੁਰਾ ਨਾ ਮਨਾਉਣ ਤਾਂ ਉੱਥੇ ਆ ਜਾਇਆ ਕਰ।

"ਮੈਂ ਨਹੀਂ ਚਾਹੁੰਦਾ ਕਿ ਉੱਥੇ ਆਉਣ ਤੋਂ ਬਾਅਦ ਤੂੰ ਨੌਕਰੀ ਕਰੇਂ।"

"ਪਰ ਤੁਸੀਂ ਤਾਂ ਕਹਿ ਰਹੇ ਸੀ ਕਿ ਆਪਣੀ ਪਤਨੀ ਨੂੰ ਤਲਾਕ ਦੇ ਰਹੇ ਹੋ।" ਰੇਖਾ ਚਿੰਤਤ ਹੋ ਕੇ ਕਹਿਣ ਲੱਗੀ।

"ਇਹ ਸੰਭਵ ਨਹੀਂ ਹੋ ਸਕਿਆ, ਰੇਖਾ। ਤੂੰ ਤਾਂ ਜਾਣਦੀ ਹੀ ਹੈਂ, ਉਸ ਦੇ ਪਿਤਾ ਦੀ ਹੀ ਤਾਂ ਫਰਮ ਹੈ, ਜਿਸ ਵਿੱਚ ਆਪਾਂ ਲੋਕ ਕੰਮ ਕਰਦੇ ਹਾਂ। ਫਿਰ......" ਨਿਤਿਨ ਦੇ ਚਿਹਰੇ 'ਤੇ ਦਇਆਯੋਗ ਭਾਵਨਾ ਉੱਭਰ ਆਈ।

ਪਰ ਰੇਖਾ ਨੂੰ ਉਸ ਦੇ ਚਿਹਰੇ ਤੋਂ ਛਿਪਕਲੀ ਵਾਂਗ ਘ੍ਰਿਣਾ ਹੋਣ ਲੱਗੀ ਸੀ। ਉਹ ਹੱਥ ਛੁਡਾ ਕੇ ਖੜ੍ਹੀ ਹੋ ਗਈ, "ਨਹੀਂ ਨਿਤਿਨ ਬਾਬੂ, ਮੈਂ ਰਖੈਲ ਬਣ ਕੇ ਨਹੀਂ ਰਹਿਣਾ ਚਾਹੁੰਦੀ।" ਕਹਿ ਕੇ ਉਹ ਭਖਦੇ ਚਿਹਰੇ ਨਾਲ ਉਸ ਦੇ ਕੈਬਨ 'ਚੋਂ ਬਾਹਰ ਨਿਕਲ ਆਈ।

ਗੁਲਾਬ ਦੀ ਕਟੀਲੀ ਚੁਭਣ ਕਾਰਨ ਜਿਵੇਂ ਉਸ ਦਾ ਅੰਗ-ਅੰਗ ਜ਼ਖਮੀ ਹੋ ਗਿਆ ਸੀ। ਹਨੇਰੇ ਵਿੱਚ ਟਕਰਾਉਂਦਾ ਉਸ ਦਾ ਵਿਅਕਤੀਤਵ ਰੌਸ਼ਨੀ ਲਈ ਤੜਫ ਰਿਹਾ ਸੀ। ਨੌਕਰੀ ਤੋਂ ਮੁਕਤੀ ਦੀ ਚਾਹਤ ਵਿੱਚ ਕਿੰਨੇ ਗਲਤ ਵਿਅਕਤੀਤਵ ਨਾਲ ਉਹ ਜੁੜ ਗਈ ਸੀ।

ਹੁਣ ਉਸ ਨੂੰ ਅਗਲੀ ਸਵੇਰ ਦੀ ਇੰਤਜ਼ਾਰ ਸੀ, ਜਦ ਚਮੇਲੀ ਦੇ ਫੁੱਲ ਦੀ ਖੁਸ਼ਬੂ ਵਿੱਚ ਉਹ ਗੁਲਾਬ ਦੇ ਕੰਡਿਆਂ ਦੀ ਚੁਭਣ ਭੁਲਾ ਕੇ ਆਪਣੀ ਜ਼ਿੰਦਗੀ ਨਵੇਂ ਸਿਰਿਓਂ ਸ਼ੁਰੂ ਕਰ ਸਕੇਗੀ।

✪✪✪